Punjabi Parwaz

# ਪੰਜਾਬੀ ਪਰਵਾਜ਼

ਅੰਕ 55ਵਾਂ (ਸ਼ਿਕਾਗੋ): 21 ਜੂਨ ਤੋਂ 4 ਜੁਲਾਈ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਜਮਹੂਰੀਅਤ ਦੇ ਨਾਂ ਹੇਠ ਮਜਬੂਤ ਹੁੰਦੀ ਤਾਨਾਸ਼ਾਹੀ

**ਜਸਵੀਰ ਸਿੰਘ ਸ਼ੀਰੀ**

ਭਾਜਪਾ ਵੱਲੋਂ ਪਿਛਲੇ ਕਾਫੀ ਸਮੇਂ ਤੋਂ 'ਇੱਕ ਦੇਸ਼, ਇੱਕ ਚੋਣ' ਦੇ ਨਾਂ ਹੇਠ ਇੱਕ ਅਜਿਹਾ ਏਜੰਡਾ ਅੱਗੇ ਵਧਾਇਆ ਜਾ ਰਿਹਾ ਹੈ, ਜਿਸ ਰਾਹੀਂ ਇੱਕ ਸੀਮਤ ਜਿਹੀ ਸਮਾਜਿਕ-ਜਨਤਕ ਜਮਹੂਰੀਅਤ ਨੂੰ ਖਤਮ ਕਰਨ ਦਾ ਰਾਹ ਪੱਧਰਾ ਹੋ ਰਿਹਾ ਹੈ। ਇਹ ਅਸਲ ਵਿੱਚ ਸਾਰੇ ਹਿੰਦੁਸਤਾਨ ਨੂੰ ਇੱਕ ਪ੍ਰਸ਼ਾਸਨਿਕ ਢਾਂਚੇ ਵਿੱਚ ਨੂੜ ਕੇ ਪਸ਼ੂਆਂ ਵਾਂਗ ਹੱਕੀ ਫਿਰਨ ਦਾ ਪ੍ਰੋਜੈਕਟ ਹੈ। ਇਹ ਵਪਾਰੀ/ਕਾਰੋਬਾਰੀ/ਸ਼ਾਹੂਕਾਰੀ ਬਿਰਤੀ ਮਨੁੱਖੀ ਸਮਾਜਾਂ ਦੀਆਂ ਸੱਭਿਆਚਾਰਕ/ਕੌਮੀ ਵਿਲੱਖਣਤਾਵਾਂ ਅਤੇ ਸਥਾਨਕ ਕੁਦਰਤ ਨਾਲ ਜੁੜੀਆਂ ਇਨ੍ਹਾਂ ਦੀਆਂ ਸੋਹਜਾਤਮਕ ਤੇ ਰੂਹਾਨੀ ਤੰਦਾਂ ਦੇ ਵਿਨਾਸ਼ ਦਾ ਰਾਹ ਹੈ। ਇਸ ਤੋਂ ਪਹਿਲਾਂ ਵੀ ਕੇਂਦਰ ਵਿੱਚ ਰਹੀਆਂ ਕਾਂਗਰਸ ਅਤੇ ਹੁਣ ਭਾਜਪਾ ਦੀਆਂ ਸਰਕਾਰਾਂ ਵੱਲੋਂ ਆਪਣੇ ਇਸ ਮਨੁੱਖੀ ਗੌਰਵ ਨੂੰ ਮਲੀਆਮੇਟ ਕਰਨ ਵਾਲੇ ਪ੍ਰੋਜੈਕਟ ਨੂੰ ਲਗਾਤਾਰ ਅੱਗੇ ਵਧਾਇਆ ਜਾਂਦਾ ਰਿਹਾ ਹੈ।

ਯਾਦ ਰਹੇ, ਸੰਘ ਦੇ ਚਿੰਤਕਾਂ ਦੇ ਇਸ਼ਾਰੇ 'ਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ 'ਇੱਕ ਦੇਸ਼, ਇੱਕ ਚੋਣ' ਦੇ ਸੰਕਲਪ ਨੂੰ ਲਾਗੂ ਕਰਨ ਲਈ ਸੰਵਿਧਾਨ ਦੀ 129ਵੀਂ ਸੋਧ ਬਾਰੇ ਬਿਲ ਪੇਸ਼ ਕੀਤਾ ਗਿਆ ਸੀ। ਬਾਅਦ ਵਿੱਚ ਵਧੇਰੇ ਵਿਚਾਰ-ਵਟਾਂਦਰੇ ਲਈ ਇਸ ਨੂੰ ਸਾਂਝੀ ਸੰਸਦੀ ਕਮੇਟੀ (ਜੇ.ਪੀ. ਸੀ.) ਕੋਲ ਭੇਜ ਦਿੱਤਾ ਗਿਆ। ਬੀਤੀ 14 ਜੂਨ ਨੂੰ ਇਸ ਬਿਲ 'ਤੇ ਸਥਾਨਕ ਸਿਆਸੀ ਪਾਰਟੀਆਂ ਨਾਲ ਵਿਚਾਰ-ਚਰਚਾ ਲਈ ਇੱਕ ਮੀਟਿੰਗ ਚੰਡੀਗੜ੍ਹ ਵਿੱਚ ਬੁਲਾਈ ਗਈ। ਇਸ ਬਿਲ ਦਾ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰੋਧ ਕੀਤਾ ਗਿਆ, ਜਦਕਿ ਭਾਜਪਾ ਆਪਣੇ ਸੁਭਾਅ ਅਨੁਸਾਰ ਹੀ ਇਸ ਦੇ ਹੱਕ ਵਿੱਚ ਭੁਗਤੀ। ਜਿਹੜੀਆਂ ਪਾਰਟੀਆਂ ਨੇ ਇਸ ਦਾ ਵਿਰੋਧ ਵੀ ਕੀਤਾ ਹੈ, ਜਦੋਂ ਉਹ ਸੱਤਾ ਵਿੱਚ ਹੋਈਆਂ ਅਤੇ ਕੇਂਦਰ ਸਰਕਾਰ ਨੇ ਵਿਰੋਧੀਆਂ ਦੀ ਰਾਏ ਨੂੰ ਨਜ਼ਰ ਅੰਦਾਜ਼ ਕਰਕੇ ਇਸ ਨੂੰ ਲਾਗੂ ਕਰਨ ਦਾ ਯਤਨ ਕੀਤਾ ਤਾਂ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਇਸ ਦਾ ਵਿਰੋਧ ਨਹੀਂ ਕਰਨਾ। ਇਨ੍ਹਾਂ ਦਾ ਵਿਰੋਧ ਸਿਰਫ ਸ਼ਬਦੀ ਜੁਗਾਲੀ ਹੈ। ਭਾਵੇਂ ਕਿ ਸਭ ਨੂੰ ਪਤਾ ਹੈ ਕਿ ਨੋਟਬੰਦੀ ਵਾਂਗ ਸਰਕਾਰ ਦੇ ਇਸ ਪ੍ਰੋਜੈਕਟ ਨੇ ਵੀ ਅਸਫਲ ਹੀ ਹੋਣਾ ਹੈ। ਭਾਜਪਾ ਦਾ ਇਹ ਪ੍ਰੋਜੈਕਟ ਅਸਲ 'ਚ ਇਸ ਮੁਲਕ ਦੀ ਵੰਨ-ਸਵੰਨੀ ਹਕੀਕਤ ਦੇ ਹੀ ਅਨੁਕੂਲ ਨਹੀਂ ਹੈ।

***ਪੰਜਾਬ ਅਤੇ ਇਸ ਦੇ ਸਭਿਆਚਾਰ ਦੀ ਹਸਤੀ ਦੇ ਬਚਾਅ ਲਈ ਇੱਥੇ ਕਿਸਾਨਾਂ ਦਾ ਬਚੇ ਰਹਿਣਾ ਬੇਹੱਦ ਜ਼ਰੂਰੀ ਹੈ। ਪੰਜਾਬ ਦੀ ਸਿਆਸੀ ਗੁੰਝਲ ਨੂੰ ਹੱਲ ਕਰਨ ਲਈ ਪਹਿਲੀ ਤੰਦ ਇੱਥੋਂ ਹੀ ਫੜੀ ਜਾ ਸਕਦੀ ਹੈ। ਇਸੇ ਕਰਕੇ ਹਿੰਦੁਸਤਾਨ ਸਮੇਤ ਸਾਰੀ ਦੁਨੀਆਂ ਦੀ ਸੱਭਿਆਚਾਰਕ, ਭਾਸ਼ਾਈ, ਖੇਤਰੀ ਅਤੇ ਕੁਦਰਤੀ ਵੰਨ-ਸਵੰਨਤਾ ਦਾ ਬਚਣਾ ਬੇਹੱਦ ਜ਼ਰੂਰੀ ਹੈ।***

1947 ਤੋਂ ਬਾਅਦ, ਪਹਿਲਾਂ ਕਾਂਗਰਸ ਅਤੇ ਫਿਰ ਭਾਜਪਾ ਦੀਆਂ ਰਹੀਆਂ ਸਰਕਾਰਾਂ ਦੇ ਵਿਚਕਾਰ ਇੱਕ ਦੌਰ ਕੁਲੀਸ਼ਨ ਸਰਕਾਰਾਂ ਦਾ ਜ਼ਰੂਰ ਰਿਹਾ ਹੈ, ਜਿਸ ਵਿੱਚ ਵੱਡੀਆਂ ਕੇਂਦਰਮੁਖੀ ਪਾਰਟੀਆਂ ਦਾ ਕੇਂਦਰੀਕਰਣ ਵਾਲਾ ਤਾਨਾਸ਼ਾਹੀ ਰਵੱਈਆ ਕੁਝ ਘਟਿਆ ਸੀ; ਪਰ ਵੱਡੀਆਂ ਪਾਰਟੀਆਂ ਨਾਲ ਸੱਤਾ ਵਿੱਚ ਸ਼ਾਮਲ ਹੋਣ ਬਾਅਦ ਖੇਤਰੀ ਪਾਰਟੀਆਂ ਦੀ ਲੀਡਰਸ਼ਿੱਪ ਵੀ ਬੇਹੱਦ ਭ੍ਰਿਸ਼ਟ ਅਤੇ ਇੱਕ ਪੁਰਖੀ ਜਾਂ ਇੱਕ ਕੋੜਮੇ ਦੀ ਹੋ ਗਈ ਹੈ। ਇਨ੍ਹਾਂ ਪਾਰਟੀਆਂ 'ਤੇ ਕੁਝ ਪਰਿਵਾਰਾਂ ਦਾ ਕਬਜ਼ਾ ਹੋ ਗਿਆ, ਜਿਹੜੇ ਸੱਤਾ ਹਾਸਲ ਕਰਨ ਤੋਂ ਬਾਅਦ ਆਪਣੇ ਨਿੱਜੀ ਕਾਰੋਬਾਰਾਂ ਨੂੰ ਅੱਗੇ ਵਧਾਉਂਦੇ ਹਨ। (ਇਸ ਪੱਖੋਂ ਦੱਖਣ ਵਾਲਿਆਂ ਦਾ ਕੁਝ ਫਰਕ ਹੈ, ਉਹ ਇੱਕ ਪੁਰਖੀ ਹੋਣ ਦੇ ਬਾਵਜੂਦ ਆਪਣੇ

⇒ ਬਾਕੀ ਸਫਾ 4 ਉਤੇ ਪੜ੍ਹੋ

*–ਲੁਧਿਆਣਾ ਪੱਛਮੀ ਜ਼ਿਮਨੀ ਚੋਣ–*

## ਕਾਂਗਰਸ, 'ਆਪ' ਅਤੇ ਭਾਜਪਾ ਵਿਚਾਲੇ ਤਿਕੋਣਾ ਮੁਕਾਬਲਾ

ਲੁਧਿਆਣਾ ਪੱਛਮੀ ਹਲਕੇ ਦੀ ਵਿਧਾਨ ਸਭਾ ਚੋਣਾਂ ਲਈ ਵੋਟਾਂ 19 ਜੂਨ ਨੂੰ ਪੈਣ ਪਿੱਛੋਂ ਗਿਣਤੀ ਅਤੇ ਨਤੀਜਾ ਐਲਾਨਣ ਦੀ ਤਰੀਕ 23 ਜੂਨ ਹੈ। ਇਸ ਚੋਣ ਵਿੱਚ ਅਕਾਲੀ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਭਾਜਪਾ ਵੱਲੋਂ ਆਰ.ਐਸ.ਐਸ. ਅਤੇ ਭਗਵਾ ਸਫਾਂ ਨਾਲ ਦੇਰ ਤੋਂ ਜੁੜੇ ਰਹੇ ਜੀਵਨ ਗੁਪਤਾ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ। ਕਾਂਗਰਸ ਪਾਰਟੀ ਵੱਲੋਂ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਰਹੇ ਭਾਰਤ ਭੂਸ਼ਨ ਇਹ ਚੋਣ ਲੜ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਆਪਣੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਚੋਣ ਲੜਾਈ ਜਾ ਰਹੀ ਹੈ। ਅਕਾਲੀ ਦਲ ਵੱਲੋਂ ਐਡਵੋਕੇਟ ਪਰਉਪਕਾਰ ਸਿੰਘ ਨੂੰ ਇਸ ਇਲਾਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।

ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਅਤੇ 'ਆਪ' ਵੱਲੋਂ ਇੱਥੇ ਉਤਾਰੇ ਗਏ ਉਮੀਦਵਾਰ ਭਾਵੇਂ ਇਸ ਇਲਾਕੇ ਵਿੱਚ ਕੋਈ ਜਨਤਕ ਆਧਾਰ ਨਹੀਂ ਰੱਖਦੇ ਹਨ, ਪਰ ਇਨ੍ਹਾਂ ਉਮੀਦਵਾਰਾਂ ਦੀਆਂ ਪਾਰਟੀਆਂ ਵੱਲੋਂ ਆਪੋ ਆਪਣੇ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਪ੍ਰਸਾਰ ਲਈ ਪੂਰਾ ਜ਼ੋਰ ਲਗਾਇਆ ਗਿਆ ਹੈ। ਯਾਦ ਰਹੇ, ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਆਗੂ ਗੁਰਪ੍ਰੀਤ ਸਿੰਘ ਗੋਗੀ ਇਸ ਸੀਟ ਤੋਂ ਜਿੱਤੇ ਸਨ, ਪਰ ਉਨ੍ਹਾਂ ਦੀ ਮੌਤ ਹੋ ਜਾਣ ਤੋਂ ਬਾਅਦ ਇਹ ਸੀਟ ਖ਼ਾਲੀ ਹੋ ਗਈ ਸੀ। ਲੁਧਿਆਣਾ ਪੱਛਮੀ ਦੇ ਇਸ ਹਲਕੇ ਵਿੱਚ ਤਕਰੀਬਨ 80 ਫੀਸਦੀ ਵੱਸੋਂ ਹਿੰਦੂ ਭਾਈਚਾਰੇ ਦੀ ਹੈ। ਕਾਂਗਰਸ ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਇਸ ਹਲਕੇ ਵਿੱਚ ਵੱਡਾ ਜਨਤਕ ਆਧਾਰ ਰੱਖਦੇ ਹਨ। ਇਹ ਵੱਖਰੀ ਗੱਲ ਹੈ ਕਿ ਉਹ ਆਪਣੇ ਖਿਲਾਫ ਕੁਝ ਭ੍ਰਿਸ਼ਟਾਚਾਰ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਹਾਲ ਹੀ ਵਿੱਚ ਜੇਲ੍ਹ ਯਾਤਰਾ ਕਰਕੇ ਬਾਹਰ ਆਏ ਹਨ। ਉਂਝ ਭ੍ਰਿਸ਼ਟਾਚਾਰ ਵਾਲੇ ਪੱਖ ਨੂੰ ਹੁਣ ਲੋਕਾਂ ਨੇ ਸਹਿਣ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਆਮ ਤੌਰ 'ਤੇ ਵੋਟ ਪਾਉਣ ਵੇਲੇ ਲੋਕ ਅਜਿਹੇ ਮਸਲਿਆਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਕੋਈ ਲੀਡਰ ਮੰਤਰੀ-ਸੰਤਰੀ ਬਣਨ ਤੋਂ ਬਾਅਦ ਆਮ ਲੋਕਾਂ ਦੀ ਪਹੁੰਚ ਵਿੱਚ ਰਹਿੰਦਾ ਹੈ ਜਾਂ ਨਹੀਂ, ਇਸ ਪੱਖ ਨੂੰ ਵਧੇਰੇ ਧਿਆਨ ਵਿੱਚ ਰੱਖਿਆ ਜਾਂਦਾ ਹੈ। ਕੁਝ ਅਖਬਾਰਾਂ ਵੱਲੋਂ ਇਸ ਕਿਸਮ ਦੀ ਚਰਚਾ ਅੱਗੇ ਵਧਾਈ ਗਈ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਵਿੱਚ ਚਲਦੀ ਰਹੀ ਪਾਟੋਧਾੜ ਕਾਰਨ ਕਾਂਗਰਸ ਪਾਰਟੀ ਦਾ ਉਮੀਦਵਾਰ ਜਿੱਤਣ ਦੀ ਹਾਲਤ ਵਿੱਚ ਨਹੀਂ ਆ ਸਕੇਗਾ, ਸਗੋਂ ਮੁੱਖ ਮੁਕਾਬਲਾ 'ਆਪ' ਅਤੇ ਭਾਜਪਾ ਵਿਚਕਾਰ ਰਹੇਗਾ। ਮੁਹਿੰਮ ਨਾਲ ਜੁੜੇ ਰਹੇ ਕਾਂਗਰਸੀ ਵਰਕਰਾਂ ਦਾ ਆਖਣਾ ਹੈ ਕਿ ਪਾਰਟੀ ਦੇ ਸੀਨੀਅਰ ਲੀਡਰਾਂ ਵਿੱਚ ਚੱਲ ਰਹੀਆਂ

⇒ ਬਾਕੀ ਸਫਾ 2 ਉਤੇ ਪੜ੍ਹੋ










# ਸਰਦਾਰ ਬਲਕਾਰ ਸਿੰਘ ਢਿੱਲੋਂ ਨਹੀਂ ਰਹੇ...

**ਸ਼ਿਕਾਗੋ:** ਸਥਾਨਕ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਰਦਾਰ ਬਲਕਾਰ ਸਿੰਘ ਢਿੱਲੋਂ ਨਹੀਂ ਰਹੇ। ਉਹ ਹਾਲ ਹੀ ਵਿੱਚ ਪੰਜਾਬ ਤੋਂ ਮੁੜੇ ਸਨ ਅਤੇ ਇੱਥੇ ਆ ਕੇ ਬਿਮਾਰ ਹੋ ਗਏ। ਉਹ ਹਸਪਤਾਲ ਵਿੱਚ ਜੇਰੇ ਇਲਾਜ ਸਨ, ਪਰ ਲੰਘੀ 16 ਜੂਨ ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਉਹ ਕਰੀਬ 79 ਸਾਲਾਂ ਦੇ ਸਨ ਅਤੇ ਵ੍ਹੀਲਿੰਗ ਵਿੱਚ ਰਹਿੰਦੇ ਸਨ। ਸਵਰਗੀ ਢਿੱਲੋਂ ਦਾ ਅੰਤਿਮ ਸਸਕਾਰ 21 ਜੂਨ, ਸਨਿਚਰਵਾਰ ਨੂੰ ਸਵੇਰੇ 10 ਤੋਂ ਇੱਕ ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ (950 S. Bartlett Rd.), ਬਾਰਟਲੈਟ ਵਿਖੇ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 3 ਤੋਂ 5 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਹੋਣਗੇ।

ਜ਼ਿਕਰਯੋਗ ਹੈ ਕਿ ਸਰਦਾਰ ਬਲਕਾਰ ਸਿੰਘ ਢਿੱਲੋਂ ਪੰਜਾਬ ਦੇ ਪਿੰਡ ਠੱਠੀ ਖਾਰਾ (ਤਰਨ ਤਾਰਨ) ਤੋਂ ਸਨ ਅਤੇ ਅਮੈਰਿਕਾ ਉਹ ਕਰੀਬ 45 ਸਾਲਾਂ ਤੋਂ ਰਹਿੰਦੇ ਆ ਰਹੇ ਸਨ। ਇਸ ਤੋਂ ਪਹਿਲਾਂ ਉਹ ਹਾਂਗਕਾਂਗ ਵੀ ਰਹੇ। ਇੱਥੇ ਆ ਕੇ ਉਨ੍ਹਾਂ ਨੇ ਕਾਫੀ ਸਮਾਂ ਵਧੀਆ ਜੌਬ ਕੀਤੀ। ਫਿਰ ਕੁਝ ਸਮਾਂ ਉਨ੍ਹਾਂ ਸਕੂਲ ਬੱਸ ਚਲਾਈ ਅਤੇ ਪਿਛਲੇ ਕਾਫੀ ਸਮੇਂ ਤੋਂ ਆਪਣਾ ਲਿਮੋ ਟੈਕਸੀ ਦਾ ਕਾਰੋਬਾਰ ਚਲਾ ਰਹੇ ਸਨ। ਜਦੋਂ ਪਹਿਲ-ਪਲੱਕੜਿਆਂ ਵਿੱਚ ਗੁਰਦੁਆਰਾ ਪੈਲਾਟਾਈਨ ਬਣਿਆ, ਉਦੋਂ ਵੀ ਉਨ੍ਹਾਂ ਆਪਣੀਆਂ ਸੇਵਾਵਾ ਪ੍ਰਦਾਨ ਕੀਤੀਆਂ। ਉਹ ਗੁਰੂ ਘਰ ਦੇ ਬੋਰਡ ਮੈਂਬਰ ਵੀ ਬਣੇ। ਆਪਣੇ ਜੀਵਨ ਵਿੱਚ ਮਿਹਨਤ ਕਰਦਿਆਂ ਉਹ ਪਰਿਵਾਰ ਲਈ ਥੰਮ੍ਹ ਬਣ ਕੇ ਵਿਚਰੇ।

ਉਹ ਇੱਕ ਪਿਆਰੇ ਪਤੀ ਅਤੇ ਜ਼ਿੰਮੇਵਾਰ ਭਰਾ ਤਾਂ ਸਨ ਹੀ, ਇੱਕ ਸਮਰਪਿਤ ਪਿਤਾ ਵੀ ਸਨ, ਜਿਨ੍ਹਾਂ ਨੇ ਆਪਣੇ ਬੱਚਿਆਂ ਵਿੱਚ ਇਮਾਨਦਾਰੀ ਅਤੇ ਸਾਰਿਆਂ ਲਈ ਸਤਿਕਾਰ ਦੀਆਂ ਕਦਰਾਂ-ਕੀਮਤਾਂ ਪੈਦਾ ਕੀਤੀਆਂ। ਉਹ ਖੁਸ਼ਮਿਜ਼ਾਜ, ਉਦਾਰ, ਦਿਆਲੂ, ਕਿਫ਼ਾਇਤੀ ਸਨ ਅਤੇ ਆਪਣੇ ਦੋਹਤੇ-ਦੋਹਤੀਆਂ ਲਈ ਮਾਣ ਸਨ। ਇਸ ਤੋਂ ਇਲਾਵਾ ਉਹ ਦਿਲਦਾਰ ਦੋਸਤ ਤੇ ਵਧੀਆ ਇਨਸਾਨ ਸਨ। ਉਹ ਪਿੱਛੇ ਪਤਨੀ ਸੁਰਿੰਦਰ ਕੌਰ, ਦੋ ਧੀਆਂ ਤੇ ਜਵਾਈ ਅਤੇ ਇੱਕ ਪੁੱਤਰ (ਅਮਨ ਢਿੱਲੋਂ, ਟੀਨਾ ਕੌਰ ਅਤੇ ਕੇਵਿਨ ਸਿੰਘ) ਤੋਂ ਇਲਾਵਾ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ, ਜੋ ਆਪਣੇ ਜੀਵਨ ਵਿੱਚ ਚੰਗੀਆਂ ਜੌਬਾਂ ਅਤੇ ਕਾਰੋਬਾਰ ਕਰ ਰਹੇ ਹਨ। ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਨੂੰ ਪੜਨਾਨਾ ਬਣਨ ਦਾ ਸੁਭਾਗ ਵੀ ਪ੍ਰਾਪਤ ਹੋਇਆ।



ਸਵਰਗੀ ਬਲਕਾਰ ਸਿੰਘ ਢਿੱਲੋਂ ਦੇ ਇੱਕ ਕਰੀਬੀ ਮਿੱਤਰ ਅਤੇ ਲੰਮੇ ਸਮੇਂ ਤੋਂ ਉਨ੍ਹਾਂ ਦੇ ਗੁਆਂਢੀ ਰਹੇ ਦਰਸ਼ਨ ਸਿੰਘ ਪੰਮਾ ਨੇ ਦੱਸਿਆ ਕਿ ਢਿੱਲੋਂ ਸਾਹਿਬ ਭਾਈਚਾਰੇ ਵਿੱਚ ਅਸਰ-ਰਸੂਖ ਤੇ ਠੰਡੇ ਸੁਭਾਅ ਵਾਲੇ ਇਨਸਾਨ ਸਨ ਅਤੇ ਹਰ ਛੋਟੇ-ਵੱਡੇ ਨੂੰ ਨਿਮਰਤਾ ਨਾਲ ਮਿਲਦੇ। ਬੱਚਿਆਂ ਨਾਲ ਬੱਚੇ ਜਾਂ ਦੋਸਤ ਬਣ ਜਾਣਾ ਅਤੇ ਸਿਆਣਿਆਂ ਨਾਲ ਸਿਆਣੇ ਹੋ ਜਾਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਸੀ। ਉਨ੍ਹਾਂ ਦਾ ਬਾਬਾ ਬੁੱਢਾ ਜੀ ਵਿੱਚ ਪੂਰਨ ਵਿਸ਼ਵਾਸ ਸੀ। ਉਨ੍ਹਾਂ ਨੂੰ ਜਾਨਣ ਵਾਲਿਆਂ ਵਿੱਚੋਂ ਬਹੁਤਿਆਂ ਦਾ ਇਹੋ ਕਹਿਣਾ ਹੈ ਕਿ, 'ਬਲਕਾਰ ਭਾਅ ਦਿਲਦਾਰ ਬੰਦਾ ਸੀ।...ਉਹ ਯਾਰਾਂ ਦਾ ਯਾਰ ਸੀ।' ਜਿਨ੍ਹਾਂ ਨਾਲ ਸਵਰਗੀ ਢਿੱਲੋਂ ਦੀ ਉਠਣੀ-ਬਹਿਣੀ ਸੀ, ਉਨ੍ਹਾਂ ਨਾਲ ਉਨ੍ਹਾਂ ਦੀ ਬੁੱਕਲ ਸਾਂਝੀ ਸੀ ਤੇ ਉਹ ਉਨ੍ਹਾਂ ਦੇ ਕੁਝ ਮਾਮਲਿਆਂ ਵਿੱਚ ਹਮਰਾਜ਼ ਵੀ ਸਨ।

ਜਦੋਂ ਮੈਂ ਅਖਬਾਰ 'ਪੰਜਾਬੀ ਪਰਵਾਜ਼' ਸ਼ੁਰੂ ਕੀਤਾ ਤਾਂ ਮੇਰੀ ਪਿੱਠ ਥਾਪੜਨ ਵਾਲਿਆਂ ਵਿੱਚੋਂ ਢਿੱਲੋਂ ਅੰਕਲ ਵੀ ਇੱਕ ਸਨ। ਉਹ ਜਦੋਂ ਵੀ ਮੈਨੂੰ ਮਿਲਦੇ, ਹੌਸਲਾ ਦਿੰਦੇ ਕਿ 'ਮਿਹਨਤ ਕਰੀ ਚੱਲ, ਬਾਬਾ ਭਲੀ ਕਰੂ।' ਉਨ੍ਹਾਂ ਨੂੰ ਮਿਲਦਿਆਂ ਆਪਣੇਪਨ ਦਾ ਅਹਿਸਾਸ ਹੁੰਦਾ। ਉਹ ਮੇਰੇ ਪਿਤਾ ਤੋਂ ਉਮਰ ਵਿੱਚ ਵੱਡੇ ਹੋਣ ਕਾਰਨ ਮੈਂ ਅਕਸਰ ਉਨ੍ਹਾਂ ਨੂੰ ਸਤਿਕਾਰ ਦੇਣ ਦੇ ਨਜ਼ਰੀਏ ਤੋਂ ਉਨ੍ਹਾਂ ਦੇ ਗੋਡੀਂ ਹੱਥ ਲਾਉਣ ਦੀ ਕੋਸ਼ਿਸ਼ ਕਰਦਾ, ਪਰ ਢਿੱਲੋਂ ਅੰਕਲ ਮੇਰੇ ਹੱਥ ਫੜ੍ਹ ਲੈਂਦੇ ਤੇ ਪੈਰ ਪਿਛਾਂਹ ਨੂੰ ਸਰਕਾਉਂਦਿਆਂ 'ਵਾਹਿਗੁਰੂ ਵਾਹਿਗੁਰੂ' ਬੋਲ ਪੈਂਦੇ; ਤੇ ਨਾਲ ਹੀ ਕਹਿੰਦੇ, 'ਇਹ ਕੰਮ ਨਾ ਕਰਿਆ ਕਰ।' ਗੱਲੀਂਬਾਤੀ ਉਨ੍ਹਾਂ ਨਾਲ ਸਹਿਜ ਹੋਣ ਕਾਰਨ ਮੈਂ ਮਜ਼ਾਕ ਵਿੱਚ ਕਹਿ ਦੇਣਾ, "ਅੰਕਲ! ਮੈਂ ਤਾਂ ਤੁਹਾਡੇ ਗੋਡੇ ਚੈੱਕ ਕਰਦਾ ਸੀ ਕਿ ਹੁਣ ਠੀਕ ਨੇ!" ਅਸਲ ਵਿੱਚ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਗੋਡਿਆਂ ਵਿੱਚ ਦਰਦ ਦੀ ਸ਼ਿਕਾਇਤ ਹੋ ਗਈ ਸੀ। ਉਨ੍ਹਾਂ ਇਲਾਜ ਲਈ ਇੱਧਰ-ਉਧਰ ਹੱਥ-ਪੱਲੇ ਮਾਰੇ, ਪਰ ਅਖੀਰ ਉਨ੍ਹਾਂ ਨੂੰ ਧਰਵਾਸ ਦੇਸੀ ਨੁਸਖੇ ਨਾਲ ਤਿਆਰ ਕੀਤੀ 'ਫੱਕੀ' ਨਾਲ ਮਿਲਦਾ। ਗੋਡਿਆਂ ਨੂੰ ਅਰਾਮ ਮਿਲਣ ਕਾਰਨ ਉਹ ਗੁਰੂਘਰ ਆਏ ਹੋਰ ਗੋਡਿਆਂ ਦੇ ਦਰਦ ਤੋਂ ਪੀੜਤ ਜਾਣਕਾਰਾਂ ਨੂੰ ਨੁਸਖਾ ਦੱਸਦੇ ਤੇ ਨਾਲ ਹੀ ਆਖਦੇ, 'ਬਾਬਾ ਭਲੀ ਕਰੂ।'

ਇੱਕ ਵਾਰ ਮੈਨੂੰ ਕੁਝ ਕਾਗਜ਼ਾਂ ਨੂੰ ਨੋਟਰੀ ਕਰਵਾਉਣ ਦੀ ਲੋੜ ਪੈ ਗਈ। ਮੈਨੂੰ ਪਤਾ ਸੀ ਕਿ ਢਿੱਲੋਂ ਅੰਕਲ ਸਰਟੀਫਾਈਡ ਨੋਟਰੀ ਪਬਲਿਕ ਹਨ। ਮੈਂ ਫੋਨ ਕੀਤਾ ਤਾਂ ਉਨ੍ਹਾਂ ਮੈਨੂੰ ਵ੍ਹੀਲਿੰਗ ਵਿੱਚ ਡੰਡੀ ਰੋਡ 'ਤੇ ਪੈਂਦੇ ਮੈਕਡੌਨਲਡ'ਸ ਆਉਣ ਦਾ ਸਮਾਂ ਦੇ ਦਿੱਤਾ। ਆਪਣੀ ਜਾਚੇ ਮੈਂ ਮਿੱਥੇ ਸਮੇਂ ਤੋਂ 8-10 ਮਿੰਟ ਪਹਿਲਾਂ ਪਹੁੰਚ ਗਿਆ। ਮੈਂ ਪਾਰਕਿੰਗ ਲਾਟ 'ਚ ਉਡੀਕ ਕਰਨ ਲੱਗਾ, ਪਰ ਇੰਨੇ ਨੂੰ ਬਲਕਾਰ ਅੰਕਲ ਨੇ ਫੋਨ ਕਰ ਕੇ ਅੰਦਰ ਬੁਲਾ ਲਿਆ। ਪਹਿਲਾਂ ਅਸੀਂ ਕੌਫੀ ਲਈ ਤੇ ਫਿਰ ਬਹਿ ਕੇ ਕੌਫੀ ਦੀਆਂ ਚੁਸਕੀਆਂ ਭਰਦਿਆਂ ਕਰੀਬ ਅੱਧਾ ਘੰਟਾ ਗੱਲਾਂ ਕਰਦੇ ਰਹੇ। ਫਿਰ ਉਨ੍ਹਾਂ ਆਪਣੀ ਜੇਬ ਵਿੱਚੋਂ ਲਾਇਸੈਂਸੀ ਸਟੈਂਪ ਕੱਢ ਕੇ ਮੇਰੇ ਅੱਗੇ ਰੱਖ ਦਿੱਤੀ ਤੇ ਬੋਲੇ, 'ਪੁੱਤਰਾ ਆਪੇ ਲਾ ਲੈ, ਮੈਂ ਘੁੱਗੀ ਮਾਰੂ ਚੱਲੂੰ।' ਉਦੋਂ ਉਨ੍ਹਾਂ ਕੁਝ ਨਸੀਹਤਾਂ ਵੀ ਕੀਤੀਆਂ। ਮੇਰੀ ਪਤਨੀ ਦੇ ਪੇਕੇ ਢਿੱਲੋਂ ਪਰਿਵਾਰ ਵਿੱਚੋਂ ਹੋਣ ਕਰ ਕੇ ਬਲਕਾਰ ਅੰਕਲ ਉਸ ਨੂੰ 'ਗੁੱਡੀ' ਆਖ ਧੀਆਂ ਵਾਲਾ ਪਿਆਰ ਦਿੰਦੇ ਅਤੇ ਜਦੋਂ ਕਦੇ ਵੀ ਉਸ ਨੂੰ ਮਿਲਦੇ ਤਾਂ ਕਿਸੇ ਕਿਸਮ ਦੀ ਲੋੜ ਸਮੇਂ ਬੇਝਿਜਕ ਕਹਿ ਦੇਣ ਦੀ ਤਾਕੀਦ ਕਰਦੇ।

ਪਿਛਲੇ ਸਾਲ 'ਪੰਜਾਬੀ ਪਰਵਾਜ਼ ਨਾਈਟ' ਲਈ ਸੱਦਾ ਭੇਜਣ ਲਈ ਉਨ੍ਹਾਂ ਨੇ ਕਈ ਨਾਂ ਸੁਝਾਏ ਸਨ। ਇਸ ਵਾਰ ਦੇ ਅਖਬਾਰ ਦੇ ਸਮਾਗਮ ਲਈ ਵੀ ਉਨ੍ਹਾਂ ਦੇ ਬੋਲ ਸਨ, "ਖਿੱਚ ਕੇ ਰੱਖ ਕੰਮ ਨੂੰ, ਬਾਬਾ ਭਲੀ ਕਰੂ।" ਪਿੱਛੇ ਜਿਹੇ ਕਿਸੇ ਕੰਮ ਦੇ ਸਿਲਸਿਲੇ ਵਿੱਚ ਮੈਂ ਉਨ੍ਹਾਂ ਨੂੰ ਦੋ ਵਾਰ ਫੋਨ ਕੀਤਾ। ਉਨ੍ਹਾਂ ਦੀ ਮੁੜਵੀਂ ਕਾਲ ਨਾ ਆਉਣ 'ਤੇ ਮੈਂ ਟੈਕਸਟ ਮੈਸੇਜ ਵੀ ਛੱਡਿਆ, ਪਰ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਦੇ ਇੱਕ ਮਿੱਤਰ ਜਸਬੀਰ ਸਿੰਘ ਰੰਧਾਵਾ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆ ਕਿ "ਭਾਅ ਤਾਂ ਪਿੰਡ ਗਿਆ ਹੋਇਆ, ਤੂੰ ਏਥੋਂ ਦੇ ਦਿਨ ਵੇਲੇ ਫੋਨ ਕਰਦਾ, ਉਨ੍ਹਾਂ ਕਿੱਥੋਂ ਚੁੱਕ ਲੈਣਾ ਸੀ!" ਢਿੱਲੋਂ ਅੰਕਲ ਨਾਲ ਤਾਂ ਗੱਲ ਨਾ ਹੋ ਸਕੀ, ਪਰ 16 ਜੂਨ ਨੂੰ ਦਰਸ਼ਨ ਪੰਮੇ ਭਾਅ ਜੀ ਦਾ ਫੋਨ ਆ ਗਿਆ, "ਬਾਬੇ! ਬਲਕਾਰ ਢਿੱਲੋਂ ਚੜ੍ਹਾਈ ਕਰ ਗਏ...।"

***-ਕੁਲਜੀਤ ਦਿਆਲਪੁਰੀ***

## ਲੁਧਿਆਣਾ ਪੱਛਮੀ ਜ਼ਿਮਨੀ ਚੋਣ

ਆਪਸੀ ਨਾਰਾਜ਼ਗੀਆਂ ਦੇ ਬਾਵਜੂਦ ਆਸ਼ੂ ਦੇ ਆਪਣੇ ਗਰੁੱਪ ਨੇ ਪ੍ਰਚਾਰ ਮੁਹਿੰਮ ਬੜੇ ਜ਼ੋਰਦਾਰ ਢੰਗ ਨਾਲ ਚਲਾਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਆਮ ਅਦਮੀ ਪਾਰਟੀ ਦੇ ਖਿਲਾਫ ਪੰਜਾਬ ਦੇ ਲੋਕਾਂ ਵਿੱਚ ਫੈਲੀ ਨਾਰਾਜ਼ਗੀ ਉਨ੍ਹਾਂ ਦੇ ਪੱਖ ਵਿੱਚ ਭੁਗਤੇਗੀ। ਉਂਝ ਆਖਰੀ ਦੌਰ ਵਿੱਚ ਆਣ ਕੇ ਕਾਂਗਰਸ ਪਾਰਟੀ ਦੇ ਸਾਰੇ ਸੀਨੀਅਰ ਲੀਡਰ ਭਾਰਤ ਭੂਸ਼ਨ ਦੇ ਪੱਖ ਵਿੱਚ ਉੱਤਰ ਆਏ ਸਨ। ਭਾਵੇਂ ਸੁਖਬੀਰ ਸਿੰਘ ਬਾਦਲ ਨੇ ਆਪਣੇ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰਦਿਆਂ ਐਲਾਨ ਕੀਤਾ ਹੈ ਕਿ ਸਾਰੇ ਤਬਕਿਆਂ ਦੇ ਲੋਕ ਅਕਾਲੀ ਦਲ ਦੇ ਉਮੀਦਵਾਰ ਨੂੰ ਵੋਟ ਪਾਉਣਗੇ, ਪਰ ਲਗਦਾ ਇਹ ਹੈ ਕਿ ਅਕਾਲੀ ਦਲ ਦੇ ਆਪਣੇ ਧਾਰਮਿਕ-ਸਿਆਸੀ ਉਲਝੇਵਿਆਂ ਕਾਰਨ ਹਾਲੇ ਲੋਕਾਂ, ਖਾਸ ਕਰਕੇ ਸਿੱਖ ਤਬਕਾ ਅਕਾਲੀ ਦਲ ਤੋਂ ਨਾਰਾਜ਼ ਹੈ ਅਤੇ ਉਹ ਵੋਟਾਂ ਖੱਟਣ ਦੇ ਮਾਮਲੇ ਵਿੱਚ ਸਭ ਤੋਂ ਪਿੱਛੇ ਰਹੇਗਾ। ਅਸਲ ਵਿੱਚ ਇਸ ਸੀਟ 'ਤੇ ਭਾਜਪਾ, 'ਆਪ' ਅਤੇ ਕਾਂਗਰਸ ਵਿੱਚ ਤਿਕੋਣਾ ਮੁਕਾਬਲਾ ਹੈ। ਅਕਾਲੀਆਂ ਨੂੰ ਆਸ ਹੈ ਕਿ ਖੇਤਰੀ ਪਾਰਟੀ ਹੋਣ ਕਾਰਨ ਲੋਕ ਉਨ੍ਹਾਂ ਦੇ ਹੱਕ ਵਿੱਚ ਭੁਗਤਣਗੇ। ਇਹ ਪੱਖ ਵੀ ਅਕਾਲੀ ਦਲ ਨੂੰ ਪ੍ਰਭਾਵਤ ਕਰੇਗਾ ਕਿ ਭਾਜਪਾ ਇਸ ਵਾਰ ਵੱਖਰੇ ਤੌਰ 'ਤੇ ਚੋਣ ਲੜ ਰਹੀ ਹੈ।

ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਗੁਪਤਾ ਭਾਜਪਾ ਅਤੇ ਸੰਘ ਦੀਆਂ ਅੰਦਰੂਨੀ ਸਫਾਂ ਵਿੱਚ ਤਾਂ ਜਾਣਿਆ-ਪਛਾਣਿਆ ਚਿਹਰਾ ਹਨ, ਪਰ ਵੱਡੇ ਜਨਤਕ ਆਧਾਰ ਵਾਲੇ ਲੀਡਰ ਉਹ ਵੀ ਨਹੀਂ ਹਨ। ਚੋਣ ਵੀ ਉਹ ਪਹਿਲੀ ਵਾਰ ਲੜ ਰਹੇ ਹਨ, ਪਰ ਉਨ੍ਹਾਂ ਨੂੰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅਤੇ ਸਥਾਨਕ ਆਗੂਆਂ ਦੀ ਪੂਰਨ ਹਮਾਇਤ ਹੈ। ਉਂਝ ਵੀ ਅੱਜ ਦੀ ਤਾਰੀਕ ਵਿੱਚ ਭਾਜਪਾ ਹੀ ਇੱਕੋ ਇੱਕ ਕਾਡਰ ਆਧਾਰ ਪਾਰਟੀ ਹੈ। ਉਨ੍ਹਾਂ ਦੇ ਹੱਕ ਵਿੱਚ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਵੀ ਪ੍ਰਚਾਰ ਕਰ ਕੇ ਗਏ ਹਨ। ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਨੇ ਉਨ੍ਹਾਂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ ਹੈ। ਯਾਦ ਰਹੇ, ਜੀਵਨ ਗੁਪਤਾ ਪੰਜਾਬ ਭਾਜਪਾ ਦੇ ਉੱਪ ਪ੍ਰਧਾਨ, ਜਨਰਲ ਸਕੱਤਰ ਅਤੇ ਸਕੱਤਰ ਰਹਿ ਚੁੱਕੇ ਹਨ। 2027 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਇਸ ਚੋਣ ਨੂੰ ਚੁਣੌਤੀ ਵਜੋਂ ਲੈ ਰਹੀ ਹੈ। ਅਗਲੀਆਂ ਵਿਧਾਨ ਸਭਾ ਚੋਣਾਂ 'ਤੇ ਇਸ ਸੀਟ ਦੇ ਨਤੀਜੇ ਦਾ ਅਸਰ ਪੈਣ ਦੀ ਸੰਭਾਵਨਾ ਦੇ ਮੱਦੇਨਜ਼ਰ ਸਾਰੀਆਂ ਪਾਰਟੀਆਂ ਨੇ ਇਸ ਚੋਣ ਨੂੰ ਵੱਕਾਰ ਦਾ ਸਵਾਲ ਬਣਾਇਆ ਹੈ।

ਜੇ ਸਾਰੀਆਂ ਪਾਰਟੀਆਂ ਦਾ ਤੁਲਨਾਤਮਕ ਅਧਿਅਨ ਕੀਤਾ ਜਾਵੇ ਤਾਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਸਾਰਿਆਂ 'ਤੇ ਭਾਰੂ ਪੈਂਦੇ ਵਿਖਾਈ ਦੇ ਰਹੇ ਹਨ। ਜੇ ਉਹ ਇਹ ਸੀਟ ਕੱਢਣ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਇੱਕ ਪਾਸੇ ਤਾਂ ਕਾਂਗਰਸ ਪਾਰਟੀ ਨੂੰ 2027 ਦੀ ਵਿਧਾਨ ਸਭਾ ਚੋਣ ਵਿੱਚ ਮੁੜ ਸੱਤਾ ਹਾਸਲ ਕਰਨ ਦੀ ਆਸ ਬਣ ਸਕਦੀ ਹੈ। ਇਸ ਨਾਲ ਪਾਰਟੀ ਦੇ ਲੀਡਰਾਂ ਵਿੱਚ ਇਕਸੁਰਤਾ ਵੀ ਵਧ ਸਕਦੀ ਹੈ। ਫਿਰ ਵੀ ਅਗਲੀ ਵਾਰ ਮੁੱਖ ਮੰਤਰੀ ਬਣਨ ਲਈ ਇਕ-ਦੂਜੇ ਨੂੰ ਡੌਮੀਨੇਟ ਕਰਨ ਦਾ ਬੈਕ ਚੈਨਲ ਸੰਘਰਸ਼ ਚਲਦਾ ਹੀ ਰਹੇਗਾ। ਉਂਝ ਆਮ ਤੌਰ 'ਤੇ ਸਥਾਨਕ ਸੱਤਾ ਹੱਥ ਵਿੱਚ ਹੋਣ ਕਾਰਨ ਆਮ ਤੌਰ 'ਤੇ ਸੱਤਾਧਾਰੀ ਪਾਰਟੀਆਂ ਜ਼ਿਮਨੀ ਚੋਣ ਜਿੱਤ ਜਾਂਦੀਆਂ ਹਨ; ਪਰ ਬੇਅੰਤ ਸਿੰਘ ਸਰਕਾਰ ਵੇਲੇ ਗਿੱਦੜਬਾਹਾ ਤੋਂ ਥੋੜ੍ਹੇ ਜਿਹੇ ਫਰਕ ਨਾਲ ਮਨਪ੍ਰੀਤ ਸਿੰਘ ਬਾਦਲ ਚੋਣ ਜਿੱਤ ਗਏ ਸਨ। ਇਸ ਜਿੱਤ ਨੇ 1997 ਵਿੱਚ ਅਕਾਲੀ ਸਰਕਾਰ ਦੀ ਵਾਪਸੀ ਤੈਅ ਕਰ ਦਿੱਤੀ ਸੀ।

ਆਮ ਆਦਮੀ ਪਾਰਟੀ ਵੱਲੋਂ ਕਾਫੀ ਸਮਾਂ ਪਹਿਲਾਂ ਇਸ ਚੋਣ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਸੀ। ਇਸ ਕਾਰਨ ਉਨ੍ਹਾਂ ਦੀ ਚੋਣ ਮੁਹਿੰਮ ਵੀ ਸਭ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ। 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਇਸ ਚੋਣ ਮੁਹਿੰਮ ਲਈ ਵਾਹਵਾ ਜ਼ੋਰ ਲਗਾਇਆ ਹੈ। ਸ਼ੁਰੂ 'ਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੀ ਗੇੜਾ ਮਾਰ ਗਏ ਸਨ, ਪਰ ਬਾਅਦ ਵਿੱਚ ਉਹ ਵੇਖਣ ਨੂੰ ਨਹੀਂ ਮਿਲੇ। ਭਾਵੇਂ ਕਿ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਇੱਥੇ ਪ੍ਰਚਾਰ ਕਰਦੀ ਰਹੀ ਹੈ। 'ਆਪ' ਦੇ ਸਟੇਟ ਪਾਰਟੀ ਪ੍ਰਧਾਨ ਅਮਨ ਅਰੋੜਾ ਦੀ ਵੀ ਵਾਹਵਾ ਵਾਹ ਲੱਗੀ ਹੈ।

ਯਾਦ ਰਹੇ, 2024 ਦੀ ਲੋਕ ਸਭਾ ਚੋਣ ਵਿੱਚ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਇਸ ਹਲਕੇ ਤੋਂ ਸਭ ਤੋਂ ਵੱਧ (45,424) ਵੋਟਾਂ ਪਈਆਂ ਸਨ; ਜਦਕਿ ਕਾਂਗਰਸ ਪਾਰਟੀ ਦੇ ਲੋਕ ਸਭਾ ਵਿੱਚ ਉਮੀਦਵਾਰ ਅਮਰਿੰਦਰ ਸਿੰਘ ਰਾਜਾਵੜਿੰਗ ਨੂੰ 30,889 ਵੋਟਾਂ ਪਈਆਂ ਸਨ। ਲੋਕ ਸਭਾ ਚੋਣ ਵਿੱਚ 'ਆਪ' ਅਤੇ ਅਕਾਲੀ ਉਮੀਦਵਾਰ ਕਾਫੀ ਪਛੜ ਗਏ ਸਨ। 2022 ਦੀਆਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਗੋਗੀ 40,000 ਤੋਂ ਵੱਧ ਵੋਟਾਂ ਲੈ ਕੇ ਜਿੱਤੇ ਸਨ। ਕਾਂਗਰਸ ਪਾਰਟੀ ਦੇ ਆਸ਼ੂ ਨੂੰ 32,931 ਵੋਟਾਂ ਮਿਲੀਆਂ ਸਨ। ਭਾਜਪਾ ਦਾ ਉਮੀਦਵਾਰ ਇਨ੍ਹਾਂ ਚੋਣਾਂ ਵਿੱਚ ਤੀਜੇ ਨੰਬਰ 'ਤੇ ਰਿਹਾ ਸੀ। ਉਸ ਨੂੰ 28,107 ਵੋਟਾਂ ਪ੍ਰਾਪਤ ਹੋਈਆਂ ਸਨ। ਅਕਾਲੀ ਦਲ ਵੱਲੋਂ ਲੁਧਿਆਣਾ ਪੱਛਮੀ ਦੀ ਸੀਟ 1997 ਅਤੇ 2007 ਵਿੱਚ, ਦੋ ਵਾਰ ਜਿੱਤੀ ਗਈ ਹੈ; ਪਰ ਦੋਨੋ ਵਾਰ ਅਕਾਲੀ-ਭਾਜਪਾ ਗਠਜੋੜ ਮੌਜੂਦ ਸੀ, ਜਦਕਿ ਹੁਣ ਸਥਿਤੀ ਇਸ ਪੱਖੋਂ ਬਦਲ ਗਈ ਹੈ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਖੋ-ਵੱਖ ਇਸ ਸੀਟ 'ਤੇ ਆਪਣੀ ਕਿਸਮਤ ਅਜ਼ਮਾ ਰਹੇ ਹਨ।


Atlantis Banquets


Under New Management With New Glance of Experience.


1273 North Rand Road, Arlington Heights, IL 60004

Ph: 847-259-0013

Cell: 773-225-4123 / 847-708-4997

atlantisbanquetsrr@gmil.com atlantisbanquet.com



ATLANTIS BANQUETS

*Features*

Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਕੈਨੇਡਾ ਜੀ-7 ਸੰਮੇਲਨ: ਸਾਂਝੇ ਐਲਾਨਾਮੇ ਦੇ ਆਸਾਰ ਮੱਧਮ

**ਪੰਜਾਬੀ ਪਰਵਾਜ਼ ਬਿਊਰੋ**

ਰੂਸ-ਯੂਕਰੇਨ ਅਤੇ ਗਾਜ਼ਾ ਵਿੱਚ ਲੱਗੀਆਂ ਜੰਗਾਂ ਕਾਰਨ ਸਾਰੀ ਦੁਨੀਆਂ ਦੇ ਸਿਆਸੀ ਹਲਕਿਆਂ ਅਤੇ ਆਰਥਿਕ ਖੇਤਰ ਵਿੱਚ ਇੱਕ ਖਾਸ ਕਿਸਮ ਦੀ ਅਨਿਸ਼ਚਿਤਤਾ ਹੈ ਤਾਂ ਪਹਿਲਾਂ ਹੀ ਮੌਜੂਦ ਸੀ, ਪਰ ਇਰਾਨ ਅਤੇ ਇਜ਼ਰਾਇਲ ਵਿਚਕਾਰ ਦੁਨੀਆਂ ਦੇ 7 ਸਭ ਤੋਂ ਵਿਕਸਿਤ ਮੁਲਕਾਂ- ਅਮਰੀਕਾ, ਬਰਤਾਨੀਆ, ਫਰਾਂਸ, ਜਪਾਨ, ਜਰਮਨੀ, ਇਟਲੀ ਅਤੇ ਯੂਰਪੀਅਨ ਯੂਨੀਅਨ 'ਤੇ ਆਧਾਰਤ ਸੰਗਠਨ ਜੀ-7 ਦੀ ਮੁਲਕਾਤ ਕੈਨੇਡਾ ਵਿੱਚ ਕੈਲਗਰੀ (ਕਨਾਸਕਿਸ) ਵਿੱਚ ਹੋ ਰਹੀ ਹੈ। ਇਸ ਮੀਟਿੰਗ 'ਤੇ ਇਰਾਨ-ਇਜ਼ਰਾਇਲ ਜੰਗ ਦਾ ਪ੍ਰਛਾਵਾਂ ਭਾਰੀ ਪੈਂਦਾ ਵਿਖਾਈ ਦਿੱਤਾ। ਅਮਰੀਕਾ ਦੇ ਰਾਸ਼ਟਰਪਤੀ ਰੂਸ ਅਤੇ ਚੀਨ ਨੂੰ ਪਲੋਸ ਕੇ ਇਰਾਨ ਵਿੱਚ ਰਜ਼ੀਮ ਬਦਲਣ ਦੇ ਇੱਛੁਕ ਹਨ। ਇਸੇ ਲਈ ਉਨ੍ਹਾਂ ਚੀਨ ਅਤੇ ਰੂਸ ਨੂੰ ਜੀ-7 ਵਿੱਚ ਸ਼ਾਮਲ ਹੋਣ ਦੀ ਵਕਾਲਤ ਕੀਤੀ। ਪਿੱਛੋਂ ਯੂਰਪੀਅਨ ਮੁਲਕਾਂ ਨੇ ਵੀ ਜੀ-7 ਦੀ ਮੀਟਿੰਗ ਵਿੱਚ ਇਹ ਕਹਿ ਦਿੱਤਾ ਕਿ ਇਜ਼ਰਾਇਲ ਨੂੰ ਆਪਣੀ ਸੁਰੱਖਿਆ ਦਾ ਹੱਕ ਹੈ ਅਤੇ ਇਰਾਨ ਕੋਲ ਪ੍ਰਮਾਣੂ ਹਥਿਆਰ ਨਹੀਂ ਹੋਣੇ ਚਾਹੀਦੇ।

ਇਸ ਮੀਟਿੰਗ 'ਚ ਇਨ੍ਹਾਂ ਮੁਲਕਾਂ ਦੇ ਪ੍ਰਮੁੱਖ ਆਗੂਆਂ ਤੋਂ ਬਿਨਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੈਕਸੀਕੋ ਦੀ ਪ੍ਰਧਾਨ ਮੰਤਰੀ ਅਤੇ ਯੂਕਰੇਨ ਦੇ ਰਾਸ਼ਟਰਪਤੀ ਯੇਲੰਸਕੀ ਵੀ ਪੁੱਜੇ ਹੋਏ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਇਸ ਸੰਮੇਲਨ ਵਿੱਚ ਪੁੱਜੇ। ਉਨ੍ਹਾਂ ਇੱਥੇ ਕਾਨਫਰੰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਹ ਬਿਆਨ ਦੇ ਕੇ ਯੂਰਪੀਅਨ ਆਗੂਆਂ ਨੂੰ ਧਰਮ ਸੰਕਟ ਵਿੱਚ ਪਾ ਦਿੱਤਾ ਕਿ ਰੂਸ ਨੂੰ ਸੰਗਠਨ ਵਿੱਚੋਂ ਕੱਢ ਕੇ ਜੀ-7 ਮੁਲਕਾਂ ਨੇ ਠੀਕ ਨਹੀਂ ਕੀਤਾ। ਯਾਦ ਰਹੇ, ਉਸ ਸਮੇਂ ਇਹ ਸੰਗਠਨ ਜੀ-8 ਅਖਵਾਉਂਦਾ ਸੀ। ਉਨ੍ਹਾਂ ਕਿਹਾ ਕਿ ਚੀਨ ਨੂੰ ਵੀ ਇਸ ਸੰਗਠਨ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਦੀ ਗੈਰ-ਹਾਜ਼ਰੀ ਵਿੱਚ ਜੀ-7 ਮੁਲਕਾਂ ਵੱਲੋਂ ਕੋਈ ਸਾਂਝਾ ਐਲਾਨਨਾਮਾ ਜਾਰੀ ਕਰਨ ਦੀ ਆਸ ਨਹੀਂ ਹੈ। ਫਿਰ ਵੀ ਇਸ ਮੀਟਿੰਗ ਵਿੱਚ ਹਿੱਸਾ ਲੈ ਰਹੇ ਆਗੂਆਂ ਨੂੰ ਆਸ ਹੈ ਕਿ ਇਸ ਵਾਰ ਦਾ ਸੰਮੇਲਨ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦਾ ਕੰਮ ਕਰੇਗਾ। ਇਸ ਸੰਮੇਲਨ ਦੇ ਪਹਿਲੇ ਦੋ ਦਿਨ ਮੁੱਖ ਤੌਰ 'ਤੇ ਗੱਲਬਾਤ ਇਜ਼ਰਾਇਲ-ਇਰਾਨ ਜੰਗ ਅਤੇ ਦੁਨੀਆਂ ਵਿੱਚ ਚੱਲ ਰਹੀ ਆਰਥਿਕ ਅਨਿਸ਼ਚਿਤਤਾ 'ਤੇ ਕੇਂਦਰਿਤ ਰਹੀ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਸ਼ੁਰੂਆਤੀ ਭਾਸ਼ਨ ਵਿੱਚ ਇਸ ਸੰਮੇਲਨ ਨੂੰ ਦੁਨੀਆਂ ਵਿੱਚ ਫੈਲੇ ਆਰਥਿਕ ਮੰਦਵਾੜੇ 'ਤੇ ਕੇਂਦਰਿਤ ਕਰਨ ਦਾ ਯਤਨ ਕੀਤਾ।

ਇਸ ਮੌਕੇ ਕੁਝ ਮੀਡੀਆ ਕਰਮੀਆਂ ਵੱਲੋਂ ਕੀਤੇ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਰੂਸ ਨੂੰ ਜੀ-8 ਵਿੱਚੋਂ ਕੱਢ ਕੇ ਵੱਡੀ ਗਲਤੀ ਕੀਤੀ ਹੈ। ਯਾਦ ਰਹੇ, ਪੂਤਿਨ ਨੇ 2014 ਵਿੱਚ ਜਦੋਂ ਕਰੀਮੀਆਂ ਨੂੰ ਆਪਣੇ ਮੁਲਕ ਦਾ ਹਿੱਸਾ ਬਣਾ ਲਿਆ ਸੀ ਤਾਂ ਰੂਸ ਨੂੰ ਇਸ ਸੰਸਥਾ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ। ਇਸ ਮੀਟਿੰਗ ਵਿੱਚ ਪਹਿਲੇ ਦੋ ਦਿਨ ਮੱਧ ਪੂਰਬ ਅਤੇ ਰੂਸ-ਯੂਕਰੇਨ ਵਿਚਕਾਰ ਲੱਗੀ ਜੰਗ, ਟਰਾਂਸਨੈਸ਼ਨਲ ਰਿਪਰੈਸ਼ਨ, ਟਰੇਡ ਵਾਰ ਅਤੇ ਰਾਸ਼ਟਰਪਤੀ ਟਰੰਪ ਵੱਲੋਂ ਲਗਾਏ ਗਏ ਇਕਤਰਫਾ ਟੈਰਿਫ ਬਾਰੇ ਗੱਲਬਾਤ ਹੋ ਰਹੀ ਹੈ। ਇਰਾਨ ਅਤੇ ਇਜ਼ਰਾਇਲ ਵਿਚਕਾਰ ਲੱਗੀ ਜੰਗ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇਰਾਨ ਨੂੰ ਪ੍ਰਮਾਣੂ ਸਮਝੌਤਾ ਕਰਨ ਲਈ 60 ਦਿਨ ਦਿੱਤੇ, ਪਰ ਇਰਾਨ ਨੇ ਅਜਿਹਾ ਨਹੀਂ ਕੀਤਾ। 61ਵੇਂ ਦਿਨ ਇਜ਼ਰਾਇਲ ਵੱਲੋਂ 'ਆਪਰੇਸ਼ਨ ਰਾਈਜ਼ਿੰਗ ਲਾਇਨ' ਸ਼ੁਰੂ ਕੀਤਾ ਗਿਆ, ਜਿਸ 'ਚ ਇੱਕ ਦਰਜਨ ਤੋਂ ਵੱਧ ਸੀਨੀਅਰ ਇਰਾਨੀ ਜਰਨੈਲ ਅਤੇ ਪ੍ਰਮਾਣੂ ਵਿਗਿਆਨੀ ਮਾਰੇ ਗਏ।

ਜੀ-7 ਮੁਲਕਾਂ ਦੇ ਨੁਮਾਇੰਦਿਆਂ ਦੀ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਕਿਹਾ ਕਿ ਅਸੀਂ ਇਹ ਗੱਲਬਾਤ ਟਰੇਡ ਉਤੇ ਫੋਕਸ ਕਰ ਰਹੇ ਹਾਂ। ਤਕਰੀਬਨ ਇਸੇ ਕਿਸਮ ਦੇ ਵਿਚਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪ੍ਰਗਟ ਕੀਤੇ ਅਤੇ ਕਿਹਾ ਕਿ ਸਾਡਾ ਏਜੰਡਾ 'ਇਕਨਾਮਿਕਸ ਫਸਟ' ਹੈ। ਯਾਦ ਰਹੇ, ਜੀ-7 ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਬਹੁਤੇ ਮੁਲਕ ਰਾਸ਼ਟਰਪਤੀ ਟਰੰਪ ਦੀ ਟਰੇਡ ਵਾਰ ਤੋਂ ਪੀੜਤ ਹਨ, ਜਿਸ ਕਾਰਨ ਸੰਸਾਰ ਭਰ ਦੀ ਆਰਥਿਕਤਾ ਇੱਕ ਖਿੜਕਵੇਂ ਅਤੇ ਅਨਿਸ਼ਚਿਤ ਮਾਹੌਲ ਦਾ ਸਾਹਮਣਾ ਕਰ ਰਹੀ ਹੈ। ਇਸ ਗਰੁੱਪ ਵਿੱਚ ਸ਼ਾਮਲ ਏਸ਼ੀਆ ਦਾ ਇੱਕੋ ਇੱਕ ਮੁਲਕ ਜਪਾਨ ਆਪਣੀ ਨਿਰਯਾਤ 'ਤੇ 26 ਫੀਸਦੀ ਟੈਰਿਫ ਦਾ ਸਾਹਮਣਾ ਕਰ ਰਿਹਾ ਹੈ, ਜਦਕਿ ਯੂਰਪੀਅਨ ਮੁਲਕ ਫਿਲਹਾਲ 10 ਫੀਸਦੀ ਟੈਰਿਫ ਦੇ ਰਹੇ ਹਨ। ਟਰੇਡ ਵਾਰ ਅਤੇ ਵਾਧੂ ਟੈਰਿਫ ਤੋਂ ਮੁਕਤੀ ਵੀ ਇਸ ਸੰਮੇਲਨ ਵਿੱਚ ਇੱਕ ਮਹੱਤਵਪੂਰਨ ਮੁੱਦਾ ਹੈ; ਪਰ ਰਾਸ਼ਟਰਪਤੀ ਟਰੰਪ ਦੇ ਅੱਧ ਵਿਚਕਾਰ ਤੁਰ ਜਾਣ ਨਾਲ ਯੂਰਪੀਅਨ ਮੁਲਕਾਂ ਦੀਆਂ ਟਰੇਡ-ਟੈਰਿਫ ਬਾਰੇ ਅਮਰੀਕੀ ਰਾਸ਼ਟਰਪਤੀ ਨਾਲ ਗੱਲਬਾਤ ਤੋਰਨ ਦੀਆਂ ਆਸਾਂ ਧਰੀਆਂ ਧਰਾਈਆਂ ਰਹਿ ਗਈਆਂ। ਇਸ ਮੀਟਿੰਗ ਵਿੱਚ ਜੀ-7 ਮੁਲਕਾਂ ਨੂੰ ਉਹ ਜੋ ਇਸ਼ਾਰਾ ਕਰਨ ਆਏ ਸਨ, ਕਰ ਗਏ ਹਨ; ਇਹ ਇਸ਼ਾਰਾ ਇਰਾਨ ਇਜ਼ਰਾਇਲ ਯੁੱਧ ਵਿੱਚ ਅਮਰੀਕਾ ਦੇ ਇਜ਼ਰਾਇਲ ਨਾਲ ਖੜ੍ਹੇ ਹੋ ਜਾਣ ਦਾ ਹੈ।

ਯਾਦ ਰਹੇ, ਅਮਰੀਕਾ ਨੇ ਕੈਨੇਡਾ ਵੱਲੋਂ ਅਮਰੀਕਾ ਨੂੰ ਨਿਰਯਾਤ ਕੀਤੀਆਂ ਜਾ ਰਹੀਆਂ ਕਈ ਵਸਤਾਂ 'ਤੇ ਟੈਰਿਫ ਲਗਾਇਆ ਹੈ। ਮੈਕਸੀਕੋ ਦੀ ਪ੍ਰਧਾਨ ਮੰਤਰੀ ਕਲਾਡੀਆ ਸ਼ੇਨਬਮ ਨੂੰ ਵੀ ਇਸ ਮੀਟਿੰਗ ਵਿੱਚ ਗੈਰ-ਮੈਂਬਰ ਭਾਈਵਾਲ ਵਜੋਂ ਸੱਦਿਆ ਗਿਆ ਹੈ। ਮੈਕਸੀਕੋ ਅਸਲ ਵਿੱਚ ਉੱਤਰੀ ਅਮਰੀਕਨ ਮੁਲਕਾਂ ਦਾ ਤਿਕੋਣਾ ਵਪਾਰ ਸਮਝੌਤਾ ਚਾਹੁੰਦਾ ਹੈ, ਜਿਸ ਵਿੱਚ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਸ਼ਾਮਲ ਹੋ ਸਕਦੇ ਹਨ। ਯਾਦ ਰਹੇ, ਅਮਰੀਕੀ ਰਾਸ਼ਟਰਪਤੀ ਨੇ ਟਰੇਡ ਐਗਰੀਮੈਂਟ 'ਤੇ ਪੁੱਜਣ ਲਈ ਸਾਰੇ ਮੁਲਕਾਂ ਨੂੰ ਜੁਲਾਈ ਦੇ ਅੰਤ ਤੱਕ ਦਾ ਸਮਾਂ ਦਿੱਤਾ ਹੋਇਆ ਹੈ, ਇਸ ਤੋਂ ਬਾਅਦ ਜਿਸ ਮੁਲਕ ਵੱਲੋਂ ਅਮਰੀਕੀ ਵਸਤਾਂ 'ਤੇ ਜਿੰਨਾ ਟੈਕਸ ਲਗਾਇਆ ਜਾਂਦਾ ਹੈ, ਅਮਰੀਕਾ ਵੱਲੋਂ ਉਨੇ ਫੀਸਦੀ ਹੀ ਆਯਤ ਟੈਕਸ ਲਗਾਇਆ ਜਾਵੇਗਾ। ਇਸ ਕਰਕੇ ਭਾਰਤ, ਮੈਕਸੀਕੋ, ਜਪਾਨ ਤੇ ਕੈਨੇਡਾ ਅਤੇ ਸਾਰੇ ਯੂਰਪੀਅਨ ਮੁਲਕ ਇਸ ਸੰਮੇਲਨ ਨੂੰ ਟਰੇਡ ਵਾਰ ਤੋਂ ਨਿਜ਼ਾਤ ਪਾਉਣ ਦਾ ਜ਼ਰੀਆ ਬਣਾਉਣਾ ਚਾਹੁੰਦੇ ਸਨ।

ਜਰਮਨੀ ਦੇ ਚਾਂਸਲਰ ਫਰੈਡਰਿਕ ਮਰਜ ਨੇ ਇੱਕ ਗੱਲਬਾਤ ਵਿੱਚ ਕਿਹਾ ਕਿ ਉਹ ਫਰਾਂਸ ਅਤੇ ਇਟਲੀ ਨਾਲ ਮਿਲ ਕੇ ਟਰੰਪ ਨਾਲ ਟਰੇਡ ਦੇ ਮਸਲੇ ਨਜਿੱਠਣ ਦਾ ਯਤਨ ਕਰ ਰਹੇ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਇਟਲੀ ਦੀ ਪ੍ਰਧਾਨ ਮੰਤਰੀ ਜਿਓਰਜੀਆ ਮਿਲੋਨੀ ਵੀ ਇਸ ਸੰਮੇਲਨ ਵਿੱਚ ਆਪੋ ਆਪਣੇ ਮੁਲਕਾਂ ਦੀ ਨੁਮਾਇੰਦਗੀ ਕਰ ਰਹੇ ਹਨ। ਯੂਰਪੀਅਨ ਲੀਡਰਾਂ ਦਾ ਵਿਸ਼ਵਾਸ ਹੈ ਕਿ ਉਹ ਭਾਵੇਂ ਇਸ ਸੰਮੇਲਨ ਵਿੱਚ ਕਿਸੇ ਸਾਰਥਕ ਸਮਝੌਤੇ 'ਤੇ ਪਹੁੰਚਣ ਲਈ ਆਸਵੰਦ ਨਹੀਂ ਹਨ। ਯੂਰਪੀਅਨ ਯੂਨੀਅਨ ਦੀ ਪ੍ਰਧਾਨ ਉਰਸੁਲ ਡਰਲੇਨ ਆਪਣੇ ਟਰੇਡ ਮੁਖੀ ਸਮੇਤ ਇਸ ਮੀਟਿੰਗ ਵਿੱਚ ਹਿੱਸਾ ਲੈ ਰਹੇ ਹਨ। ਉਹ ਯੂਰਪੀਅਨ ਯੂਨੀਅਨ ਨਾਲ ਜੁੜੇ 26 ਮੁਲਕਾਂ ਦੀ ਨੁਮਾਇੰਦਗੀ ਕਰਦੇ ਹਨ। ਯੂਰਪੀਅਨ ਯੂਨੀਅਨ ਦੀ ਆਗੂ ਨੇ ਸੰਮੇਲਨ ਵਿੱਚ ਪੁਜਣ ਤੋਂ ਥੋੜ੍ਹੀ ਦੇਰ ਬਾਅਦ ਇੱਕ ਪ੍ਰੈਸ ਮਿਲਣੀ ਵਿੱਚ ਕਿਹਾ ਕਿ ਟਰੇਡ ਨੂੰ ਪੱਖਪਾਤ ਰਹਿਤ, ਖੁੱਲ੍ਹਾ ਅਤੇ ਸਥਿਰ (ਯਕੀਨਪੂਰਨ) ਬਣਾਇਆ ਜਾਣਾ ਚਾਹੀਦਾ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਮਰੀਕਾ ਨਾਲ ਇੱਕ ਸੰਤੁਲਿਤ ਟਰੇਡ ਸਮਝੌਤਾ ਸਿਰੇ ਚੜ੍ਹ ਜਾਣ ਲਈ ਆਸਵੰਦ ਹਨ।

ਇਸ ਮਾਮਲੇ ਤੋਂ ਇਲਾਵਾ ਇਰਾਨ-ਇਜ਼ਰਾਇਲ ਜੰਗ ਦਾ ਮੁੱਦਾ ਵੀ ਇਸ ਸੰਮੇਲਨ ਵਿੱਚ ਉਠਾਇਆ ਜਾ ਰਿਹਾ। ਯਾਦ ਰਹੇ, ਸਾਰੇ ਯੂਰਪੀਅਨ ਮੁਲਕ ਇਰਾਨ ਅਤੇ ਇਜ਼ਰਾਇਲ ਵਿਚਕਾਰ ਜੰਗਬੰਦੀ ਕਰਵਾਉਣ ਦੇ ਹੱਕ ਵਿੱਚ ਹਨ, ਜਦਕਿ ਜਪਾਨ ਵੱਲੋਂ ਇਜ਼ਰਾਇਲ ਦੀ ਇਰਾਨ 'ਤੇ ਹਮਲੇ ਲਈ ਜ਼ੋਰਦਾਰ ਮੁਖ਼ਾਲਫਤ ਕੀਤੀ ਜਾ ਰਹੀ ਹੈ। ਅਮਰੀਕਾ ਇਜ਼ਰਾਇਲ ਦੀ ਪਿੱਠ 'ਤੇ ਖੜ੍ਹਾ ਹੈ, ਜਦਕਿ ਭਾਰਤ ਇਜ਼ਰਾਇਲ ਨੂੰ ਖਾਮੋਸ਼ ਹਮਾਇਤ ਦੇ ਕੇ ਹਿੰਦੁਸਤਾਨ ਦੀ ਰਵਾਇਤੀ ਵਿਦੇਸ਼ ਨੀਤੀ ਨੂੰ ਉਲਟਾ ਗੇੜਾ ਦੇ ਰਿਹਾ ਹੈ। ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਯੇਲੰਸਕੀ ਦੀ ਹਾਜ਼ਰੀ ਇਸ ਸੰਮੇਲਨ ਨੂੰ ਰੂਸ-ਯੂਕਰੇਨ ਜੰਗ ਬਾਰੇ ਗੱਲਬਾਤ ਕਰਨ ਲਈ ਮਜਬੂਰ ਕਰ ਰਹੀ ਹੈ। ਇਸ ਹਾਲਤ ਵਿੱਚ ਇਸ ਸੰਮੇਲਨ ਤੋਂ ਪਿੱਛੋਂ ਕਿਸੇ ਸਾਂਝੇ ਐਲਾਨਨਾਮੇ ਦੇ ਜਾਰੀ ਹੋਣ ਦੇ ਆਸਾਰ ਘੱਟ ਹੀ ਹਨ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਦੁਵੱਲੀ ਗੱਲਬਾਤ ਹੋਣ ਦੀ ਸੰਭਾਵਨਾ ਹੈ, ਜਿਸ ਵਿੱਚ ਇਨ੍ਹਾਂ ਮੁਲਕਾਂ ਵਿੱਚ ਉਭਰੇ ਜਾਂ ਉਭਰਨ ਵਾਲੇ ਮਸਲਿਆਂ 'ਤੇ ਚਰਚਾ ਹੋ ਸਕਦੀ ਹੈ। ਇਨ੍ਹਾਂ ਵਿੱਚ ਕੈਨੇਡਾ ਵਿੱਚ ਕੁਝ ਰੈਡੀਕਲ ਸਿੱਖ ਆਗੂਆਂ ਦੇ ਕਤਲਾਂ ਦੇ ਮਾਮਲੇ ਵੀ ਸ਼ਾਮਲ ਹਨ, ਜਿਨ੍ਹਾਂ ਬਾਰੇ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਇਨ੍ਹਾਂ ਜ਼ੁਰਮਾਂ ਵਿੱਚ ਕੁਝ ਭਾਰਤੀ ਸਫਾਰਤੀ ਤੇ ਉਚ ਸਰਕਾਰੀ ਅਧਿਕਾਰੀ ਸ਼ਾਮਲ ਹਨ। ਟਰੂਡੋ ਨੇ ਕੁਝ ਭਾਰਤੀ ਸਰਕਾਰੀ ਅਧਿਕਾਰੀਆਂ ਨੂੰ 'ਪਰਸਨ ਆਫ ਇੰਟਰਸਟ' ਦੱਸ ਕੇ ਜਾਂਚ ਲਈ ਭਾਰਤ ਤੋਂ ਉਨ੍ਹਾਂ ਦੀ ਡਿਪਲੋਮੈਟਿਕ ਸੁਰੱਖਿਆ ਵਾਪਸ ਲੈਣ ਦੀ ਮੰਗ ਕੀਤੀ ਸੀ, ਪਰ ਭਾਰਤ ਨੇ ਅਜਿਹਾ ਕਰਨ ਦੀ ਥਾਂ ਆਪਣੇ ਇਨ੍ਹਾਂ ਸਫਾਰਤੀ ਅਧਿਕਾਰੀਆਂ ਨੂੰ ਵਾਪਸ ਬੁਲਾ ਲਿਆ ਸੀ। ਯਾਦ ਰਹੇ, ਅਜਿਹੇ ਮਾਮਲਿਆਂ ਕਰਕੇ ਸਿੱਖ ਰੈਡੀਕਲ ਧਿਰਾਂ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਵਿਰੁਧ ਕੈਲਗਿਰੀ ਵਿੱਚ ਪ੍ਰਦਰਸ਼ਨ ਵੀ ਕੀਤਾ ਗਿਆ, ਉਹ ਇਨ੍ਹਾਂ ਮਾਮਲਿਆਂ ਵਿੱਚ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਸਨ। ਦੂਜੇ ਪਾਸੇ ਗੈਰ-ਸਿੱਖ ਭਾਰਤੀ ਪਰਵਾਸੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਫੇਰੀ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਮਨੁੱਖੀ ਅਧਿਕਾਰ ਅਤੇ ਵਾਤਾਵਰਣਿਕ ਮੁੱਦਿਆਂ ਨਾਲ ਸੰਬੰਧਤ ਕਈ ਹੋਰ ਸੰਗਠਨਾਂ ਵੱਲੋਂ ਵੀ ਇੱਥੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇੱਥੇ ਜ਼ਿਕਰਯੋਗ ਹੈ ਕਿ ਜੀ-8 ਮੁਲਕਾਂ ਦਾ ਇਹ ਸੰਗਠਨ ਮਾਰਚ 1973 'ਚ ਬਣਿਆ ਸੀ ਤੇ ਇਹ 51ਵਾਂ ਸੰਮੇਲਨ ਹੋ ਰਿਹਾ।





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Also Provide

Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325

# ਜਮਹੂਰੀਅਤ ਦੇ ਨਾਂ ਹੇਠ ਮਜਬੂਤ ਹੁੰਦੀ ਤਾਨਾਸ਼ਾਹੀ

*...ਸਫਾ ਇੱਕ ਦੀ ਬਾਕੀ⇒*

ਖੇਤਰੀ ਏਜੰਡੇ ਨੂੰ ਨਹੀਂ ਛੱਡਦੇ) ਉਂਝ ਕੇਂਦਰੀ ਲੀਡਰਸ਼ਿਪ ਵੀ ਭ੍ਰਿਸ਼ਟਾਚਾਰ ਦੀ ਇਸ ਮੈਲ ਵਿੱਚ ਗਲ-ਗਲ ਤੱਕ ਡੁੱਬੀ ਹੋਈ ਹੈ। ਇਸ ਦੇ ਬਾਵਜੂਦ ਉਹ ਆਪਣੇ ਹਿੰਦੁਸਤਾਨ ਨੂੰ ਇਕਸਾਰ (ਟੋਟੈਲੀਟੇਰੀਅਨ) ਸਮਾਜ ਬਣਾਉਣ ਦੇ ਸਿਆਸੀ ਨਿਸ਼ਾਨੇ ਬਾਰੇ ਸੁਚੇਤ ਹਨ। ਖੇਤਰੀ ਪਾਰਟੀਆਂ ਨੂੰ ਭ੍ਰਿਸ਼ਟਾਚਾਰ ਦੇ ਜ਼ਰੀਏ ਕੇਂਦਰੀ ਪਾਰਟੀਆਂ ਨੇ ਆਪਣੇ ਏਜੰਡੇ ਦੇ ਅਨੁਕੂਲ ਕਰ ਲਿਆ ਹੈ ਅਤੇ ਕਮਿਊਨਿਸਟ ਪਾਰਟੀਆਂ ਨੂੰ ਆਪਣੇ ਕਥਿਤ ਸੈਕੂਲਿਰਿਜ਼ਮ ਦੇ ਜਾਲ ਵਿੱਚ ਉਲਝਾ ਕੇ ਸਾਰੇ ਹਿੰਦੁਸਤਾਨ ਵਿੱਚ ਇਕਸਾਰ ਸਮਾਜ ਸਿਰਜਣ ਦੇ ਪ੍ਰੋਜੈਕਟ ਵਿੱਚ ਫਸਾ ਲਿਆ ਹੈ।

ਭਾਰਤੀ ਧਰਮੋ-ਸਮਾਜਿਕ ਅਤੇ ਸਿਆਸਤ ਦੀਆਂ ਅਜਿਹੀਆਂ ਸਥਿਤੀਆਂ ਦੇ ਅਨੁਭਵ ਦੇ ਦਰਮਿਆਨ ਹੀ ਅੰਨਾ ਅੰਦੋਲਨ ਹੋਂਦ ਵਿੱਚ ਆਇਆ ਸੀ, ਜਿਸ ਨੇ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਝੰਡਾ ਚੁੱਕਿਆ। ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਇਸ ਏਜੰਡੇ ਨੂੰ ਸੱਤਾ ਹਥਿਆ ਕੇ ਅੱਗੇ ਵਧਾਉਣ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ, ਜਿਸ ਨੂੰ ਪਹਿਲਾਂ ਪੰਜਾਬ ਅੰਦਰ ਲੋਕ ਸਭਾ ਚੋਣਾਂ ਵਿੱਚ ਕੁਝ ਸਫਲਤਾ ਹਾਸਲ ਹੋਈ ਅਤੇ ਬਾਅਦ ਵਿੱਚ ਦਿੱਲੀ ਅਸੈਂਬਲੀ ਵਿੱਚ ਇਸ ਪਾਰਟੀ ਦੀ ਦੋ ਵਾਰ ਸਰਕਾਰ ਬਣੀ। ਫਿਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੇਂਦਰੀ ਪਾਰਟੀਆਂ ਦੇ ਤਾਨਾਸ਼ਾਹੀ ਰਵੱਈਏ ਅਤੇ ਭ੍ਰਿਸ਼ਟ ਖੇਤਰੀ ਪਾਰਟੀਆਂ ਤੋਂ ਸਤੇ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਵਿੱਚ ਹੋਂਦ ਵਿੱਚ ਲਿਆਂਦਾ।

ਆਮ ਆਦਮੀ ਪਾਰਟੀ ਵੀ ਇਕਸਾਰ ਭਾਸ਼ਾ, ਸੱਭਿਆਚਾਰ ਅਤੇ ਇਕਹਿਰੇ ਹਿੰਦੁਸਤਾਨ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਵਾਲੀ ਕੇਂਦਰਮੁਖੀ ਪਾਰਟੀ ਹੈ, ਪਰ ਇਸ ਪਾਰਟੀ ਦੀ ਲੀਡਰਸ਼ਿੱਪ ਪਹਿਲੀਆਂ ਦੋ ਕੇਂਦਰੀ ਪਾਰਟੀਆਂ ਅਤੇ ਖੇਤਰੀ ਪਾਰਟੀਆਂ ਦੀ ਲੀਡਰਸ਼ਿੱਪ ਤੋਂ ਵੀ ਵੱਧ ਤੇਜ਼ੀ ਨਾਲ ਭ੍ਰਿਸ਼ਟ ਹੋਈ। ਪੰਜਾਬ ਵਿੱਚ ਸੱਤਾ ਵਿੱਚ ਲਿਆਉਣ ਤੋਂ ਬਾਅਦ ਇਸ ਪਾਰਟੀ ਤੋਂ ਲੋਕ ਇੰਨੇ ਨਿਰਾਸ਼ ਹੋਏ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਕੁਝ ਮਹੀਨੇ ਪਿਛੋਂ ਹੀ ਉਨ੍ਹਾਂ ਨੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਨੂੰ ਲੋਕ ਸਭਾ ਚੋਣ ਜਿਤਾ ਦਿੱਤੀ। ਕਿਸੇ ਪਾਏਦਾਰ ਸਮਾਜਿਕ-ਆਰਥਿਕ ਸੁਧਾਰ ਦੇ ਉਲਟ ਪਾਰਟੀ ਨੇ ਚੁਟਕਲਿਆਂ, ਨਾਹਰਿਆਂ, ਲਾਰਿਆਂ, ਭਗਤ ਸਿੰਘ, ਇਨਕਲਾਬ, ਪੀਲੀਆਂ ਪੱਗਾਂ/ਬਸੰਤੀ ਚੋਲੇ ਨਾਲ ਲੋਕਾਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਇਸ ਦੀ ਓਟ ਵਿੱਚ ਇਸ ਪਾਰਟੀ ਦੀ ਸਿਆਸਤ ਦਾ ਕੁੱਲ ਜਮ੍ਹਾ-ਜੋੜ ਵੀ ਪਹਿਲੀਆਂ ਪਾਰਟੀਆਂ ਵਾਲੀ ਗਰਕੀ ਵਿੱਚ ਹੀ ਗਰਕਣ ਲੱਗ ਪਿਆ। ਇਸ ਤੋਂ ਵੀ ਅੱਗੇ ਜਦੋਂ ਪੰਜਾਬ ਦੇ ਸਨਅਤੀ ਖੇਤਰ ਵੱਲੋਂ ਦਰਿਆਵਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਣ ਕਰਨ ਵਿਰੁਧ ਵਿਰੋਧ (ਇਸੇ ਸਾਲ ਲੁਧਿਆਣੇ) ਉਠਿਆ ਤਾਂ ਸਨਅਤਾਂ ਨੂੰ ਪਾਣੀ ਪ੍ਰਦੂਸ਼ਿਤ ਕਰਨ ਦਾ ਕਾਨੂੰਨੀ ਲਸੰਸ (ਖੁੱਲ੍ਹ) ਦੇ ਦਿੱਤਾ। ਇਹ ਸਨਅਤੀ ਸੇਠਾਂ ਨੂੰ ਪੰਜਾਬ ਦੇ ਲੋਕਾਂ ਦੇ ਸਮੂਹਿਕ ਕਤਲੇਆਮ ਲਈ ਖੁੱਲ੍ਹ ਦੇਣ ਦੇ ਬਰਾਬਰ ਹੈ।

ਕੇਂਦਰ ਪਹਿਲਾਂ ਹੀ ਸਨਅਤਾਂ ਲਾਉਣ ਵਾਲੇ ਸੇਠਾਂ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲਈ ਜਾਣ ਵਾਲੀ ਕਲੀਅਰੈਂਸ ਨੂੰ ਇੱਕ ਕਾਨੂੰਨੀ ਸੋਧ ਰਾਹੀਂ ਖਤਮ ਕਰ ਚੁੱਕਾ ਹੈ। ਪਹਿਲਾਂ ਵਿਦਿਆ, ਖੇਤੀ ਅਤੇ ਦਰਿਆਈ ਪਾਣੀ ਦੇ ਮਸਲੇ ਸਟੇਟਾਂ ਅਧੀਨ ਸਨ। ਹੁਣ ਇਹ ਵੀ ਲਗਪਗ ਕੇਂਦਰ ਨੇ ਆਪਣੇ ਹੱਥ ਲੈ ਲਏ ਹਨ। ਮੋਟੇ ਟੈਕਸ ਕੇਂਦਰ ਇਕੱਠੇ ਕਰਦਾ ਹੈ। ਬੀ.ਬੀ.ਐਮ.ਬੀ ਅਤੇ ਪੰਜਾਬ ਦੇ ਗੁਆਂਢੀ ਰਾਜਾਂ ਨਾਲ ਪਾਣੀ ਦੀ ਵੰਡ ਦੇ ਮੁੱਦੇ 'ਤੇ ਪਿੱਛੇ ਜਿਹੇ ਹੀ ਵਿਵਾਦ ਉਠਿਆ ਸੀ, ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਧੌਣ 'ਤੇ ਗੋਡਾ ਰੱਖ ਕੇ ਹਰਿਆਣੇ ਨੂੰ ਉਸ ਦੇ ਹਿੱਸੇ ਨਾਲੋਂ ਵੱਧ ਪਾਣੀ ਦਿੱਤਾ। ਚੋਣਾਂ ਮੌਕੇ, ਖਾਸ ਕਰਕੇ ਵਿਧਾਨ ਸਭਾ ਚੋਣਾਂ ਮੌਕੇ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਨੂੰ ਬਚਾਉਣ ਲਈ ਕੂਕਾਂ ਮਾਰਦੀਆਂ ਹਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਕੰਮ ਸਾਰੇ ਪੰਜਾਬ ਦੀ ਰਾਜਨੀਤਿਕ, ਆਰਥਿਕ ਅਤੇ ਧਰਮੋ-ਸਮਾਜਿਕ ਹਸਤੀ ਦੇ ਉਲਟ ਕਰਦੀਆਂ ਹਨ। ਇਸੇ ਲਈ ਮੌਜੂਦਾ ਸਿਆਸੀ ਪਾਰਟੀਆਂ ਤੋਂ ਪੰਜਾਬ ਦੇ ਲੋਕਾਂ ਦਾ ਪੂਰੀ ਤਰ੍ਹਾਂ ਮੋਹ ਭੰਗ ਹੋ ਚੁੱਕਾ ਹੈ। ਪੰਜਾਬ ਸਰਕਾਰ ਨੇ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਦੂਜੇ ਕਿਸਾਨ ਅੰਦੋਲਨ ਨੂੰ ਜਿਸ ਤਰ੍ਹਾਂ ਧੋਖਾ ਦਿੱਤਾ, ਖਦੇੜਿਆ, ਉਸ ਨਾਲ ਇਸ ਪਾਰਟੀ ਦੀ ਸ਼ਾਖ ਪੰਜਾਬ ਵਿੱਚ ਹੋਰ ਡਿੱਗ ਪਈ ਹੈ।

ਸਾਨੂੰ ਭੂਮੀਹੀਣ ਲੋਕਾਂ ਦੇ ਹਿੱਤਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ, ਪਰ ਪੰਜਾਬ ਦੇ ਹਿੱਤਾਂ ਨੂੰ ਪ੍ਰਣਾਈ ਕਿਸੇ ਖੇਤਰੀ ਪਾਰਟੀ ਨੂੰ ਇਹ ਸੱਚ ਬੜੀ ਦ੍ਰਿੜਤਾ ਨਾਲ ਪੱਲੇ ਬੰਨ੍ਹਣਾ ਚਾਹੀਦਾ ਹੈ ਕਿ ਭੂਮੀ ਨਾਲ ਬੱਝੇ ਲੋਕਾਂ (ਕਿਸਾਨਾਂ) ਤੋਂ ਬਿਨਾ ਕੋਈ ਵੀ ਕੌਮੀ/ਕੌਮੀਅਤ ਦਾ ਸੱਭਿਆਚਾਰ/ਸਮਾਜ ਖੜ੍ਹਾ ਨਹੀਂ ਕੀਤਾ ਜਾ ਸਕਦਾ। ਕੌਮੀ/ਕੌਮੀਅਤ ਦੇ ਵਿਕਾਸ ਦਾ ਬਾਕੀ ਸਾਰਾ ਦਾਰੋਮਦਾਰ ਇਸੇ ਤੱਥ 'ਤੇ ਮੁਨੱਸਰ ਕਰੇਗਾ ਕਿ ਤੁਹਾਡੇ ਕੋਲ ਤੁਹਾਡੀ ਧਰਤੀ ਅਤੇ ਇਸ ਨਾਲ ਜੁੜੇ (ਲੈਂਡ ਟਾਈਡ ਪੀਪਲ) ਹਨ ਜਾਂ ਨਹੀਂ! ਹੋਰ ਸਾਰੇ ਵਿਕਾਸ, ਮਾਡਰਨਿਜ਼ਮ, ਪੋਸਟ ਮਾਡਰਨਿਜ਼ਮ, ਤੀਜੀ ਸਨਅਤੀ ਕ੍ਰਾਂਤੀ, ਏ.ਆਈ. ਜਾਂ ਚੌਥੀ, ਪੰਜਵੀਂ ਸਨਅਤੀ ਕ੍ਰਾਂਤੀ, ਗਿਆਨ ਆਧਾਰਤ ਸਮਾਜ (ਨੌਲੇਜ ਬੇਸਡ ਇਕਾਨਮੀ) ਇਸ ਆਧਾਰ 'ਤੇ ਹੀ ਉਸਾਰੇ ਜਾ ਸਕਦੇ ਹਨ। ਆਪਣੀ ਧਰਤੀ ਨਾਲ ਪਿਆਰ ਵਿੱਚ ਗੁੱਝੇ ਕਿਸਾਨਾਂ ਅਤੇ ਉਨ੍ਹਾਂ ਦੇ ਪੈਰਾਂ ਹੇਠਲੀ ਜ਼ਮੀਨ ਤੋਂ ਬਿਨਾ ਤੁਸੀਂ ਕੋਈ ਮਨੁੱਖੀ ਸਮਾਜ ਨਹੀਂ ਖੜ੍ਹਾ ਕਰ ਸਕਦੇ। ਜੇ ਅਜਿਹਾ ਸਮਾਜ ਖੜ੍ਹਾ ਕਰਨ ਦਾ ਯਤਨ ਕਰੋਗੇ ਤਾਂ ਇਹਦਾ ਕੋਈ ਸੱਭਿਆਚਾਰ ਨਹੀਂ ਹੋਏਗਾ। ਇਹ ਇੱਕ ਆਤਮਾਹੀਣ ਤੇ ਮਰੀ ਹੋਈ ਦੁਨੀਆਂ ਹੋਏਗੀ, ਜਿਸ ਦਾ ਕੁਦਰਤ ਨਾਲ ਸੰਬੰਧ ਟੁੱਟ ਚੁੱਕਾ ਹੋਏਗਾ।

ਅਜਿਹੇ ਸਮਾਜ ਨੂੰ ਖਤਮ ਕਰਨ ਲਈ ਇਸ ਦੇ ਆਪਣੇ ਮਾਨਸਿਕ ਕਲੇਸ਼ ਹੀ ਕਾਫੀ ਹੋਣਗੇ। (ਪੱਛਮ ਇਸੇ ਦਾ ਸ਼ਿਕਾਰ ਹੈ) ਇਸੇ ਕਰਕੇ ਪੰਜਾਬ ਅਤੇ ਇਸ ਦੇ ਸੱਭਿਆਚਾਰ ਦੀ ਹਸਤੀ ਦੇ ਬਚਾਅ ਲਈ ਇੱਥੇ ਕਿਸਾਨਾਂ ਦਾ ਬਚੇ ਰਹਿਣਾ ਬੇਹੱਦ ਜ਼ਰੂਰੀ ਹੈ। ਪੰਜਾਬ ਦੀ ਸਿਆਸੀ ਗੁੰਝਲ ਨੂੰ ਹੱਲ ਕਰਨ ਲਈ ਪਹਿਲੀ ਤੰਦ ਇੱਥੋਂ ਹੀ ਫੜੀ ਜਾ ਸਕਦੀ ਹੈ। ਇਸੇ ਕਰਕੇ ਹਿੰਦੁਸਤਾਨ ਸਮੇਤ ਸਾਰੀ ਦੁਨੀਆਂ ਦੀ ਸੱਭਿਆਚਾਰਕ, ਭਾਸ਼ਾਈ, ਖੇਤਰੀ ਅਤੇ ਕੁਦਰਤੀ ਵੰਨ-ਸਵੰਨਤਾ ਦਾ ਬਚਣਾ ਬੇਹੱਦ ਜ਼ਰੂਰੀ ਹੈ। ਦੁਨੀਆਂ ਵਿੱਚ ਵਾਤਾਵਰਣ ਦਾ ਮਸਲਾ ਵੀ ਇਸ ਤਰ੍ਹਾਂ ਦੇ ਸਮਾਜਾਂ ਨੂੰ ਜਿਉਂਦੇ ਰੱਖ ਕੇ ਹੀ ਹੱਲ ਕੀਤਾ ਜਾ ਸਕਦਾ ਹੈ; ਕਿਉਂਕਿ ਇਹ ਜ਼ਮੀਨ ਨਾਲ ਜੁੜੇ/ਬੱਝੇ ਲੋਕ ਹੀ ਹਨ, ਜਿਹੜੇ ਧਰਤੀ ਨੂੰ ਬਚਾ ਸਕਦੇ ਹਨ। ਵਪਾਰੀ, ਕਾਰੋਬਾਰੀ ਅਤੇ ਧੰਦਾਪ੍ਰਸਤ ਬੰਦਾ ਇਸ ਕਿਸਮ ਦੇ ਜ਼ੋਖਮ ਨਹੀਂ ਉਠਾ ਸਕਦਾ। ਅਸੀਂ ਕੈਨੇਡਾ-ਅਮਰੀਕਾ ਦੀ ਰੀਸੇ ਵੱਡੇ-ਵੱਡੇ ਹਾਈਵੇ ਬਣਾ ਕੇ ਇਸ ਧਰਤੀ ਨਾਲ ਬੱਝੇ ਮਨੁੱਖ ਨੂੰ ਹੀ ਬਰਬਾਦ ਕਰ ਰਹੇ ਹਾਂ। ਉਪਰੋਕਤ ਪੱਛਮੀ ਮੁਲਕਾਂ ਕੋਲ ਬੇਓੜਕ ਖੁੱਲ੍ਹੀਆਂ ਜ਼ਮੀਨਾਂ ਹਨ, ਉਹ ਇਹ ਹਾਈਵੇ ਬਣਾ ਸਕਦੇ ਹਨ। ਅਸੀਂ ਕਿਸਾਨਾਂ ਦੀ ਸੀਮਤ ਉਪਜਾਊ ਜ਼ਮੀਨ ਦੀਆਂ ਕਾਲੋਨੀਆਂ ਕੱਟ ਕੇ ਅਤੇ ਇਸ ਨੂੰ ਸੜਕਾਂ ਹੇਠ ਦੱਬ ਕੇ ਕੀ ਕਰਨਾ ਚਾਹੁੰਦੇ ਹਾਂ? ਸਾਡੇ ਸਾਹਮਣੇ ਇਹ ਬਹੁਤ ਵੱਡਾ ਸਵਾਲ ਹੈ। ਖਾਸ ਕਰਕੇ ਜਦੋਂ ਇੱਕ ਭਾਸ਼ਾ, ਇੱਕ ਵਿਦਿਆ ਨੀਤੀ, ਇੱਕ ਦੇਸ਼, ਇੱਕ ਚੋਣ ਇੱਕ ਡੰਡੇ ਦੀ ਪਰੇਡ ਲਾਗੂ ਹੋ ਰਹੀ ਹੈ!

*ਜੇ ਮਾਂ ਹੁੰਦੀ ਏ ਛਾਂ, ਪਿਤਾ ਹੁੰਦੇ ਰੁੱਖ ਵਰਗੇ...*

## ਕਰਾਊਨ ਪੁਆਇੰਟ ਗੁਰੂ ਘਰ 'ਚ ਪੰਜਾਬੀ ਸਕੂਲ ਦੇ ਬੱਚਿਆਂ ਨੇ ਫਾਦਰ'ਜ਼ ਡੇਅ ਮਨਾਇਆ

**ਕਰਾਊਨ ਪੁਆਇੰਟ, ਇੰਡੀਆਨਾ:** ਸਿੱਖ ਧਰਮ ਵਿੱਚ 15 ਜੂਨ 2025 ਜਿੱਥੇ ਹਾੜ ਮਹੀਨੇ ਦੀ ਸੰਗਰਾਂਦ ਦਾ ਦਿਨ ਸੀ, ਉਥੇ ਇਹ ਦਿਨ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਪਿਤਾ ਦਿਵਸ (ਫਾਦਰ'ਜ਼ ਡੇਅ) ਵੀ ਸੀ। ਇਸ ਮੌਕੇ ਗੁਰਦੁਆਰਾ ਕਰਾਊਨ ਪੁਆਇੰਟ



ਵਿਖੇ ਭਾਈ ਹਰਪਾਲ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਰਵਿੰਦਰਜੀਤ ਸਿੰਘ ਦੇ ਜਥੇ ਨੇ ਮਨਮੋਹਕ ਕੀਰਤਨ ਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਬੀ ਸਕੂਲ ਦੇ ਬੱਚਿਆਂ ਨੇ ਪਿਤਾ ਦਿਵਸ ਸਬੰਧੀ ਕਵਿਤਾਵਾਂ ਅਤੇ ਸਮੂਹਿਕ ਗਾਇਨ ਰਾਹੀਂ ਆਪਣੀ ਹਾਜ਼ਰੀ ਲੁਆਈ। ਗੁਰਸਿਫਤ ਕੌਰ ਨੇ ਕਵਿਤਾ 'ਪਿਓ' ਸੁਣਾਈ:

ਰੁਤਬਾ ਪਿਓ ਦਾ ਸੰਸਾਰ ਵਿੱਚ ਬਹੁਤ ਉਚਾ
ਥਾਂ ਪਿਓ ਦੀ ਕੋਈ ਨਹੀਂ ਲੈ ਸਕਦਾ।

ਉਸ ਤੋਂ ਬਾਅਦ ਵੀਹ ਦੇ ਕਰੀਬ ਬੱਚਿਆਂ ਨੇ ਸਾਂਝੀ ਕਵਿਤਾ ਦਾ ਗਾਇਨ ਕੀਤਾ, ਜਿਸ ਦੀ ਅਗਵਾਈ ਗੁਰਸਿਮਰਤ ਕੌਰ, ਨਵਕੀਰਤ ਕੌਰ, ਗੁਰਸਿਫਤ ਕੌਰ, ਮਨਸੀਰਤ ਕੌਰ ਅਤੇ ਸਹਿਜਦੀਪ ਸਿੰਘ ਨੇ ਕੀਤੀ। ਬਾਕੀ ਬੱਚਿਆਂ ਨੇ ਬਹੁਤ ਹੀ ਸਲੀਕੇ ਨਾਲ ਇਨ੍ਹਾਂ ਦੇ ਮਗਰ ਕਵਿਤਾ ਦੇ ਬੋਲ ਉਚਾਰੇ। ਜੋ ਪੰਜਾਬੀ ਸਕੂਲ ਦੇ ਇੰਚਾਰਜ ਲੇਖਕ/ਕਵੀ ਰਵਿੰਦਰ ਸਿੰਘ ਸਹਿਰਾਅ ਵੱਲੋਂ ਲਿਖੇ ਹੋਏ ਸਨ:

ਜੇ ਮਾਂ ਹੁੰਦੀ ਏ ਛਾਂ, ਪਿਤਾ ਹੁੰਦੇ ਰੁੱਖ ਵਰਗੇ
ਜ਼ਿੰਦਗੀ ਦੇ ਵਿੱਚ ਆਉਂਦੇ ਹਰ ਦੁੱਖ ਸੁੱਖ ਵਰਗੇ।

-0-

ਜੇ ਦੋਸਤ ਵਰਗਾ ਪਿਤਾ ਸਭ ਨੂੰ ਮਿਲ ਜਾਵੇ
ਫਿਰ ਜ਼ਿੰਦਗੀ ਸਭ ਦੀ ਫੁੱਲਾਂ ਵਾਂਗੂੰ ਖਿਲ ਜਾਵੇ।

ਸਾਰੇ ਬੱਚਿਆਂ ਨੇ ਇੱਕ ਆਵਾਜ਼ ਹੋ ਕੇ ਸਾਰੇ ਪਿਤਾਵਾਂ ਨੂੰ ਇਸ ਦਿਨ ਦੀ ਵਧਾਈ ਦਿੱਤੀ।



# ਇਜ਼ਰਾਇਲ ਦੇ ਅਚਾਨਕ ਹਮਲੇ ਨਾਲ ਇਰਾਨ-ਇਜ਼ਰਾਇਲ ਜੰਗ ਭੜਕੀ

*ਇਰਾਨ ਦੇ ਛੇ ਸੀਨੀਅਰ ਕਮਾਂਡਰਾਂ ਦਾ ਕਤਲ*

*ਅੱਧੀ ਦਰਜਨ ਪ੍ਰਮਾਣੂ ਵਿਗਿਆਨੀ ਮਾਰੇ*

*ਇਰਾਨ ਦੇ ਪਰਤਵੇਂ ਹਮਲਿਆਂ ਨਾਲ ਹਿੱਲਿਆ ਇਜ਼ਰਾਇਲ*



ਸੱਜੇ ਤਸਵੀਰ: ਇਜ਼ਰਾਇਲੀ ਹਮਲੇ ਤੋਂ ਬਾਅਦ ਇਰਾਨ ਦੀ ਰਾਜਧਾਨੀ ਤਹਿਰਾਨ ਵਿੱਚ ਇੱਕ ਨੁਕਸਾਨੀ ਗਈ ਇਮਾਰਤ ਦਾ ਦ੍ਰਿਸ਼।

ਪੰਜਾਬੀ ਪਰਵਾਜ਼ ਬਿਊਰੋ

ਲੰਮੇ ਸਮੇਂ ਤੋਂ ਚਲਦੇ ਆ ਰਹੇ ਤਣਾਅ ਤੋਂ ਬਾਅਦ ਇਜ਼ਰਾਇਲ ਨੇ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਕੀਤੇ ਅਤੇ ਇਰਾਨੀ ਮਿਲਟਰੀ ਕਮਾਂਡ ਦੇ ਚਾਰ ਮੁਖੀਆਂ ਅਤੇ ਦੋ ਹੋਰ ਕਮਾਂਡਰਾਂ ਦਾ ਕਤਲ ਕਰ ਦਿੱਤਾ ਹੈ। ਪਹਿਲੇ ਹੀ ਹਮਲੇ ਵਿੱਚ ਛੇ ਪ੍ਰਮਾਣੂ ਵਿਗਿਆਨੀ ਵੀ ਮਾਰੇ ਗਏ। ਇਸ ਨਾਲ ਮੱਧ-ਪੂਰਬ ਵਿੱਚ ਇੱਕ ਵੱਡੀ ਜੰਗ ਦਾ ਛੇੜਾ ਛਿੜ ਗਿਆ ਹੈ। ਇਰਾਨ ਨੇ ਇਨ੍ਹਾਂ ਹੱਤਿਆਵਾਂ ਤੋਂ ਬਾਅਦ ਇਜ਼ਰਾਇਲ 'ਤੇ ਜ਼ਬਰਦਸਤ ਮਿਜ਼ਾਈਲ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਦੀਆਂ ਬਹੁਤੀਆਂ ਮਿਜ਼ਾਈਲਾਂ ਨੂੰ ਭਾਵੇਂ ਇਜ਼ਰਾਇਲ ਦੇ ਮਿਜ਼ਾਈਲ ਡਿਫੈਂਸ ਸਿਸਟਮ ਨੇ ਆਸਮਾਨ ਵਿੱਚ ਹੀ ਫਨਾਹ ਕਰ ਦਿੱਤਾ, ਪਰ ਇਨ੍ਹਾਂ 'ਚੋਂ ਕਾਫੀ ਮਿਜ਼ਾਈਲਾਂ ਆਪਣੇ ਟਿਕਾਣਿਆਂ 'ਤੇ ਜਾ ਲੱਗੀਆਂ। ਇਨ੍ਹਾਂ ਵਿੱਚ ਕੁਝ ਫੌਜੀ ਅਤੇ ਤੇਲ ਭੰਡਾਰ ਨਾਲ ਸੰਬੰਧਤ ਟਿਕਾਣੇ ਵੀ ਸ਼ਾਮਲ ਹਨ। ਇਸ ਨਾਲ ਇਜ਼ਰਾਇਲ ਦੀ ਰਾਜਧਾਨੀ ਤਲਅਵੀਵ, ਯੋਰੋਸ਼ਲਮ ਅਤੇ ਵਿਤੀ ਸਰਗਰਮੀ ਲਈ ਜਾਣੇ ਜਾਂਦੇ ਸ਼ਹਿਰ ਹਾਈਫਾ ਵਿੱਚ ਵੱਡੀ ਤਬਾਹੀ ਹੋਈ ਹੈ। ਐਮਰਜੈਂਸੀ ਲੱਗੀ ਹੋਣ ਕਾਰਨ ਇਜ਼ਰਾਇਲ ਵਿੱਚੋਂ ਸਹੀ ਸੂਚਨਾਵਾਂ ਸਾਹਮਣੇ ਨਹੀਂ ਆ ਰਹੀਆਂ। ਦੂਜੇ ਦਰਜੇ ਦੇ ਸਮਿਆਂ ਤੋਂ ਨਿਕਲ ਕੇ ਆਈ ਜਾਣਕਾਰੀ ਅਨੁਸਾਰ ਇਰਾਨੀ ਹਮਲਿਆਂ ਵਿੱਚ 24 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ ਅਤੇ 250 ਤੋਂ ਵੱਧ ਜਣੇ ਜ਼ਖਮੀ ਹੋ ਗਏ ਹਨ। ਦੂਜੇ ਪਾਸੇ ਇਜ਼ਰਾਇਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲਿਆਂ ਵਿੱਚ ਉਨ੍ਹਾਂ ਦੇ ਸੀਨੀਅਰ ਕਮਾਂਡਰਾਂ ਅਤੇ ਪ੍ਰਮਾਣੂ ਵਿਗਿਆਨੀਆਂ ਸਮੇਤ 224 ਵਿਅਕਤੀ ਮਾਰੇ ਗਏ ਹਨ।

ਐਤਵਾਰ ਅਤੇ ਸ਼ਨੀਵਾਰ ਦੀ ਵਿਚਕਾਰਲੀ ਰਾਤ ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਹਮਲੇ ਏਨੇ ਜ਼ਬਰਦਸਤ ਸਨ ਕਿ ਇਨ੍ਹਾਂ ਨਾਲ ਇਜ਼ਰਾਇਲ ਹਿੱਲ ਗਿਆ। ਹੁਣ ਉਹ ਅਮਰੀਕਾ ਨੂੰ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਦੀ ਮੰਗ ਕਰ ਰਿਹਾ ਹੈ। ਮਿਜ਼ਾਈਲ ਹਮਲਿਆਂ ਨਾਲ ਇਜ਼ਰਾਇਲ ਦੇ ਲੋਕਾਂ ਵਿੱਚ ਵੀ ਭਗਦੜ ਮੱਚ ਗਈ। ਬਹੁਤੇ ਲੋਕ ਸ਼ੈਲਟਰਾਂ ਅਤੇ ਬੰਕਰਾਂ ਵਿੱਚ ਚਲੇ ਗਏ। ਇਸੇ ਵਿਚਕਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਇਲ ਅਤੇ ਇਰਾਨ ਨੂੰ ਗੱਲਬਾਤ ਦੀ ਮੇਜ 'ਤੇ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਦੋਹਾਂ ਮੁਲਕਾਂ ਵਿਚਕਾਰ ਸ਼ਾਂਤੀ ਹੋ ਜਾਵੇਗੀ। ਜੰਗ ਦੀ ਪਿੱਠ ਭੂਮੀ ਵਿੱਚ ਗੱਲਬਾਤ ਜਾਰੀ ਹੈ।

ਫਲਿਸਤੀਨੀਆਂ ਦੇ ਛੋਟੇ ਜਿਹੇ ਮੁਲਕ ਗਾਜ਼ਾ ਨੂੰ ਇਜ਼ਰਾਇਲ ਪਹਿਲਾਂ ਹੀ ਥੇਹ ਬਣਾ ਚੁਕਾ ਹੈ। ਅੱਜ ਕੱਲ੍ਹ ਉਥੋਂ ਦੇ ਥੇਹਾਂ 'ਤੇ ਬੰਬਾਰੀ ਕਰਕੇ ਬੱਚਿਆਂ ਨੂੰ ਭੁੱਖਮਰੀ ਲਈ ਮਜਬੂਰ ਕਰ ਰਿਹਾ ਹੈ। ਇਜ਼ਰਾਇਲ ਨੇ ਬੀਤੇ ਸ਼ੁਕਰਵਾਰ ਸ਼ੁਰੂ ਕੀਤੀ ਅਚਨਚੇਤ ਕਾਰਵਾਈ ਵਿੱਚ ਇਰਾਨ ਦੇ 6 ਪ੍ਰਮਾਣੂ ਵਿਗਿਆਨੀ ਵੀ ਮਾਰ ਦਿੱਤੇ ਸਨ। ਇਹ ਘਿਨਾਉਣਾ ਜ਼ੁਰਮ ਇਰਾਨ ਲਈ ਵੱਡੀ ਸੱਟ ਹੈ। ਯਾਦ ਰਹੇ, ਬੀਤੇ ਕੁਝ ਸਮੇਂ ਤੋਂ ਇਰਾਨ ਅਤੇ ਅਮਰੀਕਾ ਵਿਚਾਲੇ ਪ੍ਰਮਾਣੂ ਸਮਝੌਤੇ ਲਈ ਵਾਰਤਾ ਚੱਲ ਰਹੀ ਸੀ, ਜਿਸ ਵਿੱਚ ਅਮਰੀਕਾ ਇਰਾਨ ਨੂੰ ਆਪਣਾ ਯੂਰੇਨੀਅਮ ਇਨਰਿਚਮੈਂਟ ਪ੍ਰੋਗਰਾਮ ਤਿਆਗਣ ਲਈ ਜ਼ੋਰ ਪਾ ਰਿਹਾ ਸੀ। ਦੋਹਾਂ ਮੁਲਕਾਂ ਵਿਚਕਾਰ ਅਗਲੇ ਗੇੜ ਦੀ ਗੱਲਬਾਤ ਬੀਤੇ ਐਤਵਾਰ ਉਮਾਨ ਵਿੱਚ ਹੋਣੀ ਸੀ, ਪਰ ਹੁਣ ਇਰਾਨ ਨੇ ਇਸ ਗੱਲਬਾਤ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਇਰਾਨ ਦਾ ਆਖਣਾ ਹੈ, ਇਜ਼ਰਾਇਲ ਵੱਲੋਂ ਉਸ ਦੇ ਚੋਟੀ ਦੇ ਫੌਜੀ ਅਧਿਕਾਰੀਆਂ ਨੂੰ ਮਾਰਨ ਅਤੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਕੀਤੇ ਜਾਣ ਤੋਂ ਪਿੱਛੋਂ ਗੱਲਬਾਤ ਜਾਰੀ ਰੱਖਣ ਦੀ ਕੋਈ ਤੁਕ ਨਹੀਂ ਬਣਦੀ। ਇਜ਼ਰਾਇਲ ਵੱਲੋਂ ਕੀਤੇ ਗਏ ਦਾਅਵੇ ਅਨੁਸਾਰ ਬੀਤੇ ਸ਼ੁੱਕਰਵਾਰ ਦੀ ਰਾਤ ਨੂੰ ਇਜ਼ਰਾਇਲ ਵੱਲੋਂ 200 ਜਹਾਜ਼ਾਂ ਨਾਲ ਇਰਾਨ ਦੇ 100 ਟਿਕਾਣਿਆਂ 'ਤੇ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਵਿੱਚ ਇਰਾਨ ਦੇ ਮੁੱਖ ਪ੍ਰਮਾਣੂ ਕੇਂਦਰ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਲ ਹੈ।

ਇੰਟਰਨੈਸ਼ਨਲ ਐਟਾਮਿਕ ਏਨਰਜੀ ਏਜੰਸੀ ਅਨੁਸਾਰ ਪ੍ਰਮਾਣੂ ਕੇਂਦਰ 'ਤੇ ਕੀਤੇ ਗਏ ਹਮਲੇ ਨਾਲ ਕੁਝ ਲੀਕੇਜ ਵੀ ਹੋਈ ਹੈ, ਜੋ ਆਲੇ-ਦੁਆਲੇ ਦੀ ਆਬਾਦੀ ਨੂੰ ਪ੍ਰਭਾਵਤ ਕਰ ਸਕਦੀ ਹੈ। ਇਰਾਨੀ ਸਿਹਤ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਉਪਰੋਕਤ ਹਮਲਿਆਂ ਵਿੱਚ 224 ਦੇ ਕਰੀਬ ਲੋਕ ਮਾਰੇ ਗਏ ਹਨ ਅਤੇ 1000 ਵਿਅਕਤੀ ਜ਼ਖਮੀ ਹੋ ਗਏ ਹਨ। ਇਹ ਲੜਾਈ ਕਿਉਂਕਿ ਲਗਾਤਾਰ ਚੱਲ ਰਹੀ ਹੈ, ਇਸ ਲਈ ਦੋਨੋ ਹੀ ਪਾਸੇ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਹੋਰ ਵਧ ਸਕਦੀ ਹੈ।

ਪਹਿਲੇ ਅਤੇ ਅਚਨਚੇਤ ਕੀਤੇ ਗਏ ਇਜ਼ਰਾਇਲੀ ਹਮਲਿਆਂ ਵਿੱਚ ਮਾਰੇ ਗਏ ਵਿਅਕਤੀਆਂ ਵਿੱਚ ਇਰਾਨ ਦੇ ਰੈਵੋਲਿਊਸ਼ਨਰੀ ਗਾਰਡ ਦਾ ਮੁਖੀ ਜਨਰਲ ਹੁਸੈਨ ਸਲਾਮੀ, ਇਰਾਨ ਦੇ ਫੌਜੀ ਦਲਾਂ ਦੇ ਚੀਫ ਆਫ ਸਟਾਫ ਜਨਰਲ ਮੁਹੰਮਦ ਬਘੇਰੀ, ਬਲਿਸਟਿਕ ਮਿਜ਼ਾਈਲ ਪ੍ਰੋਗਰਾਮ ਦੇ ਮੁਖੀ ਜਨਰਲ ਅਮੀਰ ਅਲੀ ਹਾਜ਼ੀਜ਼ਾਦੇਹ ਸ਼ਾਮਲ ਹਨ। ਇਰਾਨੀ ਟੈਲੀਵਿਜ਼ਨ 'ਤੇ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਇਰਾਨ ਦੇ ਸਰਵਉਚ ਨੇਤਾ ਆਯਤੁਲਾ ਖੁਮੈਨੀ ਵੱਲੋਂ ਜਨਰਲ ਬਘੇਰੀ ਦੀ ਥਾਂ ਜਨਰਲ ਅਬਦੁਲ ਰਹੀਮ ਮੁਸਾਵੀ ਨੂੰ ਹਥਿਆਰਬੰਦ ਬਲਾਂ ਦਾ ਨਵਾਂ ਚੀਫ ਆਫ ਸਟਾਫ ਨਿਯੁਕਤ ਕੀਤਾ ਹੈ। ਮੇਜਰ ਜਨਰਲ ਗੁਲਾਮ ਅਲੀ ਰਸ਼ੀਦ, ਕਮਾਂਡਰ ਮੁਹੰਮਦ ਪਾਕਪੌਰ ਇਰਾਨੀ ਰੈਵੋਲੀਊਸ਼ਨਰੀ ਗਾਰਡ ਦੇ ਨਵੇਂ ਮੁਖੀ ਹੋਣਗੇ। ਇਰਾਨੀ ਮੀਡੀਆ ਅਨੁਸਾਰ ਖੁਮੈਨੀ ਦੇ ਸਲਾਹਕਾਰ ਵਜੋਂ ਕੰਮ ਕਰਦੇ ਰੀਅਰ ਐਡਮਰਿਲ ਸ਼ਾਮਖਾਨੀ ਇਨ੍ਹਾਂ ਹਮਲਿਆਂ ਵਿੱਚ ਗੰਭੀਰ ਜ਼ਖਮੀ ਹੋਏ ਹਨ। ਇਰਾਨ ਦੇ ਨਿਊਕਲੀਅਰ ਪ੍ਰੋਗਰਾਮ ਲਈ ਕੰਮ ਕਰਦੇ 6 ਪ੍ਰਮਾਣੂ ਵਿਗਿਆਨੀ ਮਾਰੇ ਗਏ ਹਨ। ਇਨ੍ਹਾਂ ਵਿੱਚੋਂ ਚਾਰ ਦੀ ਪਛਾਣ ਫਿਰਦੌਨ ਅਬਾਸੀ, ਮੁਹੰਮਦ ਮਹਿਦੀ, ਅਹਿਮਦ ਰੇਜ਼ਾ ਜੁਲਫਗਾਰ ਅਲੀ ਅਤੇ ਅਮੀਰ ਹੁਸੈਨ ਫੇਕੀ ਵਜੋਂ ਹੋਈ ਹੈ। ਇਜ਼ਰਾਇਲ ਵੱਲੋਂ ਦੂਜੇ ਦਿਨ ਕੀਤੇ ਗਏ ਹਮਲਿਆਂ ਵਿੱਚ ਇਰਾਨ ਦੇ ਦੋ ਹੋਰ ਫੌਜੀ ਕਮਾਂਡਰ- ਡਿਪਟੀ ਇੰਟੈਲੀਜੈਂਸ ਚੀਫ ਆਫ ਜਨਰਲ ਸਟਾਫ ਗੁਲਮਰੇਜ਼ ਮਹਿਰਾਬੀ ਅਤੇ ਡਿਪਟੀ ਉਪਰੇਸ਼ਨ ਚੀਫ ਮੇਹਦੀ ਰਬਾਨੀ ਮਾਰੇ ਗਏ।

ਵਿਗਿਆਨੀਆਂ ਅਤੇ ਫੌਜੀ ਕਮਾਂਡਰਾਂ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਅਗਲੀ ਸਵੇਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਨ੍ਹਾਂ ਹਮਲਿਆਂ ਨੂੰ 'ਐਕਸੇਲੈਂਟ' ਦੱਸਿਆ, ਪਰ ਦੁਪਹਿਰੋਂ ਬਾਅਦ ਅਮਰੀਕਾ ਦੇ ਵਿਦੇਸ਼ ਮਾਮਲਿਆਂ ਦੇ ਸਕੱਤਰ ਮਾਰਕੋ ਰੂਬੀਓ ਨੇ ਇਨ੍ਹਾਂ ਹਮਲਿਆਂ ਵਿੱਚ ਸਿੱਧੇ ਸ਼ਾਮਲ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਉਪਰੋਕਤ ਹਮਲਿਆਂ ਦੇ ਪ੍ਰਤੀਕਰਮ ਵਿੱਚ ਇਰਾਨ ਨੂੰ ਇਰਾਕ, ਕਤਰ, ਸਾਊਦੀ ਅਰਬ, ਜੌਰਡਨ ਆਦਿ ਵਿੱਚ ਅਮਰੀਕੀ ਟਿਕਾਣਿਆਂ 'ਤੇ ਹਮਲੇ ਨਹੀਂ ਕਰਨੇ ਚਾਹੀਦੇ। ਉਨ੍ਹਾਂ ਇਸ ਪੱਖੋਂ ਇਰਾਨ ਨੂੰ ਚਿਤਾਵਨੀ ਵੀ ਦਿੱਤੀ। ਉਧਰ ਇਰਾਨ ਨੇ ਕਿਹਾ ਕਿ ਜਿਹੜਾ ਵੀ ਗੁਆਂਢੀ ਮੁਲਕ ਉਸ 'ਤੇ ਕੀਤੇ ਜਾ ਰਹੇ ਹਮਲਿਆਂ ਵਿੱਚ ਇਜ਼ਰਾਇਲ ਦਾ ਸਾਥ ਦੇਵੇਗਾ, ਬਖ਼ਸ਼ਿਆ ਨਹੀਂ ਜਾਵੇਗਾ। ਇਸੇ ਵਿਚਕਾਰ ਇਰਾਕ ਵਿੱਚ ਮੌਜੂਦ ਇੱਕ ਅਮਰੀਕੀ ਏਅਰ ਬੇਸ ਉਤੇ ਡ੍ਰੋਨ ਹਮਲਾ ਕੀਤਾ ਗਿਆ ਹੈ। ਇਰਾਨ ਦੇ ਸੁਪਰੀਮ ਰੂਹਾਨੀ ਆਗੂ ਆਇਤੁਲਾ ਖੁਮੈਨੀ ਨੇ ਇਸ ਦੌਰਾਨ ਕਿਹਾ ਕਿ ਇਜ਼ਰਾਇਲ ਨੂੰ ਇਨ੍ਹਾਂ ਕਤਲਾਂ ਦੀ ਭਾਰੀ ਕੀਮਤ ਚੁਕਾਉਣੀ ਪਏਗੀ। ਉਨ੍ਹਾਂ ਕਿਹਾ ਕਿ ਬੱਚੇ ਖਾਣਾ ਜਿਓਨਿਸਟ ਮੁਲਕ ਆਪਣੇ ਆਪ ਲਈ ਨਰਕ ਦੇ ਬੂਹੇ ਖੋਲ੍ਹ ਰਿਹਾ ਹੈ।

ਉਧਰ ਇਰਾਨ ਵੱਲੋਂ ਕੀਤੇ ਗਏ ਬਲਿਸਟਕ ਮਿਜ਼ਾਈਲ ਹਮਲਿਆਂ ਵਿੱਚ ਇਜ਼ਰਾਇਲ ਦੀ ਰਾਜਧਾਨੀ ਤਲਅਵੀਵ, ਯੋਰੋਸ਼ਲਮ ਸਮੇਤ ਕਈ ਫੌਜੀ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਵਿੱਚ 10 ਲੋਕਾਂ ਦੇ ਮਰਨ ਅਤੇ 100 ਤੋਂ ਵੱਧ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਬੀਤੇ ਸ਼ੁੱਕਰਵਾਰ ਦੀ ਰਾਤ ਇਰਾਨ ਵੱਲੋਂ ਇਜ਼ਰਾਇਲ 'ਤੇ ਕੀਤੇ ਗਏ ਹਮਲੇ ਜ਼ਿਆਦਾ ਮਾਰੂ ਸਿੱਧ ਹੋਏ। ਇਹ ਹਮਲੇ ਇਜ਼ਰਾਇਲ ਦੀ ਵਿੱਤੀ ਰਾਜਧਾਨੀ ਵਜੋਂ ਜਾਣੀ ਜਾਂਦੇ ਹਾਈਫਾ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ 'ਤੇ ਹੋਏ। ਯੋਰੋਸ਼ਲਮ ਵਿੱਚ ਵੀ ਕੁਝ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਯਾਦ ਰਹੇ, ਇਜ਼ਰਾਇਲ ਵੱਲੋਂ ਇਹ ਜੰਗ ਇਰਾਨ ਅਤੇ ਅਮਰੀਕਾ ਵਿਚਕਾਰ ਉਮਾਨ ਵਿੱਚ ਹੋਣ ਵਾਲੀ ਛੇਵੇਂ ਗੇੜ ਦੀ ਪ੍ਰਮਾਣੂ ਵਾਰਤਾ ਤੋਂ ਪਹਿਲਾਂ ਸ਼ੁਰੂ ਕੀਤੀ ਗਈ ਹੈ। ਇਰਾਨ ਦਾ ਇਹ ਵੀ ਮੰਨਣਾ ਹੈ ਕਿ ਇਜ਼ਰਾਇਲ ਵੱਲੋਂ ਇਹ ਹਮਲੇ ਅਮਰੀਕਾ ਦੀ ਮਦਦ ਨਾਲ ਕੀਤੇ ਗਏ ਹਨ ਅਤੇ ਇਹ ਇਰਾਨ ਨੂੰ ਦਬਕਾ ਕੇ ਪ੍ਰਮਾਣੂ ਮਾਮਲਿਆਂ ਵਿੱਚ ਆਪਣੀ ਗੱਲ ਮਨਵਾਉਣ ਦਾ ਯਤਨ ਹੈ।

ਅਮਰੀਕਾ ਅਤੇ ਇਜ਼ਰਾਇਲ ਨੂੰ ਸ਼ਾਇਦ ਇਰਾਨ ਦੇ ਏਡੇ ਵੱਡੇ ਪ੍ਰਤੀਕਰਮ ਦੀ ਤਵੱਕੋ ਨਹੀਂ ਸੀ। ਇਰਾਨ ਵੱਲੋਂ ਵੀ ਇਜ਼ਰਾਇਲ ਉਤੇ ਕੁਝ ਹੋਰ ਮਿਜ਼ਾਈਲ ਹਮਲੇ ਕੀਤੇ ਗਏ ਹਨ। ਸਮੁੱਚੇ ਹਾਲਤ ਤੋਂ ਲਗਦਾ ਹੈ ਕਿ ਫਲਿਸਤੀਨ ਤੋਂ ਬਾਅਦ ਹੁਣ ਇਰਾਨ ਅਤੇ ਇਜ਼ਰਾਇਲ ਵਿਚਕਾਰ ਇੱਕ ਵੱਡੀ ਜੰਗ ਦੇ ਆਸਾਰ ਬਣ ਗਏ ਹਨ। ਇਸ ਜੰਗ ਨੇ ਕੌਮਾਂਤਰੀ ਆਰਥਿਕ ਹਾਲਾਤ ਨੂੰ ਵੀ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਤੇਲ ਦੀਆਂ ਕੀਮਤਾਂ ਦਸ ਫੀਸਦੀ ਵਧ ਗਈਆਂ ਹਨ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਗਾਚੀ ਨੇ ਕਿਹਾ ਕਿ ਇਰਾਨ ਇਜ਼ਰਾਇਲ ਨਾਲ ਜੰਗ ਨਹੀਂ ਸੀ ਚਾਹੁੰਦਾ। ਇਹ ਜੰਗ ਸਾਡੇ 'ਤੇ ਥੋਪ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪਰਸ਼ੀਅਨ ਖਾੜੀ ਬੜਾ ਸੰਵੇਦਨਸ਼ੀਲ ਖੇਤਰ ਹੈ। ਇੱਥੇ ਭੜਕੀ ਜੰਗ ਪੂਰੇ ਸੰਸਾਰ ਵਿੱਚ ਫੈਲ ਸਕਦੀ ਹੈ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਇਜ਼ਰਾਇਲ ਨੇ ਸਾਡੇ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ, ਜਵਾਬ ਵਿੱਚ ਅਸੀਂ ਵੀ ਫੌਜੀ ਟਿਕਾਣਿਆਂ ਨੂੰ ਹੀ ਨਿਸ਼ਾਨਾ ਬਣਾਇਆ; ਪਰ ਬਾਅਦ ਵਿੱਚ ਉਸ ਨੇ ਸਾਡੇ ਤੇਲ ਭੰਡਾਰਾਂ ਸਮੇਤ ਬਾਕੀ ਆਰਥਿਕ ਟਿਕਾਣਿਆਂ 'ਤੇ ਹਮਲੇ ਕੀਤੇ, ਇਸ ਤੋਂ ਬਾਅਦ ਹੀ ਇਰਾਨ ਵੱਲੋਂ ਉਨ੍ਹਾਂ ਦੇ ਆਰਥਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਇਸ ਦਰਮਿਆਨ ਚੀਨ ਅਤੇ ਰੂਸ ਨੇ ਇਰਾਨ 'ਤੇ ਇਜ਼ਰਾਇਲ ਵੱਲੋਂ ਕੀਤੇ ਗਏ ਹਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਦੋਹਾਂ ਮੁਲਕਾਂ ਨੇ ਕਿਹਾ ਕਿ ਇਜ਼ਰਾਇਲ ਨੇ ਕੌਮਾਂਤਰੀ ਕਾਨੂੰਨਾਂ ਅਤੇ ਇਰਾਨ ਦੀ ਪ੍ਰਭੂਸਤਾ ਦੀ ਉਲੰਘਣਾ ਕੀਤੀ ਹੈ। ਸਾਊਦੀ ਅਰਬ, ਉਮਾਨ, ਜੌਰਡਨ, ਕਤਰ ਆਦਿ ਮੁਲਕਾਂ ਨੇ ਮਲਵੀਂ ਜੀਭ ਨਾਲ ਇਰਾਨ 'ਤੇ ਹਮਲੇ ਦੀ ਨਿੰਦਾ ਕੀਤੀ ਹੈ; ਪਰ ਚੀਨ ਅਤੇ ਰੂਸ ਖੁੱਲ੍ਹ ਕੇ ਇਰਾਨ ਦੇ ਪੱਖ ਵਿੱਚ ਆ ਗਏ ਹਨ। ਇਜ਼ਰਾਇਲ ਵੱਲੋਂ ਕੀਤੇ ਗਏ ਹਮਲਿਆਂ ਤੋਂ ਬਾਅਦ ਸੰਯੁਕਤ ਰਾਸ਼ਟਰ ਦੀ ਸਿਕਿਉਰਿਟੀ ਕੌਂਸਲ ਦੀ ਮੀਟਿੰਗ ਇਰਾਨ ਦੀ ਮੰਗ 'ਤੇ ਬੁਲਾਈ ਗਈ ਸੀ, ਪਰ ਮੌਜੂਦ ਸੰਕਟ ਬਾਰੇ ਇਹ ਮੀਟਿੰਗ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀ। ਇੰਟਰਨੈਸ਼ਨਲ ਐਟਾਮਿਕ ਏਜੰਸੀ ਦੇ ਮੁਖੀ ਨੇ ਵੀ ਇਜ਼ਰਾਇਲ ਵੱਲੋਂ ਇਰਾਨ ਦੇ ਸਿਵਲ ਪ੍ਰਮਾਣੂ ਠਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਦੀ ਜ਼ੋਰਦਾਰ ਨਿੰਦਾ ਕੀਤੀ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਮੁੱਦੇ ਨੂੰ ਲੈ ਕੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਵਲਾਦੀਮੀਰ ਪੂਤਿਨ ਵਿਚਕਾਰ ਇੱਕ ਲੰਮੀ ਗੱਲਬਾਤ ਵੀ ਹੋਈ ਹੈ। ਇਸ ਗੱਲਬਾਤ ਦੌਰਾਨ ਪੂਤਿਨ ਨੇ ਦੋਹਾਂ ਮੁਲਕਾਂ ਵਿਚਕਾਰ ਜੰਗ ਖ਼ਤਮ ਕਰਵਾਉਣ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ। ਚੀਨ ਨੇ ਵੀ ਕਿਹਾ ਹੈ ਕਿ ਉਹ ਦੋਹਾਂ ਮੁਲਕਾਂ ਵਿਚਕਾਰ ਸੁਲਾਹ ਕਰਵਾਉਣ ਲਈ ਤਿਆਰ ਹੈ; ਪਰ ਇਜ਼ਰਾਈਲ ਨੇ ਜਿਸ ਪੱਧਰ 'ਤੇ ਹਮਲੇ ਕੀਤੇ ਹਨ, ਇਰਾਨੀ ਸਿਵਿਲੀਅਨ, ਅਟੌਮਿਕ ਵਿਗਿਆਨੀਆਂ ਤੱਕ ਨੂੰ ਮਾਰ ਦਿੱਤਾ ਹੈ, ਇਸ ਨਾਲ ਇਹ ਜੰਗ ਅਮੋੜ ਹੋ ਗਈ ਲਗਦੀ ਹੈ। ਇਰਾਨ ਦਾ ਆਖਣਾ ਹੈ ਕਿ ਉਹ ਲੰਮੀ ਚੱਲਣ ਵਾਲੀ ਲੜਾਈ ਦੀ ਤਿਆਰੀ ਕਰ ਰਿਹਾ ਹੈ। ਇਜ਼ਰਾਇਲ ਅਤੇ ਅਮਰੀਕਾ ਨੂੰ ਆਸ ਸੀ ਕਿ ਕੋਈ ਵੱਡਾ ਫੌਜੀ ਝਟਕਾ ਦੇ ਕੇ ਉਹ ਇਰਾਨ ਨੂੰ ਯੂਰੇਨੀਅਮ ਸ਼ੁਧੀਕਰਣ ਬਾਰੇ ਆਪਣੀ ਗੱਲ ਮਨਵਾ ਲੈਣਗੇ, ਪਰ ਬਾਜ਼ੀ ਪੁੱਠੀ ਪੈ ਗਈ ਲਗਦੀ ਹੈ। ਜੰਗ ਛਿੜਨ ਤੋਂ ਬਾਅਦ ਸਗੋਂ ਇਰਾਨ ਦੇ ਲੋਕਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਹੋਰ ਉਛਾਲੇ ਮਾਰਨ ਲੱਗਾ ਹੈ, ਜਦਕਿ ਇਜ਼ਰਾਇਲ ਦੇ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਇਰਾਨ ਦੇ ਲੋਕਾਂ ਨੂੰ ਇਰਾਨ ਵਿੱਚ ਸਰਕਾਰ ਦਾ ਤਖਤਾ ਪਲਟਣ ਦੇ ਸੱਦੇ ਦੇ ਰਿਹਾ ਹੈ। ਉਸ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਇਜ਼ਰਾਇਲ ਦੇ ਲੋਕ ਇਰਾਨੀ ਲੋਕਾਂ ਦੇ ਦੋਸਤ ਹਨ, ਇਸ ਲਈ ਇਰਾਨੀ ਲੋਕਾਂ ਨੂੰ ਆਪਣੇ ਮੁਲਕ ਦਾ ਤਾਨਾਸ਼ਾਹੀ ਨਿਜ਼ਾਮ ਪਲਟ ਦੇਣਾ ਚਾਹੀਦਾ ਹੈ; ਪਰ ਜਿਉਂ-ਜਿਉਂ ਜੰਗ ਤਿੱਖੀ ਹੋ ਰਹੀ ਹੈ, ਅਜਿਹੇ ਕਿਸੇ ਤਖਤਾ ਪਲਟ ਦੀ ਸੰਭਾਵਨਾ ਸਗੋਂ ਮੱਧਮ ਪੈ ਰਹੀ ਹੈ। ਲੋਕ ਆਪਣੀ ਸਰਕਾਰ, ਸੁਪਰੀਮ ਲੀਡਰ ਅਤੇ ਫੌਜ ਨਾਲ ਜੁੜ ਗਏ ਹਨ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ...

## ਅਹਿਮਦਾਬਾਦ 'ਚ ਏਅਰ ਇੰਡੀਆ ਦਾ ਜਹਾਜ਼ ਹਾਦਸਾ ਗ੍ਰਸਤ

### *ਢਾਈ ਸੌ ਤੋਂ ਵੱਧ ਮੌਤਾਂ *ਇੱਕ ਵਿਅਕਤੀ ਨੇ ਮੌਤ ਨੂੰ ਝਕਾਨੀ ਦਿੱਤੀ

ਪੰਜਾਬੀ ਪਰਵਾਜ਼ ਬਿਊਰੋ

ਏਅਰ ਇੰਡੀਆ ਦਾ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਇੱਕ ਹਵਾਈ ਜਹਾਜ਼, ਬੋਇੰਗ 787 ਡਰੀਮਲਾਈਨਰ ਏ.ਆਈ. 171 ਬੀਤੇ ਸ਼ੁਕਰਵਾਰ ਅਹਿਮਦਾਬਾਦ ਦੇ ਸਰਦਾਰ ਵੱਲਭ ਭਾਈ ਪਟੇਲ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਇੱਕ ਦਮ ਬਾਅਦ ਹਾਦਸਾ ਗ੍ਰਸਤ ਹੋ ਗਿਆ। ਇਸ ਜਹਾਜ਼ 'ਤੇ 242 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਸਿਰਫ 1 ਬਚਿਆ ਹੈ। ਹਵਾਈ ਜਹਾਜ਼ ਦੇ ਦੋ ਪਾਇਲਟਾਂ ਸਮੇਤ 10 ਹੋਰ ਮੁਲਾਜ਼ਮ ਵੀ ਮਾਰੇ ਗਏ ਹਨ। ਜਿਸ ਇਮਾਰਤ 'ਤੇ ਇਹ ਜਹਾਜ਼ ਡਿਗਿਆ, ਉਹ ਇੱਕ ਮੈਡੀਕਲ ਕਾਲਜ ਦੇ ਹੋਸਟਲ ਦੀ ਮੈਸ ਹੈ, ਜਿਸ ਵਿੱਚ ਟਰੇਨੀ ਡਾਕਟਰ ਅਤੇ ਹੋਰ ਸਟਾਫ ਰੋਟੀ ਖਾ ਰਹੇ ਸਨ। ਇਸ ਕਾਰਨ ਇੱਥੇ ਕੁਝ ਡਾਕਟਰਾਂ ਤੇ ਨਰਸਾਂ ਦੀ ਵੀ ਮੌਤ ਹੋਈ ਦੱਸੀ ਜਾ ਰਹੀ ਹੈ ਅਤੇ ਉਨ੍ਹਾਂ ਵਿੱਚੋਂ ਕਈ ਗੰਭੀਰ ਜ਼ਖਮੀ ਹਨ।

ਏਅਰ ਇੰਡੀਆ ਦੇ ਜਹਾਜ਼ ਵਿੱਚ 169 ਭਾਰਤੀ, 53 ਬਰਤਾਨਵੀ, 7 ਪੁਰਤਗਾਲੀ ਅਤੇ ਕੁਝ ਕੈਨੇਡੀਅਨ ਨਾਗਰਿਕ ਸਵਾਰ ਸਨ। ਕੁਝ ਵਿਦੇਸ਼ੀ ਖ਼ਬਰ ਏਜੰਸੀਆਂ ਦੀ ਰਿਪੋਰਟ ਅਨੁਸਾਰ ਮੌਤਾਂ ਦੀ ਗਿਣਤੀ 300 ਦੇ ਕਰੀਬ ਹੋ ਸਕਦੀ ਹੈ। ਹਵਾਈ ਜਹਾਜ਼ ਵਿੱਚ ਸਵਾਰ ਬਚਣ ਵਾਲਾ ਵਿਅਕਤੀ ਭਾਰਤੀ ਮੂਲ ਦਾ ਬਰਤਾਨਵੀ ਨਾਗਰਿਕ ਰਮੇਸ਼ ਵਿਸ਼ਵਾਸ ਹੈ। ਯਾਦ ਰਹੇ, ਪਹਿਲਾਂ ਡੀਫੰਕਟ ਹੋਈ ਏਅਰ ਇੰਡੀਆ ਦੇ ਜਹਾਜ਼ਾਂ ਦਾ ਫਲੀਟ ਟਾਟਾ ਗਰੁੱਪ (ਰਤਨ ਟਾਟਾ) ਨੇ ਖਰੀਦ ਲਿਆ ਸੀ। ਹੁਣ ਇਸ ਏਅਰ ਲਾਈਨ ਦੇ ਜਹਾਜ਼ ਟਾਟਾ ਕੰਪਨੀ ਵੱਲੋਂ ਚਲਾਏ ਜਾ ਰਹੇ ਹਨ। ਇਸ ਹਾਦਸੇ ਨਾਲ ਨਾ ਸਿਰਫ ਇਨ੍ਹਾਂ ਜਹਾਜ਼ਾਂ ਨੂੰ ਬਣਾਉਣ ਵਾਲੀ ਕੰਪਨੀ ਬੋਇੰਗ ਦੀ ਸ਼ਾਖ ਦਾਅ 'ਤੇ ਲੱਗ ਗਈ ਹੈ, ਸਗੋਂ ਟਾਟਾ ਕੰਪਨੀ ਦੇ ਮਾਲਕਾਂ ਵੱਲੋਂ ਇੱਕ ਸਦੀ ਤੋਂ ਵੱਧ ਸਮਾਂ ਲਾ ਕੇ ਬਣਾਈ ਗਈ ਭਰੋਸੇਯੋਗਤਾ ਵੀ ਤਾਕ 'ਤੇ ਲੱਗ ਗਈ ਹੈ। ਹਾਦਸੇ ਤੋਂ ਬਾਅਦ ਬੋਇੰਗ ਕੰਪਨੀ ਦੇ ਸ਼ੇਅਰ ਡਿੱਗਣ ਦੀਆਂ ਖ਼ਬਰਾਂ ਵੀ ਮੀਡੀਏ ਵਿੱਚ ਸਾਹਮਣੇ ਆਈਆਂ ਹਨ। ਇਸ ਤੋਂ ਵੀ ਅੱਗੇ ਹਵਾਈ ਸਫਰ ਕਰਨ ਵਾਲੇ ਲੋਕਾਂ ਵਿੱਚ ਵੀ ਏਅਰ ਇੰਡੀਆ ਕੰਪਨੀ ਦੇ ਜਹਾਜ਼ਾਂ 'ਤੇ ਭਰੋਸਾ ਘਟੇਗਾ। ਇਸ ਹਾਦਸੇ ਤੋਂ ਬਾਅਦ ਏਅਰ ਇੰਡੀਆ ਨੇ ਆਪਣੇ ਸਵਾ ਸੌ ਦੇ ਕਰੀਬ ਜਹਾਜ਼ ਖੜ੍ਹੇ (ਲੈਂਡ) ਕਰ ਦਿੱਤੇ ਹਨ। ਉਂਝ ਟਾਟਾ ਗਰੁੱਪ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਇੱਕ-ਇੱਕ ਕਰੋੜ ਰੁਪਏ ਦੇਣ ਅਤੇ ਜ਼ਖਮੀਆਂ ਦੇ ਇਲਾਜ਼ ਦਾ ਖਰਚਾ ਚੁੱਕਣ ਦਾ ਐਲਾਨ ਕੀਤਾ ਗਿਆ ਹੈ। ਕੰਪਨੀ ਦੇ ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਟਾਟਾ ਏਵੀਏਸ਼ਨ ਜਹਾਜ਼ ਹਾਦਸੇ ਦੇ ਕਾਰਨਾਂ ਨੂੰ ਪਾਰਦਰਸ਼ਤਾ ਨਾਲ ਜਨਤਕ ਕਰੇਗੀ।

ਇੱਥੇ ਜ਼ਿਕਰਯੋਗ ਹੈ ਕਿ ਉਡਾਣ ਭਰਨ ਤੋਂ ਬਾਅਦ ਮੰਦਭਾਗਾ ਜਹਾਜ਼ ਸਿਰਫ 53 ਸਕਿੰਟ ਬਾਅਦ ਮੈਡੀਕਲ ਕਾਲਜ ਦੇ ਹੋਸਟਲ ਦੀ ਮੈਸ ਦੀ ਇਮਾਰਤ ਵਿੱਚ ਧਸ ਗਿਆ। ਅੱਧੇ ਤੋਂ ਵੱਧ ਜਹਾਜ਼ ਇਮਾਰਤ ਦੇ ਅੰਦਰ ਧਸ ਗਿਆ ਅਤੇ ਪਰਾਂ ਤੋਂ ਪਿਛਲਾ ਹਿੱਸਾ ਟੁੱਟ ਕੇ ਬਾਹਰਲੇ ਪਾਸੇ 'ਤੇ ਡਿੱਗ ਪਿਆ। ਇਸ ਹਿੱਸੇ ਦੇ ਧਰਤੀ 'ਤੇ ਡਿੱਗਣ ਨਾਲ ਐਮਰਜੈਂਸੀ ਬੂਹਾ ਵੀ ਟੁੱਟ ਕੇ ਡਿੱਗ ਪਿਆ ਅਤੇ ਕਿਸਮਤ ਨਾਲ ਬਚਣ ਵਾਲਾ ਰਾਮੇਸ਼ ਵਿਸ਼ਵਾਸ ਇਸ ਬੂਹੇ ਰਾਹੀਂ ਬੁੜ੍ਹਕ ਕੇ ਬਾਹਰ ਜਾ ਡਿੱਗਾ। ਕੁਝ ਸੱਟਾਂ ਲੱਗਣ ਦੇ ਬਾਵਜੂਦ ਉਸ ਦੀ ਜਾਨ ਬਚ ਗਈ ਅਤੇ ਉਹ ਡਾਕਟਰਾਂ ਨਾਲ ਗੱਲਬਾਤ ਕਰਨ ਦੇ ਕਾਬਲ ਹੈ। ਜਿਸ ਇਮਾਰਤ ਵਿੱਚ ਡਿੱਗ ਕੇ ਜਹਾਜ਼ ਨੂੰ ਅੱਗ ਲੱਗੀ, ਉਹ ਐਹਮਦਾਬਾਦ ਦੇ ਮੇਘਾਨੀ ਨਗਰ ਵਿੱਚ ਪੈਂਦੀ ਹੈ। ਜਾਣਕਾਰਾਂ ਅਨੁਸਾਰ ਇੰਨੇ ਘੱਟ ਸਮੇਂ ਵਿੱਚ ਹਾਦਸਾ ਵਾਪਰਿਆ ਕਿ





(ਖੱਬੇ) ਇਮਾਰਤ ਵਿੱਚ ਧਸਿਆ ਹਾਦਸਾ ਗ੍ਰਸਤ ਜਹਾਜ਼ ਅਤੇ (ਸੱਜੇ) ਜਹਾਜ਼ ਦੇ ਖਰਪਚੇ

ਪਾਇਲਟਾਂ ਕੋਲ ਪ੍ਰਤੀਕਰਮ ਪ੍ਰਗਟ ਕਰਨ ਲਈ ਸਮਾਂ ਹੀ ਨਹੀਂ ਬਚਿਆ ਹੋਏਗਾ। ਜਹਾਜ਼ ਦਾ ਕੰਟਰੋਲ ਗੁਆਉਣ ਤੋਂ ਬਾਅਦ ਪਾਇਲਟ ਨੇ ਏਅਰ ਟਰੈਫਿਕ ਕੰਟਰੋਲ ਆਫ ਇੰਡੀਆ ਨੂੰ ਕਰੈਸ਼ ਤੋਂ ਪਹਿਲਾਂ 'ਮੇਅ ਡੇਅ' ਨਾਂ ਦਾ ਐਮਰਜੈਂਸੀ ਸੁਨੇਹਾ ਦਿੱਤਾ ਸੀ ਅਤੇ ਇਹ ਸ਼ਬਦ ਵੀ ਕਹੇ ਸਨ ਕੇ, 'ਆਈ ਐਮ ਲੂਸਿੰਗ ਥਰਸਟ।' ਜਾਣਕਾਰਾਂ ਦਾ ਆਖਣਾ ਹੈ ਕਿ ਇਸ ਤੋਂ ਇਹੋ ਲਗਦਾ ਹੈ ਕਿ ਉਡਾਣ ਭਰਨ ਤੋਂ ਇਕਦਮ ਬਾਅਦ ਜਹਾਜ਼ ਦੇ ਇੰਜਣ ਫੇਲ੍ਹ ਹੋ ਗਏ। ਕਿਉਂਕਿ ਤੇਜ਼ੀ ਨਾਲ ਉੱਪਰ ਉਡਾਣ ਭਰਨ ਤੋਂ ਜਹਾਜ਼ ਦੇ ਇੰਜਣ ਅਸਮਰੱਥ ਰਹੇ। ਜਹਾਜ਼ ਵਿੱਚ ਸਵਾ ਲੱਖ ਲਿਟਰ ਤੇਲ ਸੀ, ਜਿਸ ਕਾਰਨ ਇਹ ਇਮਾਰਤ ਨਾਲ ਟਕਰਾਉਣ ਤੋਂ ਬਾਅਦ ਅੱਗ ਦਾ ਗੋਲਾ ਬਣ ਗਿਆ।



ਮੌਤ ਨੂੰ ਝਕਾਨੀ ਦੇਣ ਵਾਲਾ ਰਾਮੇਸ਼ ਵਿਸ਼ਵਾਸ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਗ੍ਰਹਿ ਮੰਤਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਘਟਨਾ ਸਥਾਨ 'ਤੇ ਪੁਜੇ। ਪ੍ਰਧਾਨ ਮੰਤਰੀ ਨੇ ਜ਼ਖਮੀਆਂ ਦਾ ਹਾਲਚਾਲ ਵੀ ਪੁੱਛਿਆ। ਇਸ ਭਿਆਨਕ ਹਵਾਈ ਹਾਦਸੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਅਨੁਸਾਰ ਜਹਾਜ਼ ਦੇ ਦੋਨੋ ਬਲੈਕ ਬਾਕਸ ਮਿਲ ਗਏ ਹਨ, ਜਿਨ੍ਹਾਂ ਵਿੱਚ ਇੱਕ ਨੂੰ ਭਾਵੇਂ ਨੁਕਸਾਨ ਪੁੱਜਾ ਹੈ, ਪਰ ਹਾਲੇ ਵੀ ਉਸ ਵਿੱਚੋਂ ਕਾਫੀ ਜਾਣਕਾਰੀ ਮਿਲਣ ਦੀ ਸੰਭਾਵਨਾ ਹੈ। ਅਧਿਕਾਰਕ ਤੌਰ 'ਤੇ ਇਸ ਹਾਦਸੇ ਦੇ ਅਸਲ ਕਾਰਨਾਂ ਬਾਰੇ ਹਾਲੇ ਭਾਰਤ ਸਰਕਾਰ ਵੱਲੋਂ ਭਾਵੇਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ, ਪਰ ਇੱਕ ਸੀਨੀਅਰ ਪਾਇਲਟ ਨੇ ਕਿਹਾ ਕਿ ਜਾਪਦਾ ਹੈ, ਉਡਾਣ ਭਰਨ ਦੇ ਬਾਵਜੂਦ ਜਹਾਜ਼ ਦਾ ਲੈਂਡਿੰਗ ਗੇਅਰ ਲਿਫਟ ਨਹੀਂ ਕੀਤਾ ਗਿਆ, ਜਿਸ ਕਾਰਨ ਇਹ ਹਾਦਸਾ ਵਾਪਰਿਆ ਹੋ ਸਕਦਾ ਹੈ। ਸੋਸ਼ਲ ਮੀਡੀਆ 'ਤੇ ਹਾਦਸੇ ਤੋਂ ਬਾਅਦ ਜਾਰੀ ਹੋਈਆਂ ਕੁਝ ਵੀਡੀਓਜ਼ ਵਿੱਚ ਜਹਾਜ਼ ਉਡਾਣ ਭਰਨ ਸਮੇਂ ਅਜੀਬ ਹਰਕਤਾਂ ਕਰਦਾ ਵੇਖਿਆ ਗਿਆ।

ਉਂਝ ਇਥੇ ਇਹ ਵੀ ਦੱਸਣਯੋਗ ਹੈ ਕਿ ਟਾਟਾ ਕੰਪਨੀ ਦੇ ਖਰੀਦਣ ਤੋਂ ਬਾਅਦ ਇਸ ਕੰਪਨੀ ਦੇ ਜਹਾਜ਼ਾਂ ਵਿੱਚ ਜਿਸ ਨੇ ਵੀ ਸਫਰ ਕੀਤਾ, ਉਹ ਆਮ ਹੀ ਇਨ੍ਹਾਂ ਦੇ ਜਹਾਜ਼ਾਂ ਵਿੱਚ ਏਅਰ ਕੰਡੀਸ਼ਨ, ਖਾਣੇ, ਹੱਦੋਂ ਵੱਧ ਗੰਦੀਆਂ ਟਾਇਲਟਾਂ ਆਦਿ ਵਗੈਰਾ ਬਾਰੇ ਸ਼ਿਕਾਇਤਾਂ ਕਰਦੇ ਸਨ। ਇਹ ਸ਼ਿਕਾਇਤ ਵੀ ਆਮ ਸੀ ਕਿ ਫਲਾਈਟ ਦੇ ਉਡਾਣ ਭਰਨ ਵੇਲੇ ਅਤੇ ਉੱਤਰਨ ਵੇਲੇ ਕੰਪਨੀ ਦੇ ਜਹਾਜ਼ ਆਵਾਜ਼ ਬੜੀ ਕਰਦੇ ਹਨ। ਸਸਤੀਆਂ ਹੋਣ ਦੇ ਬਾਵਜੂਦ, ਸਟੂਡੈਂਟ ਵੀਜ਼ੇ 'ਤੇ ਆਉਣ ਵਾਲੇ ਵਿਦਿਆਰਥੀ ਵੀ ਏਅਰ ਇੰਡੀਆ ਦੀਆਂ ਟਿਕਟਾਂ ਲੈਣ ਤੋਂ ਗੁਰੇਜ਼ ਕਰਦੇ ਹਨ। ਇਸ ਸਥਿਤੀ ਵਿੱਚ ਜਦੋਂ ਏਅਰ ਇੰਡੀਆ ਦੀ ਭਰੋਸੇ ਯੋਗਤਾ ਪਹਿਲਾਂ ਹੀ ਸ਼ੱਕੀ ਹੈ ਤਾਂ ਏਡਾ ਵੱਡਾ ਹਾਦਸਾ ਕੰਪਨੀ ਦੀ ਭਰੋਸੇ ਯੋਗਤਾ ਨੂੰ ਹੋਰ ਮਾੜੇ ਰੁਖ ਪ੍ਰਭਾਵਤ ਕਰ ਸਕਦਾ ਹੈ।

ਭਾਰਤੀ ਹਵਾਈ ਪੜਤਾਲੀਆ ਏਜੰਸੀ ਤੋਂ ਇਲਾਵਾ ਇਸ ਹਾਦਸੇ ਦੀ ਪੜਤਾਲ ਵਿੱਚ ਇੰਗਲੈਂਡ ਦੀ ਐਕਸੀਡੈਂਟ ਏਵੀਏਸ਼ਨ ਇਨਵੈਸਟੀਗੇਸ਼ਨ ਬ੍ਰਾਂਚ ਵੀ ਸਹਿਯੋਗ ਦੇਵੇਗੀ। ਇਸ ਤੋਂ ਇਲਾਵਾ ਅਮਰੀਕਾ ਦੀ ਬੋਇੰਗ ਜਹਾਜ਼ ਬਣਾਉਣ ਵਾਲੀ ਕੰਪਨੀ ਦੇ ਮਾਹਿਰ ਵੀ ਜਾਂਚ ਵਿੱਚ ਸਹਿਯੋਗ ਕਰਨਗੇ। ਇਸ ਪੜਤਾਲ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ, ਕੌਕਪਿਟ ਵਾਇਸ ਰਿਕਾਰਡਰ ਅਤੇ ਫਲਾਈਟ ਡੈਟਾਰਿਕਾਰਡਰ ਆਦਿ ਦੀ ਜਾਂਚ ਕੀਤੀ ਜਾਵੇਗੀ। ਉਂਝ ਏਵੀਏਸ਼ਨ ਬਾਰੇ ਮਾਹਿਰਾਂ ਦਾ ਆਖਣਾ ਹੈ ਕਿ ਕਿਸੇ ਜਹਾਜ਼ ਦੇ ਦੋ ਇੰਜਣ ਇਕੋ ਸਾਹੇ ਫੇਲ੍ਹ ਨਹੀਂ ਹੋ ਸਕਦੇ। ਯਾਦ ਰਹੇ, ਹਰ ਫਲਾਈਟ ਦੇ ਉਡਾਣ ਭਰਨ ਤੋਂ ਪਹਿਲਾਂ ਸੰਬੰਧਤ ਜਹਾਜ਼ ਦੀ ਬਰੀਕੀ ਨਾਲ ਜਾਂਚ ਕੀਤੀ ਜਾਂਦੀ ਹੈ। ਇਹ ਪਤਾ ਕਰਨਾ ਵੀ ਜ਼ਰੂਰੀ ਹੋਏਗਾ ਕਿ ਭਾਰਤੀ ਏਵੀਏਸ਼ਨ ਵਿਭਾਗ ਦੇ ਜਾਂਚ ਕਰਨ ਵਾਲੇ ਅਧਿਕਾਰੀਆਂ ਨੇ ਕੋਈ ਅਣਗਹਿਲੀ ਕੀਤੀ ਹੈ? ਇਸ ਹਾਦਸੇ ਨਾਲ ਜੁੜ ਕੇ ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਜਹਾਜ਼ਾਂ ਦੀ ਜਾਂਚ ਕਰਨ ਵਾਲੀ ਏਜੰਸੀ ਵਿੱਚ ਮੁਲਾਜ਼ਮਾਂ/ਇੰਜੀਨੀਅਰਾਂ ਦੀ ਵੱਡੀ ਕਮੀ ਹੈ। ਇਸ ਕਾਰਨ ਹੋ ਸਕਦਾ ਹੈ ਕਿ ਕੰਮ ਦਾ ਜ਼ਿਆਦਾ ਭਾਰ ਹੋਣ ਕਾਰਨ ਤਣਾਅ ਵਿੱਚ ਏਵੀਏਸ਼ਨ ਇੰਜੀਨੀਅਰਾਂ ਤੋਂ ਗਲਤੀ ਹੋ ਗਈ ਹੋਵੇ।

ਯਾਦ ਰਹੇ, ਇਸ ਤੋਂ ਪਹਿਲਾਂ 2009 ਵਿੱਚ ਇੱਕ ਅਮਰੀਕੀ ਜਹਾਜ਼ ਵੀ ਨਿਊ ਯਾਰਕ ਦੇ ਲਾਅ ਗਾਰਡੀਆ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ ਬੰਦ ਹੋ ਗਿਆ ਸੀ; ਪਰ ਉਸ ਕੇਸ ਵਿੱਚ ਪਾਵਰ ਫੇਲ੍ਹ ਹੋਣ ਤੋਂ ਪਹਿਲਾਂ ਜਹਾਜ਼ ਕਾਫੀ ਉੱਚਾ ਉਠ ਗਿਆ ਸੀ ਅਤੇ ਉਚਾਈ ਜ਼ਿਆਦਾ ਹੋਣ ਕਾਰਨ ਪਾਣੀ ਵਿੱਚ ਉਤਾਰ ਲਿਆ ਗਿਆ ਸੀ। ਇਸ ਜਹਾਜ਼ ਦੇ ਸਾਰੇ ਯਾਤਰੀ ਬਚਾ ਲਏ ਗਏ ਸਨ। ਕੋਵੈਂਟਰੀ ਯੂਨੀਵਰਸਿਟੀ ਵਿਖੇ ਏਵੀਏਸ਼ਨ ਸਿਕਿਉਰਿਟੀ ਦੇ ਵਿਜ਼ਿਟਿੰਗ ਪ੍ਰੋਫੈਸਰ ਨੇ 'ਦਾ ਇੰਡੀਪੈਂਡੈਂਟ' ਨਾਲ ਗੱਲਬਾਤ ਵਿੱਚ ਕਿਹਾ ਕਿ ਇਉਂ ਲਗਦਾ ਹੈ ਕਿ ਇਹ ਹਾਦਸਾ ਜਹਾਜ਼ ਦੇ ਬਹੁਤ ਸਾਰੇ ਸਿਸਟਮਾਂ ਦੇ ਫੇਲ੍ਹ ਹੋਣ ਕਾਰਨ ਵਾਪਰਿਆ ਹੈ।

ਅਹਿਮਦਾਬਾਦ ਹਾਦਸੇ ਵਿੱਚ ਮਾਰੇ ਗਏ ਬਹੁਤੇ ਯਾਤਰੀਆਂ ਦੀਆਂ ਲਾਸ਼ਾਂ ਸੜਨ ਕਾਰਨ ਬੇਪਛਾਣ ਹੋ ਗਈਆਂ ਹਨ, ਇਸ ਲਈ ਉਨ੍ਹਾਂ ਦੀ ਜਿਨੈਟਿਕ ਪਛਾਣ ਕਰਨ ਤੋਂ ਬਾਅਦ ਹੀ ਵਾਰਸਾਂ ਨੂੰ ਸੌਂਪਿਆ ਜਾ ਰਿਹਾ। ਮਾਰੇ ਗਏ ਸਾਰੇ ਵਿਅਕਤੀਆਂ ਦੀਆਂ ਲਾਸ਼ਾਂ ਮਿਲ ਗਈਆਂ ਹਨ। ਕੇਂਦਰ ਸਰਕਾਰ ਅਨੁਸਾਰ ਏਅਰਕਰਾਫਟ ਇਨਵੈਸਟੀਗੇਸ਼ਨ ਬਿਊਰੋ ਵੱਲੋਂ ਹਦਸੇ ਦੀ ਜਾਂਚ ਸਰਗਰਮੀ ਨਾਲ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਹਾਦਸੇ ਦੇ ਕਾਰਨਾਂ ਦਾ ਪਤਾ ਲੱਗ ਜਾਵੇਗਾ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਲੋਕਤੰਤਰ ਨੂੰ ਕੁਚਲ ਰਿਹਾ ਹੈ ਟਰੰਪ ਪ੍ਰਸ਼ਾਸਨ !

**ਪੁਸ਼ਪਰੰਜਨ (ਸੀਨੀਅਰ ਪੱਤਰਕਾਰ)**

ਟਰੰਪ ਦੇ ਪੂਰਵਜਾਂ ਬਾਰੇ ਪਤਾ ਲਗਾਓ। ਉਹ ਸ਼ੁੱਧ ਅਮਰੀਕੀ ਨਹੀਂ ਹਨ। ਫ੍ਰੈਡਰਿਕ ਟਰੰਪ ਡੋਨਾਲਡ ਟਰੰਪ ਦੇ ਦਾਦਾ ਜੀ ਸਨ। ਉਨ੍ਹਾਂ ਦਾ ਜਨਮ ਅਤੇ ਪਾਲਣ-ਪੋਸ਼ਣ ਜਰਮਨੀ ਦੇ ਰਾਈਨਲੈਂਡ ਖੇਤਰ ਦੇ ਕਾਲਸਟੈਡ ਵਿੱਚ ਹੋਇਆ ਸੀ, ਜੋ ਉਸ ਸਮੇਂ ਬਾਵੇਰੀਆ ਦਾ ਹਿੱਸਾ ਸੀ। ਜਰਮਨ ਹੋਣ ਕਰਕੇ ਫ੍ਰੈਡਰਿਕ ਟਰੰਪ ਨੂੰ ਕੁਝ ਸਾਲਾਂ ਲਈ ਫੌਜ ਵਿੱਚ ਲਾਜ਼ਮੀ ਤੌਰ 'ਤੇ ਸੇਵਾ ਕਰਨੀ ਪੈਣੀ ਸੀ। ਫ੍ਰੈਡਰਿਕ ਟਰੰਪ ਨੇ ਇਸ ਤੋਂ ਭੱਜਣ ਦਾ ਫੈਸਲਾ ਕੀਤਾ। ਫ੍ਰੈਡਰਿਕ ਟਰੰਪ ਆਪਣੀ ਜਵਾਨੀ ਦੌਰਾਨ ਨਾਈ ਦਾ ਕੰਮ ਕਰਦੇ ਸਨ। ਉਹ 7 ਅਕਤੂਬਰ 1885 ਨੂੰ ਅਮਰੀਕਾ ਜਾਣ ਲਈ ਇੱਕ ਪਾਸੇ ਦੀ ਟਿਕਟ ਲੈ ਕੇ ਇੱਕ ਜਹਾਜ਼ ਵਿੱਚ ਚੜ੍ਹਿਆ ਅਤੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਨਿਊ ਯਾਰਕ ਪਹੁੰਚਿਆ, ਜਿੱਥੇ ਉਸਨੇ ਅੰਤ ਵਿੱਚ ਇੱਕ ਪਰਿਵਾਰ ਪਾਲਿਆ ਅਤੇ ਇੱਕ ਕਰਮਚਾਰੀ ਤੋਂ ਇੱਕ ਰੀਅਲ ਅਸਟੇਟ ਕਾਰੋਬਾਰ ਵਿੱਚ ਇੱਕ ਵਪਾਰੀ ਬਣ ਗਿਆ। ਫ੍ਰੈਡਰਿਕ ਟਰੰਪ ਦੇ ਪੁੱਤਰ ਅਤੇ ਪੋਤੇ ਇਸ ਜਰਮਨ ਵਿਰਾਸਤ ਤੋਂ ਪੂਰੀ ਤਰ੍ਹਾਂ ਇਨਕਾਰ ਕਰਦੇ ਹਨ, ਇਸਦੀ ਬਜਾਏ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਦਾਦਾ ਜੀ ਦੀਆਂ ਜੜ੍ਹਾਂ ਸਕੈਂਡੇਨੇਵੀਆ ਵਿੱਚ ਉੱਤਰ ਵੱਲ ਸਨ। ਟਰੰਪ ਨੇ ਆਪਣੀ ਸਹਿ-ਲੇਖਕ ਕਿਤਾਬ 'ਦਿ ਆਰਟ ਆਫ਼ ਦ ਡੀਲ' ਵਿੱਚ ਦਾਅਵਾ ਕੀਤਾ, "ਮੈਂ ਬਚਪਨ ਵਿੱਚ ਸਵੀਡਨ ਤੋਂ ਇੱਥੇ ਆਇਆ ਸੀ। ਪਿਤਾ ਜਰਮਨ, ਮਾਂ ਸਕਾਟਿਸ਼।" ਪਰਵਾਸੀ ਪਿਛੋਕੜ ਵਾਲਾ ਉਹੀ ਟਰੰਪ ਪਰਵਾਸੀਆਂ ਵਿਰੁੱਧ ਉਲਾਰ ਹੈ।

ਲਾਸ ਏਂਜਲਸ ਵਿੱਚ ਇਮੀਗ੍ਰੇਸ਼ਨ ਛਾਪਿਆਂ ਵਿਰੁੱਧ ਹਿੰਸਕ ਵਿਰੋਧ ਪ੍ਰਦਰਸ਼ਨ ਹੋਏ ਹਨ। ਲੋਕਾਂ ਨੂੰ ਕਾਬੂ ਕਰਨ ਲਈ ਲਾਸ ਏਂਜਲਸ ਵਿੱਚ 2,100 ਨੈਸ਼ਨਲ ਗਾਰਡ ਤਾਇਨਾਤ ਕੀਤੇ ਗਏ। ਇਸ ਤੋਂ ਇਲਾਵਾ 700 ਮਰੀਨ ਭੇਜੇ ਗਏ। ਹੁਣ ਇੱਥੇ ਨੈਸ਼ਨਲ ਗਾਰਡਾਂ ਦੀ ਗਿਣਤੀ ਚਾਰ ਹਜ਼ਾਰ ਹੋ ਗਈ ਹੈ। ਇਸ ਨਾਲ ਸਥਾਨਕ ਅਧਿਕਾਰੀਆਂ ਅਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਦੀ ਚਿੰਤਾ ਹੋਰ ਵੀ ਵਧ ਗਈ ਹੈ। ਨਿਊਸਮ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਟਰੰਪ ਇਸ ਅੱਗ ਨੂੰ ਭੜਕਾ ਰਹੇ ਹਨ ਅਤੇ ਇਹੀ ਉਹ ਚਾਹੁੰਦੇ ਸਨ। ਇਹ ਸਪੱਸ਼ਟ ਹੈ ਕਿ ਆਰਥਿਕ ਮੋਰਚੇ 'ਤੇ ਅਸਫਲ ਰਹੇ ਟਰੰਪ ਦੇਸ਼ ਦਾ ਧਿਆਨ ਇਮੀਗ੍ਰੇਸ਼ਨ ਨੀਤੀਆਂ ਵਿੱਚ ਲਾਉਣਾ ਚਾਹੁੰਦੇ ਹਨ। ਲਾਸ ਏਂਜਲਸ ਵਿੱਚ ਸਥਿਤੀ ਕਾਬੂ ਤੋਂ ਬਾਹਰ ਹੈ। ਟਰੰਪ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਵਿਹਾਰ ਇੱਕ ਤਾਨਾਸ਼ਾਹ ਵਰਗਾ ਹੋ ਗਿਆ ਹੈ।

ਟਰੰਪ ਦੇ ਜੀਵਨੀ ਲੇਖਕ ਟਿਮ ਓ'ਬ੍ਰਾਇਨ ਨੇ ਕਿਹਾ, "ਬਦਲਾ ਉਹ ਆਕਸੀਜਨ ਹੈ, ਜੋ ਉਸਨੂੰ ਚਲਦਾ ਰੱਖਦਾ ਹੈ।" ਅਤੇ ਉਸਨੇ ਆਪਣੇ ਆਪ ਨੂੰ ਚਾਪਲੂਸਾਂ ਦੇ ਇੱਕ ਸਮੂਹ ਨਾਲ ਘੇਰ ਲਿਆ ਹੈ, ਜੋ ਉਸਦੀ ਚਾਪਲੂਸੀ ਕਰਦੇ ਹਨ। ਮਖੌਲੀਏ ਦਿੱਖ ਵਾਲੇ ਆਦਮੀ ਕੈਬਨਿਟ ਮੀਟਿੰਗਾਂ ਵਿੱਚ ਉਸਦੀ ਪ੍ਰਸ਼ੰਸਾ ਕਰਦੇ ਹਨ। ਫੈਡਰਲ ਕਮਿਊਨੀਕੇਸ਼ਨ ਕਮਿਸ਼ਨ ਦੇ ਚੇਅਰਮੈਨ ਬ੍ਰੈਂਡਨ ਕਾਰ ਦੇ ਕਾਲਰ 'ਤੇ ਟਰੰਪ ਦਾ ਸੁਨਹਿਰੀ ਸਿਰ ਵੀ ਲਟਕਿਆ ਹੋਇਆ ਹੈ, ਜਿਵੇਂ ਮਾਓਵਾਦੀ ਕਰਦੇ ਸਨ। ਜਦੋਂ ਅਰਾਜਕਤਾ ਦੇ ਸਮਰਾਟ ਟਰੰਪ ਦਾ ਧਿਆਨ ਟੈਰਿਫ ਯੁੱਧ ਤੋਂ ਭਟਕ ਜਾਂਦਾ ਹੈ, ਤਾਂ ਉਹ ਪਰਵਾਸੀਆਂ ਨੂੰ ਬਾਹਰ ਕੱਢਣ ਦੀ ਮੁਹਿੰਮ ਸ਼ੁਰੂ ਕਰਦਾ ਹੈ।




ਜੇਕਰ ਅਸੀਂ ਅਮਰੀਕਾ ਨੂੰ ਧਿਆਨ ਨਾਲ ਵੇਖੀਏ, ਤਾਂ ਇਹ ਦੇਸ਼ ਬਾਹਰੋਂ ਆਏ ਲੋਕਾਂ ਨਾਲ ਭਰਿਆ ਹੋਇਆ ਸੀ। ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਦੁਆਰਾ ਲਿਖੀ ਗਈ ਇੱਕ ਕਿਤਾਬ ਦਾ ਸਿਰਲੇਖ 'ਏ ਨੇਸ਼ਨ ਆਫ਼ ਇਮੀਗ੍ਰੇਂਟਸ' ਹੈ। ਜਦੋਂ ਉਸਨੇ ਇਹ ਕਿਤਾਬ ਲਿਖੀ ਸੀ, ਉਹ ਇੱਕ ਸੈਨੇਟਰ ਸੀ। ਇਸ ਕਿਤਾਬ ਵਿੱਚ ਬਸਤੀਵਾਦੀ ਅਮਰੀਕਾ ਤੋਂ ਲੈ ਕੇ ਹੁਣ ਤੱਕ ਦੇ ਇਮੀਗ੍ਰੇਸ਼ਨ ਦਾ ਇਤਿਹਾਸ ਅਤੇ ਅਮਰੀਕਾ ਵਿੱਚ ਇਮੀਗ੍ਰੇਸ਼ਨ ਕਾਨੂੰਨ ਨੂੰ ਉਦਾਰ ਬਣਾਉਣ ਦੇ ਪ੍ਰਸਤਾਵ ਸ਼ਾਮਲ ਹਨ। 1965 ਤੋਂ ਪਹਿਲਾਂ, ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਉੱਤਰੀ ਅਤੇ ਪੱਛਮੀ ਯੂਰਪ ਤੋਂ ਪਰਵਾਸੀਆਂ ਦੇ ਹੱਕ ਵਿੱਚ ਸੀ, ਜਦੋਂ ਕਿ ਏਸ਼ੀਆ ਤੋਂ ਇਮੀਗ੍ਰੇਸ਼ਨ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰਦਾ ਸੀ। 1965 ਦੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਨੇ ਏਸ਼ੀਆ ਅਤੇ ਲਾਤੀਨੀ ਅਮਰੀਕਾ ਤੋਂ ਇਮੀਗ੍ਰੇਸ਼ਨ ਲਈ ਦਰਵਾਜ਼ਾ ਖੋਲ੍ਹ ਦਿੱਤਾ। 1990 ਦੇ ਇਮੀਗ੍ਰੇਸ਼ਨ ਐਕਟ ਨੇ ਕਾਨੂੰਨੀ ਇਮੀਗ੍ਰੇਸ਼ਨ ਨੂੰ ਹੋਰ ਢਿੱਲ੍ਹ ਦਿੱਤੀ, ਜਿਸ ਨਾਲ ਦੂਜੇ ਦੇਸ਼ਾਂ ਦੇ ਗੈਰ-ਨਿਵਾਸੀਆਂ ਨੂੰ ਕਾਨੂੰਨੀ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਣ ਦੀ ਆਗਿਆ ਮਿਲੀ।

ਉਪਲਬਧ ਰਿਕਾਰਡਾਂ ਅਨੁਸਾਰ, 347 ਮਿਲੀਅਨ ਦੀ ਆਬਾਦੀ ਵਾਲੇ ਅਮਰੀਕਾ ਵਿੱਚ ਵਿਦੇਸ਼ੀਆਂ ਦੀ ਗਿਣਤੀ 2023 ਵਿੱਚ 47.8 ਮਿਲੀਅਨ ਤੱਕ ਪਹੁੰਚ ਗਈ, ਜੋ ਕਿ 2022 ਦੇ ਮੁਕਾਬਲੇ 1.6 ਮਿਲੀਅਨ ਵੱਧ ਹੈ। ਇਹ 2000 ਤੋਂ ਬਾਅਦ 20 ਸਾਲਾਂ ਤੋਂ ਵੱਧ ਸਮੇਂ ਵਿੱਚ ਸਭ ਤੋਂ ਵੱਧ ਆਬਾਦੀ ਵਾਧਾ ਹੈ। 1970 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਰਹਿਣ ਵਾਲੇ ਪਰਵਾਸੀਆਂ ਦੀ ਗਿਣਤੀ ਅੱਜ ਦੇ ਮੁਕਾਬਲੇ ਲਗਭਗ ਪੰਜਵਾਂ ਹਿੱਸਾ ਸੀ। 1965 ਵਿੱਚ ਕਾਂਗਰਸ ਵੱਲੋਂ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਬਦਲਾਅ ਕਰਨ ਤੋਂ ਬਾਅਦ ਇਹ ਆਬਾਦੀ ਵਾਧਾ ਤੇਜ਼ ਹੋਇਆ। ਸਹੀ ਸ਼ਬਦਾਂ ਵਿੱਚ, ਮੂਲ ਨਿਵਾਸੀ ਅਮਰੀਕੀ ਆਬਾਦੀ ਦਾ ਸਿਰਫ਼ 10 ਪ੍ਰਤੀਸ਼ਤ ਬਣਦੇ ਹਨ। ਅੱਜ ਅਮਰੀਕਾ ਵਿੱਚ ਗੈਰ-ਨਿਵਾਸੀਆਂ ਦੀ ਗਿਣਤੀ 1910 ਤੋਂ ਬਾਅਦ ਸਭ ਤੋਂ ਵੱਧ ਹੈ, ਪਰ 1890 ਦੇ 14.8 ਪ੍ਰਤੀਸ਼ਤ ਦੇ ਰਿਕਾਰਡ ਤੋਂ ਘੱਟ ਹੈ।

ਪੀ.ਈ.ਡਬਲਿਊ. ਰਿਸਰਚ ਸੈਂਟਰ ਦੇ ਅੰਕੜੇ ਦਰਸਾਉਂਦੇ ਹਨ ਕਿ ਅਮਰੀਕਾ ਵਿੱਚ ਸਭ ਤੋਂ ਵੱਧ ਪਰਵਾਸੀ ਮੈਕਸੀਕੋ ਤੋਂ ਹਨ। 2022 ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਲਗਭਗ 16 ਮਿਲੀਅਨ ਪਰਵਾਸੀ ਉੱਥੇ ਪੈਦਾ ਹੋਏ ਸਨ, ਜੋ ਕਿ ਕੁੱਲ ਅਮਰੀਕੀ ਪਰਵਾਸੀਆਂ ਦਾ 23 ਪ੍ਰਤੀਸ਼ਤ ਹੈ। ਤਿੰਨ ਸਾਲ ਪਹਿਲਾਂ, ਅਮਰੀਕਾ ਵਿੱਚ ਗੈਰ-ਨਿਵਾਸੀਆਂ ਦੇ ਸਭ ਤੋਂ ਵੱਡੇ ਸਮੂਹ ਕ੍ਰਮਵਾਰ ਇੰਡੋ-ਅਮਰੀਕੀ (6 ਪ੍ਰਤੀਸ਼ਤ), ਚੀਨੀ (5 ਪ੍ਰਤੀਸ਼ਤ), ਫਿਲੀਪੀਨੋ (4 ਪ੍ਰਤੀਸ਼ਤ) ਅਤੇ ਅਲ ਸੈਲਵਾਡੋਰ (3 ਪ੍ਰਤੀਸ਼ਤ) ਦੇ ਲੋਕ ਸਨ। ਲਾਤੀਨੀ ਅਮਰੀਕਾ (27 ਪ੍ਰਤੀਸ਼ਤ), ਜਿਸ ਵਿੱਚ ਮੈਕਸੀਕੋ ਸ਼ਾਮਲ ਨਹੀਂ ਹੈ, ਪਰ ਕੈਰੇਬੀਅਨ (10 ਪ੍ਰਤੀਸ਼ਤ), ਮੱਧ ਅਮਰੀਕਾ (9 ਪ੍ਰਤੀਸ਼ਤ) ਅਤੇ ਦੱਖਣੀ ਅਮਰੀਕਾ (9 ਪ੍ਰਤੀਸ਼ਤ) ਸ਼ਾਮਲ ਹਨ। ਯੂਰਪ, ਕੈਨੇਡਾ ਅਤੇ ਹੋਰ ਉੱਤਰੀ ਅਮਰੀਕਾ ਦੇ ਗੈਰ-ਨਿਵਾਸੀ 12 ਪ੍ਰਤੀਸ਼ਤ, ਉਪ-ਸਹਾਰਨ ਅਫਰੀਕਾ (5 ਪ੍ਰਤੀਸ਼ਤ) ਅਤੇ ਮੱਧ ਪੂਰਬ ਤੇ ਉੱਤਰੀ ਅਫਰੀਕਾ (4 ਪ੍ਰਤੀਸ਼ਤ) ਸੰਯੁਕਤ ਰਾਜ ਅਮਰੀਕਾ ਵਿੱਚ ਰਹਿੰਦੇ ਹਨ।

ਜਨਵਰੀ 2025 ਵਿੱਚ ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਵਾਅਦੇ 'ਤੇ ਵੋਟਾਂ ਹਾਸਲ ਕਰਨ ਵਾਲੇ ਟਰੰਪ ਪ੍ਰਸ਼ਾਸਨ ਨੇ ਵਾਰ-ਵਾਰ ਅਮਰੀਕਾ ਨੂੰ 'ਗੈਰ-ਕਾਨੂੰਨੀ ਪਰਵਾਸੀਆਂ ਤੋਂ ਮੁਕਤ' ਬਣਾਉਣ ਦਾ ਵਾਅਦਾ ਕੀਤਾ ਹੈ। ਟਰੰਪ ਦੀਆਂ ਇਮੀਗ੍ਰੇਸ਼ਨ ਵਿਰੋਧੀ ਨੀਤੀਆਂ ਦੇ ਮਾੜੇ ਪ੍ਰਭਾਵ ਯੂਰਪ ਵਿੱਚ ਮਹਿਸੂਸ ਕੀਤੇ ਜਾਣੇ ਸ਼ੁਰੂ ਹੋ ਗਏ ਹਨ। ਇਸ ਵੇਲੇ ਲਾਸ ਏਂਜਲਸ ਵਿੱਚ ਨੈਸ਼ਨਲ ਗਾਰਡ ਵੱਡੀ ਗਿਣਤੀ ਵਿੱਚ ਪਹੁੰਚਣ ਨਾਲ ਸਥਾਨਕ ਅਧਿਕਾਰੀਆਂ ਅਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਦੀ ਚਿੰਤਾ ਹੋਰ ਵੀ ਵੱਧ ਗਈ ਹੈ। ਵੈਸੇ ਇਹ ਪਹਿਲਾ ਮੌਕਾ ਹੈ, ਜਦੋਂ ਨੈਸ਼ਨਲ ਗਾਰਡ ਨੂੰ ਗਵਰਨਰ ਦੀ ਸਹਿਮਤੀ ਤੋਂ ਬਿਨਾ ਕਿਸੇ ਰਾਜ ਵਿੱਚ ਭੇਜਿਆ ਗਿਆ ਹੈ। ਗਵਰਨਰ ਨਿਊਸਮ ਨੇ ਇਸਨੂੰ 'ਸੱਤਾ ਦੀ ਬੇਸ਼ਰਮੀ ਨਾਲ ਦੁਰਵਰਤੋਂ" ਕਿਹਾ ਅਤੇ ਰਿਕਾਰਡ 'ਤੇ ਕਿਹਾ ਕਿ ਰਾਸ਼ਟਰਪਤੀ 'ਇੱਕ ਅਸਥਿਰ ਸਥਿਤੀ ਨੂੰ ਭੜਕਾ ਰਹੇ ਸਨ।'

ਲਾਸ ਏਂਜਲਸ 'ਚ ਕਰਫਿਊ ਲਗਾਏ ਜਾਣ ਤੋਂ ਤੁਰੰਤ ਬਾਅਦ ਵੱਡੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਲੁੱਟ-ਖੋਹ ਅਤੇ ਹਫੜਾ-ਦਫੜੀ ਮਚਾਉਣ ਦੇ ਦੋਸ਼ਾਂ ਵਿੱਚ 200 ਤੋਂ ਵੱਧ ਲੋਕਾਂ ਨੂੰ ਪਹਿਲਾਂ ਹੀ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ। ਲਾਸ ਏਂਜਲਸ ਵਿੱਚ ਹਫੜਾ-ਦਫੜੀ ਵਾਲੇ ਮਾਹੌਲ ਦਾ ਅਸਰ ਨਿਊ ਯਾਰਕ ਸਮੇਤ ਹੋਰ ਸ਼ਹਿਰਾਂ 'ਤੇ ਵੀ ਪਿਆ ਹੈ। ਉੱਥੇ ਵੀ ਟਰੰਪ ਦੀਆਂ ਨੀਤੀਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਹੋਏ ਹਨ। ਗ੍ਰਿਫ਼ਤਾਰੀਆਂ ਵੀ ਕੀਤੀਆਂ ਗਈਆਂ ਹਨ। ਟਰੰਪ ਨੇ 4,000 ਨੈਸ਼ਨਲ ਗਾਰਡ ਅਤੇ 700 ਮਰੀਨ ਭੇਜਣ ਦੇ ਆਪਣੇ ਫੈਸਲੇ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਕਦਮ ਲਾਸ ਏਂਜਲਸ ਵਰਗੇ ਸ਼ਹਿਰ ਨੂੰ 'ਵਿਦੇਸ਼ੀ ਦੁਸ਼ਮਣ ਦੁਆਰਾ ਕਬਜ਼ੇ ਵਿੱਚ ਲਏ ਜਾਣ' ਤੋਂ ਬਚਾਉਣ ਲਈ ਸੀ। ਡੈਮੋਕ੍ਰੇਟ, ਜਿਨ੍ਹਾਂ ਨੂੰ ਕਈ ਵਾਰ ਖੱਬੇ-ਪੱਖੀ, ਉਦਾਰਵਾਦੀ ਜਾਂ ਪ੍ਰਗਤੀਸ਼ੀਲ ਕਿਹਾ ਜਾਂਦਾ ਹੈ, ਟਰੰਪ ਦੀਆਂ ਇਮੀਗ੍ਰੇਸ਼ਨ ਵਿਰੋਧੀ ਨੀਤੀਆਂ ਦਾ ਮੁਕਾਬਲਾ ਕਿਵੇਂ ਕਰਦੇ ਹਨ? ਇਹ ਇੱਕ ਵੱਡਾ ਸਵਾਲ ਹੈ। ਟਰੰਪ ਦੀ ਰਿਪਬਲਿਕਨ ਪਾਰਟੀ ਦਾ ਪ੍ਰਤੀਕ ਇੱਕ 'ਹਾਥੀ' ਹੈ। ਇਹ ਹਾਥੀ ਸ਼ਰਾਬੀ ਹੋ ਰਿਹਾ ਹੈ ਤੇ ਲੋਕਤੰਤਰ ਨੂੰ ਕੁਚਲ ਰਿਹਾ ਹੈ!

PROP. SUNNY BAGGA
Raja Bollywood Studio
Wedding & All Events Photography
Pre / Post Wedding Photography
Candid Photography
Cinematography Video
Video Editing
High Defination Video Coverage
Live Project On You Tube
CONTACT US...
USA- +1 331-230-9179
INDIA- 98141-00239, 98142-00239
E-Mail- rajabollywoodstudio2@gmail.com
rajabollywoodstudio
Raja Bollywood Studio

HARBIRINDER VIRK
Mortgage Loan Officer
847-942-9046
harbirv@gmail.com
MLS ID: 2212343
ratebeat MORTGAGE
Call For All Your Mortgage Lending Needs!

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ




*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਚੁਰਾਸੀ ਦੇ ਘੱਲੂਘਾਰੇ ਨੂੰ ਕਿਵੇਂ ਯਾਦ ਕਰੀਏ?

## *ਇਸ ਯਾਦ ਨੂੰ ਤਹਿਰੀਕ ਬਣਾਈਏ ਅਤੇ ਆਪਣੀ ਪੀੜ ਨੂੰ ਪ੍ਰੇਰਣਾ ਵਿੱਚ ਬਦਲ ਕੇ ਕੁਝ ਸਾਰਥਕ ਕੰਮ ਕਰੀਏ

*ਸਿੱਖ ਪੰਥ ਵਿੱਚ ਇਖ਼ਲਾਕ ਤੇ ਇਤਫ਼ਾਕ ਨੂੰ ਲੱਗ ਰਿਹਾ ਖੋਰਾ ਅਤੇ ਸ਼ਹੀਦਾਂ ਪ੍ਰਤੀ ਦਿਖਾਵੇ ਮਾਤਰ ਪ੍ਰਗਟਾਈ ਜਾ ਰਹੀ ਹਮਦਰਦੀ ਨੂੰ ਛੱਟੀਏ ਤਾਂ ਇਹੋ ਕੁਝ ਸਾਫ ਹੋਵੇਗਾ ਕਿ ਹੁਣ ਅਸੀਂ ਵਿਰਾਸਤ ਵਿਸਾਰ ਕੇ, ਬੈਨਰ ਝਾਕੀਆਂ ਅਤੇ ਤਖ਼ਤੀਆਂ ਉਸਾਰਨ ਵਿੱਚ ਰੁਝ ਗਏ ਹਾਂ। ਹਥਲੇ ਲੇਖ ਵਿਚਲੀ ਇਹ ਟਿੱਪਣੀ "ਸਾਡੀਆਂ ਯਾਦਗਾਰਾਂ ਹੁਣ ਕੁਝ ਜ਼ਿਆਦਾ ਹੀ ਸ਼ੋਰੀਲੀਆਂ ਅਤੇ ਭੜਕਾਊ ਹੋ ਗਈਆਂ ਹਨ" ਬੜੀ ਗਹਿਰ-ਗੰਭੀਰ ਤਾਂ ਹੀ ਹੈ, ਪਰ ਸਾਨੂੰ ਸੋਚਣ ਲਈ ਮਜਬੂਰ ਵੀ ਕਰਦੀ ਹੈ ਕਿ ਕਿਉਂ ਨਾ ਇਨ੍ਹਾਂ ਦਾ ਧਿਆਨ ਸਾਡੇ ਸੰਤਾਪ ਨੂੰ ਸੰਜੋ ਕੇ ਤੇ ਸਾਡੀ ਕੌਮ ਨੂੰ ਅਗਾਂਹ ਖੜ੍ਹਨ ਵੱਲ ਹੋਵੇ? ਬੀਬੀ ਗੁਰਮੀਤ ਕੌਰ ਪੰਜਾਬੀ ਬੋਲੀ, ਵਿਰਾਸਤ ਤੇ ਵਾਤਾਵਰਨ ਨੂੰ ਸੰਭਾਲਣ ਲਈ ਸਮਰਪਿਤ ਲੇਖਿਕਾ ਹੈ। ਉਨ੍ਹਾਂ ਨੇ 'ਮਰਜੀਵੜਾ ਜਸਵੰਤ ਸਿੰਘ ਖਾਲੜਾ' ਅਤੇ 'ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ' ਪੁਸਤਕ ਲੜੀ ਲਿਖੀ ਹੈ। '84 ਦੇ ਘੱਲੂਘਾਰੇ ਦੀ ਯਾਦਗਾਰ ਬਾਬਤ ਉਨ੍ਹਾਂ ਸਕਾਰਾਤਮਕ ਸੋਚ ਦਾ ਪ੍ਰਗਟਾਵਾ ਕੀਤਾ ਹੈ ਕਿ ਇਸ ਯਾਦ ਨੂੰ ਤਹਿਰੀਕ ਬਣਾਈਏ ਅਤੇ ਆਪਣੀ ਪੀੜ ਨੂੰ ਪ੍ਰੇਰਣਾ ਵਿੱਚ ਬਦਲ ਕੇ ਕੁਝ ਸਾਰਥਕ ਕੰਮ ਕਰੀਏ। -ਪ੍ਰਬੰਧਕੀ ਸੰਪਾਦਕ*



**ਗੁਰਮੀਤ ਕੌਰ**

ਇਨ੍ਹੀਂ ਦਿਨੀਂ ਆਪਾਂ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨੂੰ ਵੀ ਯਾਦ ਕਰਦੇ ਹਾਂ। ਅਸੀਂ ਜਹਾਂਗੀਰ ਦਾ ਪੁਤਲਾ ਨਹੀਂ ਫੂਕਦੇ, ਬਲਕਿ ਸਿੱਖ ਰਵਾਇਤ ਮੁਤਾਬਿਕ ਠੰਡਾ ਤੇ ਮਿੱਠਾ ਜਲ ਛਕਾ ਕੇ ਸ਼ਾਂਤੀ ਦਾ ਸੁਨੇਹਾ ਦਿੰਦੇ ਹਾਂ। ਯਾਦ ਕਰਨ ਦਾ ਇਹ ਤਰੀਕਾ ਸਾਡੀ ਵਿਰਾਸਤ ਹੈ, ਸਾਡਾ ਸੱਭਿਆਚਾਰ ਹੈ; ਪਰ ਜੂਨ 84 ਨੂੰ ਯਾਦ ਕਰਨ ਦਾ ਅਸੀਂ ਜੋ ਰਾਹ ਅਪਣਾਇਆ ਹੈ, ਕੀ ਉਹ ਸਾਡੀਆਂ ਕਦਰਾਂ-ਕੀਮਤਾਂ ਦੇ ਹਾਣ ਦਾ ਹੈ?

"ਮੈਂ ਸੋਚਦਾ ਹਾਂ ਕਿ ਲੋਕ ਇੰਨੀ ਸ਼ਿੱਦਤ ਨਾਲ਼ ਨਫ਼ਰਤ ਨੂੰ ਇਸ ਕਰ ਕੇ ਜਕੜੀ ਰੱਖਦੇ ਹਨ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ, ਜਿਵੇਂ ਹੀ ਨਫ਼ਰਤ ਕਰਨੀ ਛੱਡੀ ,ਅਪਣੇ ਦਰਦ ਦਾ ਸਾਹਮਣਾ ਕਰਨਾ ਪਵੇਗਾ।" -ਜੇਮਸ ਬਾਲਡਵਿਨ

---

ਪਿਛਲੇ 41 ਸਾਲਾਂ ਤੋਂ ਅਸੀਂ ਗ਼ੁੱਸੇ ਵਿੱਚ ਚੀਕ-ਚੀਕ ਕੇ ਦੁਨੀਆ ਨੂੰ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡੇ ਨਾਲ ਸੰਨ ਚੁਰਾਸੀ ਵਿੱਚ ਹੋਇਆ ਕੀ ਸੀ। ਹੱਥਾਂ ਵਿੱਚ ਤਖ਼ਤੀਆਂ ਫੜੀ ਅਸੀਂ ਦੁਨੀਆਂ ਦੇ ਹਰ ਖੂੰਜੇ ਵਿੱਚ ਰੋਸ ਮੁਜ਼ਾਹਰਾ ਕੀਤਾ ਹੈ। ਪਰ ਮੇਰਾ ਹੱਥ ਜੋੜ ਕੇ ਤੁਹਾਨੂੰ ਇਹ ਸਵਾਲ ਹੈ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਦਿੱਤਾ ਹੈ ਜਾਂ ਅਸੀਂ ਇਸ ਸੇਵਾ ਤੋਂ ਭਗੌੜੇ ਹੋਏ ਹਾਂ?

**ਜੂਨ '84 ਦੀ ਯਾਦ ਵਿੱਚ ਕੋਈ ਨਗਰ ਕੀਰਤਨ ਤੁਸੀਂ ਵੇਖਿਆ ਹੈ?**

ਸਾਡੇ ਹੱਥੀ ਫੜੀਆਂ ਤਖ਼ਤੀਆਂ, ਖ਼ਾਲਿਸਤਾਨ ਦੇ ਝੰਡੇ, ਝਾਕੀਆਂ ਉੱਤੇ ਕੁਝ ਸ਼ਹੀਦਾਂ ਦੀਆਂ, ਭਾਰਤੀ ਫ਼ੌਜ ਦੇ ਹਮਲੇ ਅਤੇ ਇੰਦਰਾ ਗਾਂਧੀ ਦੇ ਸੋਧੇ ਦੀਆਂ ਤਸਵੀਰਾਂ, ਨਾਅਰੇ ਲਾਉਂਦੇ ਜਾਂ ਸੈਲਫੀਆਂ ਵਿੱਚ ਗਵਾਚੇ ਜਵਾਕ, ਬਹੁਤਿਆਂ ਦਾ ਲੰਗਰ ਦੇ ਸਟਾਲਾਂ ਵਿੱਚ ਧਿਆਨ, ਓਹੀ ਤਕਰੀਰਾਂ, ਓਹੀ ਨਫ਼ਰਤ ਦਾ ਇਜ਼ਹਾਰ। ਲੱਖਾਂ ਡਾਲਰ ਤੇ ਕਈ ਦਿਨਾਂ ਦੀ ਇੰਤਜ਼ਾਮੀ ਮਿਹਨਤ ਦੇ ਨਗਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਸਭ ਆਪੋ-ਆਪਣੇ ਘਰੀਂ ਤੁਰ ਜਾਂਦੇ ਹਨ- ਅਗਲੇ ਨਗਰ ਕੀਰਤਨ ਦੀ ਉਡੀਕ ਵਿੱਚ।

**ਤੇ 6 ਜੂਨ ਨੂੰ ਦਰਬਾਰ ਸਾਹਿਬ ਕੰਪਲੈਕਸ ਵਿੱਚ ਕੀ ਹੁੰਦਾ ਹੈ?**

*ਅੱਡ-ਅੱਡ ਧੜਿਆਂ ਦਾ ਆਪਣੇ-ਆਪ ਨੂੰ ਪੰਥਕ ਅਤੇ ਦੂਜੇ ਨੂੰ ਏਜੰਸੀਆਂ ਨਾਲ਼ ਮਿਲ਼ੇ ਹੋਣ ਦਾ ਦਾਅਵਾ।

*ਪ੍ਰੈਸ ਸੁਰਖੀਆਂ ਲਈ ਨਿਮਾਣੇ ਹੋਣ ਦੀ ਬਜਾਏ ਮੰਚਾਂ 'ਤੇ ਛਾ ਜਾਣ ਦੀ ਹੋੜ।

*ਤਲਵਾਰਾਂ ਲਹਿਰਾਉਣੀਆਂ- ਸ਼ਬਦ ਦੀ ਗੂੰਜ ਦੀ ਥਾਂ ਹਥਿਆਰਾਂ ਦਾ ਖਨਕਣਾ।

*ਸਟੇਜਾਂ 'ਤੇ ਕਬਜ਼ਾ ਕਰਨ ਦੀ ਮਨੋਬਿਰਤੀ- ਸ਼ਹੀਦ ਪਰਿਵਾਰਾਂ ਦੀ ਸੇਵਾ ਦੀ ਥਾਂ ਸਿਆਸਤ।

*ਇਕ-ਦੂਜੇ ਦੀਆਂ ਪੱਗਾਂ ਲਾਹੁਣ ਲਈ ਡਾਂਗਾਂ ਨਾਲ ਲੈਸ- ਤਿਆਰ-ਬਰ-ਤਿਆਰ ਗੁਰੂ ਦੇ ਸਿੱਖ!

ਇਹ ਉਹੀ ਥਾਂ ਹੈ, ਜਿਸ ਬਾਰੇ ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਸੀ ਕਿ "ਦਰਬਾਰ ਸਾਹਿਬ ਦੀ ਹਦੂਦ ਅੰਦਰ ਪੈਰ ਸੰਭਲ਼-ਸੰਭਲ਼ ਕੇ ਰੱਖੋ, ਕਿਉਂਕਿ ਇੱਕ-ਇੱਕ ਸਿੱਲ ਥੱਲੇ ਕਈ-ਕਈ ਸੀਸ ਲੱਗੇ ਹਨ।"

...ਜਿਸ ਦੇ ਸੰਗਮਰਮਰ 'ਤੇ ਹਾਲੇ ਵੀ ਖ਼ੂਨ ਦੇ ਛਿੱਟੇ ਹਨ, ਜਿਸ ਦੀਆਂ ਹਵਾਵਾਂ ਵਿੱਚ ਸ਼ਹੀਦੀਆਂ ਗੂੰਜਦੀਆਂ ਹਨ। ਅਸੀਂ ਇਸ ਪਵਿੱਤਰ ਅਸਥਾਨ ਤੇ ਪਵਿੱਤਰ ਯਾਦ ਦਾ ਕੀ ਹਾਲ ਕੀਤਾ, ਕਦੇ ਸੋਚਿਆ ਹੈ?

ਸਵਾਲ ਆਪਣੀ ਥਾਂ ਫਿਰ ਖੜ੍ਹਾ ਹੈ- ਅਸੀਂ ਕਰ ਕੀ ਰਹੇ ਹਾਂ? ਇੱਕ ਦੂਜੇ ਨਾਲ ਮੁਕਾਬਲਾ ਜਾਂ ਸ਼ਹੀਦਾਂ ਦੀ ਯਾਦ ਤੇ ਉਨ੍ਹਾਂ ਦੇ ਵਿਰਸੇ ਦੀ ਸੰਭਾਲ਼?

ਕੀ ਅਸੀਂ ਦੁਨੀਆਂ ਨੂੰ ਦੱਸ ਪਾ ਰਹੇ ਹਾਂ ਕਿ 41 ਸਾਲ ਪਹਿਲਾਂ ਇੱਥੇ ਜਾਂ ਹੋਰ 40 ਗੁਰਦੁਆਰਿਆਂ ਵਿੱਚ ਕੀ ਹੋਇਆ ਸੀ ਜਾਂ ਅਸੀਂ ਆਪਣੇ ਦਰਦ ਨੂੰ ਹਰ ਸਾਲ 'ਰਿਪੀਟ ਬਟਨ' ਨੱਪ ਕੇ ਸਿਰਫ਼ ਨਫ਼ਰਤ ਦੇ ਰੂਪ ਵਿੱਚ ਉਗਲ਼ ਰਹੇ ਹਾਂ?

**ਅਸੀਂ ਕਿਸ ਦਰਦ ਤੋਂ ਪਰ੍ਹੇ ਭੱਜ ਰਹੇ ਹਾਂ?**

ਬਾਲਡਵਿਨ ਠੀਕ ਕਹਿੰਦਾ ਹੈ- ਹੱਲ ਨਾਲੋਂ, ਇਲਾਜ ਨਾਲੋਂ, ਨਫ਼ਰਤ ਸੌਖੀ ਹੈ। ਜੂਨ ਦੇ ਰੋਸ ਪ੍ਰਗਟਾਵੇ ਤੋਂ ਬਾਅਦ ਜਦੋਂ ਅਸੀਂ ਆਪੋ-ਆਪਣੇ ਕੰਮਾਂ-ਕਾਰਾਂ ਵਿੱਚ ਰੁੱਝ ਜਾਂਦੇ ਹਾਂ ਤੇ ਪਿੱਛੇ ਰਹਿ ਜਾਂਦੇ ਹਨ:

ਉਹ ਪਿਓ, ਜਿਸ ਨੂੰ ਹਾਲੇ ਵੀ ਨਹੀਂ ਪਤਾ ਲੱਗਾ ਕਿ ਉਸ ਦੀ ਧੀ ਜਾਂ ਪੁੱਤ ਕਿੱਥੇ ਖਪਾ ਦਿੱਤੇ ਗਏ?

ਉਹ ਭੈਣ, ਜਿਸਦੀ ਪਤ ਰੋਲਣ ਵਾਲੇ ਨੂੰ ਸਰਕਾਰੀ ਮਾਣ-ਤਾਣ ਮਿਲ਼ਿਆ।

ਗੁਰੂ ਘਰ ਦਾ ਉਹ ਗ੍ਰੰਥੀ, ਜੋ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਯਾਦ ਕਰਕੇ ਅੱਜ ਵੀ ਰਾਤ-ਬਰਾਤੇ ਨੀਂਦ ਵਿੱਚ ਉੱਠ ਖੜ੍ਹਦਾ ਹੈ।

ਸ਼ਹੀਦ ਸਿੰਘ ਦੀ ਉਹ ਬੇਘਰ ਸਿੰਘਣੀ, ਜੋ ਆਪਣੀ ਅੱਸੀ ਸਾਲਾਂ ਦੀ ਮਾਂ ਨਾਲ ਇਕਤਾ਼ਲੀ ਸਾਲਾਂ ਬਾਅਦ ਵੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ।

ਉਹ ਅਖ਼ਬਾਰ, ਰਸਾਲੇ, ਅਦਾਰੇ ਅਤੇ ਕੌਮੀ ਤੇ ਕੌਮਾਂਤਰੀ ਅਦਾਲਤਾਂ, ਜੋ 1984 ਦੇ ਕਤਲੇਆਮ ਨੂੰ ਨਸਲਕੁਸ਼ੀ ਮੰਨਣ ਤੋਂ ਇਨਕਾਰੀ ਹਨ।

ਇਹ ਦਰਦ ਸਹਿਣਾ ਔਖਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਅਸੀਂ ਸਿਰ ਜੋੜ ਕੇ ਬੈਠਦੇ, ਪਰ ਅਸੀਂ ਸੌਖਾ ਰਾਹ ਅਪਣਾਇਆ ਨਾਅਰਿਆਂ ਦਾ, ਤਖ਼ਤੀਆਂ ਦਾ।

ਅੱਜ ਖਾਲੜਾ ਸਾਹਿਬ ਇਹ ਚਾਹੁੰਦੇ ਕਿ ਉਨ੍ਹਾਂ ਦੇ ਪੋਸਟਰ ਲੈ ਕੇ ਅਸੀਂ ਸੜਕਾਂ 'ਤੇ ਵਿਰੋਧ ਕਰੀਏ ਜਾਂ ਉਹ ਸਾਨੂੰ ਕਹਿੰਦੇ ਕਿ ਆਹ ਮੇਰੀਆਂ ਫ਼ਾਈਲਾਂ ਚੱਕੋ, ਆਹ ਪਈ ਏ ਕਲਮ, ਅਤੇ ਮੇਰੇ ਸ਼ੁਰੂ ਕੀਤੇ ਕਾਰਜ ਨੂੰ ਅੱਗੇ ਤੋਰੋ। ਉਨ੍ਹਾਂ ਦੇ ਬਚਨ ਕਿ ਮੇਰੇ ਨਾ਼ਲ ਮੇਰੇ ਕੰਮ ਨੇ ਖ਼ਤਮ ਨਹੀਂ ਹੋ ਜਾਣਾ, ਇਹ ਤਾਂ ਉਦੋਂ ਪੂਰਾ ਹੋਵੇਗਾ ਜਦ ਅਖ਼ੀਰਲੀ ਲਾਸ਼ ਲੱਭ ਗਈ, ਉਹਦਾ ਨਾਮ ਦਸਤਾਵੇਜ਼ਾਂ 'ਤੇ ਆ ਗਿਆ ਅਤੇ ਉਹਦੇ ਪਰਿਵਾਰ ਨੂੰ ਦੱਸ ਦਿੱਤਾ ਗਿਆ।

ਸਾਡੇ ਇਸ ਸ਼ਹੀਦ ਨੇ ਸਾਨੂੰ ਵਾਰ-ਵਾਰ ਕਿਹਾ ਸੀ ਕਿ ਡਾਕੂਮੈਂਟੇਸ਼ਨ ਕਰੇ ਬਿਨਾ ਇਸ ਨੂੰ ਨਸਲਕੁਸ਼ੀ ਕਿਸੇ ਨੇ ਨਹੀਂ ਮੰਨਣਾ। ਦੁਨੀਆ ਨੇ ਇਸ ਤੋਂ ਇਨਕਾਰੀ ਹੀ ਹੋਣਾ ਹੈ।

ਡਾਕਟਰ ਗਰੈਗਰੀ ਸਟੈਂਟਨ (Genocide Watch) ਦੇ ਫ਼ਰੇਮ-ਵਰਕ ਨਾ਼ਲ ਜਾਣੂ ਹੋਈਏ ਤੇ ਨਾ ਭੁੱਲੀਏ ਕਿ ਹਰ ਨਸਲਕੁਸ਼ੀ ਦਾ ਅਖ਼ੀਰਲਾ ਅਤੇ ਉਸ ਨੂੰ ਦੁਹਰਾਉਣ ਲਈ ਰਾਹ ਪੱਧਰਾ ਕਰਨ ਵਿੱਚ ਅਹਿਮ ਪੜਾਅ ਹੁੰਦਾ ਹੈ- ਉਸ ਤੋਂ ਇਨਕਾਰੀ ਹੋਣਾ।

ਅਸੀਂ ਕਹਿੰਦੇ ਹਾਂ "ਨੈਵਰ ਫ਼ੋਰਗੈਟ 1984" ਪਰ ਸਾਡੇ ਵਿੱਚੋਂ ਕਿੰਨਿਆਂ ਨੂੰ 25 ਹਜ਼ਾਰ ਅਣਪਛਾਤੀਆਂ ਲਾਸ਼ਾਂ ਵਿੱਚੋਂ 10 ਦੇ ਨਾਮ ਵੀ ਯਾਦ ਨੇ? ਤੇ ਅਸੀਂ ਉਨ੍ਹਾਂ 'ਚ ਕਿੰਨੇ ਸ਼ਹਿਰਾਂ ਜਾਂ ਕਸਬਿਆਂ ਦੇ ਨਾਮ ਦੱਸ ਸਕਦੇ ਹਾਂ, ਜਿੱਥੇ ਨਵੰਬਰ ਵਿੱਚ ਸਿੱਖਾਂ ਨੂੰ ਘਰਾਂ ਵਿੱਚੋਂ ਘੜੀਸ ਕੇ ਜਿਉਂਦਿਆਂ ਨੂੰ ਸਾੜਿਆ ਗਿਆ ਸੀ?

ਸਾਡੇ ਵਿੱਚੋਂ ਕਿੰਨਿਆਂ ਨੇ ਖਾਲੜਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੀ ਗੱਲ ਕੀਤੀ ਹੈ?

**ਰੋਸ ਦੀ ਓਟ 'ਚ ਅਸੀਂ ਕੀ ਕੁਝ ਗੁਆ ਲਿਆ ਹੈ?**

ਨਾਅਰਿਆਂ, ਰੋਸ ਮੁਜ਼ਾਹਰਿਆਂ ਤੇ ਭਾਸ਼ਣਾਂ ਦੇ ਇਕਤਾ਼ਲੀ ਸਾਲਾਂ ਦੇ ਰੁਝਾਉਣ ਵਿੱਚ, ਇਹ ਕਹਿੰਦਿਆਂ ਕਿ '84 ਨਾ ਭੁੱਲਣ ਨਾ ਬਖ਼ਸ਼ਣ ਯੋਗ ਹੈ', ਸਾਡੇ ਨਾ਼ਲ ਇਹ ਕੁਝ ਹੋ ਨਿਬੜਿਆ:

ਅਸੀਂ ਆਪਣੇ ਪਾਣੀ ਗਵਾ ਲਏ ਅਤੇ ਧਰਤੀ ਤੇ ਪੌਣ ਜ਼ਹਿਰੀਲੀ ਕਰ ਚੁੱਕੇ ਹਾਂ।

ਸਾਡੇ ਨੌਜਵਾਨ ਨਸ਼ਿਆਂ ਨਾਲ ਬੇਗਾਨਗੀ ਦੀ ਜ਼ਿੰਦਗੀ ਜੀਉ ਰਹੇ ਹਨ।

ਚੌਧਰ ਦੀ ਭੁੱਖ ਵਿੱਚ ਡੁੱਬੇ, ਸਿੱਖੀ ਤੋਂ ਸੱਖਣੇ ਮਸੰਦ ਸਾਡੇ ਗੁਰਦੁਆਰਿਆਂ 'ਤੇ ਕਾਬਜ਼ ਹੋਈ ਬੈਠੇ ਹਨ।

ਸਾਡੀ ਪੰਜਾਬੀ ਬੋਲੀ ਦਾ ਹਾਲ ਬਹੁਤ ਮੰਦਾ ਹੈ।

ਸਾਡਾ ਇਤਿਹਾਸ ਤਬਦੀਲ ਕੀਤਾ ਜਾ ਰਿਹਾ ਹੈ।

ਪੰਜਾਬ ਸਿੱਖਾਂ ਤੋਂ ਖ਼ਾਲੀ ਹੋ ਰਿਹਾ ਹੈ।

ਅਸੀਂ ਸ਼ਹੀਦਾਂ ਲਈ ਰੋਸ-ਵਿਖਾਵੇ ਤਾਂ ਕਰਦੇ ਹਾਂ, ਪਰ ਉਨ੍ਹਾਂ ਦੇ ਟੀਚੇ ਨੂੰ ਭੁੱਲ ਚੁੱਕੇ ਹਾਂ। ਅਸੀਂ ਮਰਿਆਂ ਨੂੰ ਰੋਂਦੇ ਹਾਂ, ਪਰ ਜਿਉਂਦਿਆਂ ਦੀ ਸਾਰ ਨਹੀਂ ਲੈਂਦੇ। ਅਸੀਂ ਬੈਠ ਕੇ ਵਿਚਾਰ ਕਰਨਾ ਛੱਡ ਦਿੱਤਾ। ਅਸੀਂ ਹੁੱਭ ਕੇ ਸਾਰਥਕ ਕੰਮ ਨਾਲੋਂ ਦਿਖਾਵਾ ਕਰਨ ਨੂੰ ਤਰਜੀਹ ਦਿੰਦੇ ਹਾਂ। ਸਾਡੀ ਗੱਲਬਾਤ ਵਿੱਚ ਭੜਕਾਹਟ ਵੱਧ ਤੇ ਸਹਿਜ ਘੱਟ ਹੈ। ਹੁਣ ਅਸੀਂ ਵਿਰਾਸਤ ਵਿਸਾਰ ਕੇ ਬੈਨਰ ਝਾਕੀਆਂ ਅਤੇ ਤਖ਼ਤੀਆਂ ਉਸਾਰਦੇ ਹਾਂ।

**ਸਵਾਲ ਹੈ, ਫਿਰ ਅਸੀਂ 84 ਨੂੰ ਕਿਵੇਂ ਯਾਦ ਕਰੀਏ?**

ਕਿੰਨਾ ਸੁਹਣਾ ਹੋਵੇ ਜੇਕਰ ਅਸੀਂ ਜੂਨ ਦਾ ਮਹੀਨਾ ਸੇਵਾ, ਸੰਵਾਦ ਅਤੇ ਜ਼ਾਬਤੇ ਨੂੰ ਸਮਰਪਿਤ ਕਰੀਏ। ਅਸੀਂ ਨਿਜੀ ਤੌਰ 'ਤੇ, ਪਰਿਵਾਰਕ ਤੌਰ ਤੇ ਅਤੇ ਸੰਗਤੀ ਰੂਪ ਵਿੱਚ ਕੀ ਕਰ ਸਕਦੇ ਹਾਂ?

**1.** ਜੇ ਤੁਸੀਂ ਕਿਸੇ ਸ਼ਹੀਦ ਬਾਰੇ ਜਾਣਦੇ ਹੋ, ਜਿਨ੍ਹਾਂ ਦਾ ਕਿਸੇ ਵੱਡੀ ਲਿਖਤ ਜਾਂ ਦਸਤਾਵੇਜ਼ ਵਿੱਚ ਜ਼ਿਕਰ ਨਹੀਂ ਹੋਇਆ ਹੋਵੇ, ਤਾਂ ਉਹਨੂੰ ਕਲਮਬੰਦ ਕਰਨ ਵਿੱਚ ਮਦਦ ਕਰੋ। ਉਨ੍ਹਾਂ ਦੀ ਜ਼ਿੰਦਗੀ ਤੇ ਸ਼ਹਾਦਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕਰੋ ਤੇ ਆਪਣੇ ਤਜਰਬੇ ਲਿਖੋ। ਇਨ੍ਹਾਂ ਨੂੰ ਇਨਸਾਫ਼ ਜਥੇਬੰਦੀ ਨਾ਼ਲ ਰਾਬਤਾ ਕਰ ਕੇ ਉਨ੍ਹਾਂ ਨਾ਼ਲ ਸਾਂਝਿਆਂ ਕਰੋ। ਆਪਣੇ ਪਰਿਵਾਰ ਨੂੰ ਉਨ੍ਹਾਂ ਬਾਰੇ ਦੱਸੋ, ਤਾਂ ਜੋ ਇਹ ਸਿੱਖਿਆ ਤੇ ਸੇਵਾ ਪੀੜ੍ਹੀ-ਦਰ-ਪੀੜ੍ਹੀ ਅੱਗੇ ਚੱਲੇ।

ਘੱਲੂਘਾਰੇ ਤੇ ਉਸ ਤੋਂ ਬਾਅਦ ਹੋਈ ਨਸਲਕੁਸ਼ੀ ਨੂੰ ਕੌਮਾਂਤਰੀ ਤੌਰ 'ਤੇ ਦਰਜ ਕਰਵਾਉਣ ਲਈ ਅਤੇ ਇਸ ਬਾਬਤ ਆਪਣਾ ਪੱਖ ਮਜਬੂਤੀ ਨਾ਼ਲ ਪੇਸ਼ ਕਰਨ ਲਈ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਦੀ ਲੋੜ ਹੈ। ਸ਼ਹੀਦ ਪਰਿਵਾਰਾਂ ਦੀ ਹੱਡਬੀਤੀ ਦਰਜ ਕਰੀਏ ਤੇ ਮੌਖਿਕ ਇਤਿਹਾਸ ਨੂੰ ਸਾਂਭਣ ਦੇ ਉਪਰਾਲੇ ਕਰੀਏ। ਦਿੱਲੀ ਤੋਂ ਬਾਹਰ ਨਵੰਬਰ ਦੇ ਕਤਲੇਆਮ ਦੇ ਪੂਰੇ ਭਾਰਤ ਦੇ ਪਸਾਰੇ, ਅੰਕੜਿਆਂ ਤੇ ਦਰਦ ਨੂੰ ਅੱਜ ਤੱਕ ਕਿਸੇ ਜਥੇਬੰਦੀ ਨੇ ਪੂਰੀ ਤਰ੍ਹਾਂ ਕਾਨੀਬੰਦ ਨਹੀਂ ਕੀਤਾ।

**2.** ਰੋਸ ਨੂੰ ਸੁਚੱਜੇ ਤਰੀਕੇ ਨਾ਼ਲ ਜਾਣਕਾਰੀ ਦੇਣ ਵਿੱਚ ਵਰਤੀਏ, ਨਾ ਕਿ ਸਿਰਫ਼ ਦੂਸਰਿਆਂ ਨੂੰ ਨੀਵਾਂ ਵਿਖਾਉਣ ਤੇ ਕਿਸੇ ਸਮੂਹ ਨੂੰ ਭੜਕਾਉਣ ਲਈ। ਲਘੂ ਦਸਤਾਵੇਜ਼ੀ ਫ਼ਿਲਮਾਂ, ਪੌਡਕਾਸਟ, ਕਵਿਤਾ, ਕਲਾ, ਕਹਾਣੀਆਂ ਦਾ ਡੂੰਘਾ ਤੇ ਲੰਮਾ ਅਸਰ ਪੈਂਦਾ ਹੈ। ਸਕੂਲਾਂ-ਕਾਲਜਾਂ, ਗੁਰਦੁਆਰਿਆਂ ਵਿੱਚ ਯਾਦਗਾਰੀ ਸਮਾਗਮ ਅਤੇ ਕਿਤਾਬਾਂ ਪੜ੍ਹ ਕੇ ਚਰਚਾਵਾਂ ਕਰਨੀਆਂ ਤੇ ਕਰਾਉਣੀਆਂ ਕੁਝ ਸਾਰਥਕ ਤਰੀਕੇ ਹਨ।

**3.** ਆਪਣੇ ਵਿਦਿਅਕ, ਸਿਹਤ ਸਬੰਧੀ ਤੇ ਭਲਾਈ ਦੇ ਅਦਾਰਿਆਂ ਦੇ ਨਾਮ ਸ਼ਹੀਦਾਂ ਦੇ ਨਾਮ 'ਤੇ ਰੱਖੀਏ। ਉਨ੍ਹਾਂ ਦੇ ਨਾਮ 'ਤੇ ਵਜ਼ੀਫ਼ੇ, ਕਾਨੂੰਨੀ ਸਲਾਹਾਂ ਆਦਿ ਦੇਈਏ, ਅਨਾਥ ਆਸ਼ਰਮ ਖੋਲ੍ਹੀਏ ਏ ਉਨ੍ਹਾਂ ਪਰਿਵਾਰਾਂ ਦੀ ਸਾਰ ਲਈਏ, ਜਿਨ੍ਹਾਂ ਇਹ ਸਭ ਕੁਝ ਆਪਣੇ ਪਿੰਡੇ 'ਤੇ ਹੰਢਾਇਆ ਏ।

**4.** ਨੌਜਵਾਨ ਪੀੜ੍ਹੀ ਨੂੰ ਆਪਣੇ ਨਾਇਕਾਂ ਤੇ ਅਦਰਸ਼ਾਂ ਤੋਂ ਜਾਣੂ ਕਰਵਾਈਏ; ਨਾ ਸਿਰਫ਼ ਉਨ੍ਹਾਂ ਯੋਧਿਆਂ ਨਾ਼ਲ, ਜਿਨ੍ਹਾਂ ਨੇ ਇਸ ਜਬਰ ਦਾ ਬਦਲਾ ਲਿਆ, ਸਗੋਂ ਉਨ੍ਹਾਂ ਨਾਲ ਵੀ ਜਿਨ੍ਹਾਂ ਹਕੂਮਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸੱਚ ਬੋਲਿਆ। ਉਨ੍ਹਾਂ ਦੀਆਂ ਜੀਵਨੀਆਂ 'ਤੇ ਵਿਚਾਰ-ਸੰਵਾਦ ਹੋਣ, ਉਹ ਸਾਡੀ ਜ਼ਿੰਦਗੀ ਦਾ ਹਿੱਸਾ ਬਣਨ।

**5.** ਪੰਜਾਬ ਦੀ ਮਰ ਰਹੀ ਮਿੱਟੀ ਨੂੰ ਜਿਉਂਦਾ ਕਰੀਏ, ਨਵੀਆਂ ਜੁਗਤਾਂ ਨਾ਼ਲ ਪਾਣੀ ਨੂੰ ਬਚਾਈਏ, ਸਿਆਸੀ ਲੋਟੂ ਜਮਾਤ ਤੋਂ ਆਪ ਬਚੀਏ ਤੇ ਲੋਕਾਈ ਨੂੰ ਬਚਾਈਏ, ਅਤੇ ਪੰਜਾਬ ਵਿੱਚ ਨਸ਼ੇ ਤੇ ਅਨਪੜ੍ਹਤਾ ਦੀ ਲਾਹਨਤ ਖ਼ਤਮ ਕਰ ਕੇ, ਰੌਸ਼ਨ-ਖ਼ਿਆਲ ਲੋਕ ਸਿਰਜੀਏ ਤੇ ਪਰਦੇਸਾਂ ਦਾ ਪਰਵਾਸ ਰੋਕਣ ਵਿੱਚ ਆਪਣੀ ਪੂਰਾ ਵਾਹ ਲਾਈਏ।

**ਅਸਲ ਵਿੱਚ ਗੱਲ ਇਹ ਹੈ...**

ਅਸੀਂ '84 ਨਾ ਹੀ ਭੁੱਲ ਸਕਦੇ ਹਾਂ; ਨਾ ਹੀ ਭੁੱਲਣਾ ਏ। ਇਨ੍ਹਾਂ 41 ਸਾਲਾਂ ਵਿੱਚ ਜੋ ਹੋ ਗਿਆ, ਉਹਨੂੰ ਅਸੀਂ ਮੋੜ ਵੀ ਨਹੀਂ ਸਕਦੇ; ਪਰ ਆਉਣ ਵਾਲੇ 40 ਸਾਲਾਂ ਦੀ ਸਾਰ ਤਾਂ ਲੈ ਹੀ ਸਕਦੇ ਹਾਂ।

ਸੋ ਆਪਣੇ-ਆਪ ਨੂੰ ਚਿਤਾਓ ਕਿ ਜਦੋਂ ਸਾਡੇ ਬੱਚੇ 1984 ਦੀ ਗੱਲ ਕਰਨ ਤੇ ਇਹ ਪੁੱਛਣ ਕਿ ਅਸੀਂ 84 ਦੀ ਯਾਦ ਕਾਇਮ ਰੱਖਣ ਲਈ ਕੀ ਕੀਤਾ? ਤਾਂ ਸਾਨੂੰ ਦੱਸਦਿਆਂ ਅਤੇ ਉਨ੍ਹਾਂ ਨੂੰ ਸੁਣਦਿਆਂ ਇਹ ਮਹਿਸੂਸ ਹੋਵੇ ਕਿ ਅਸੀਂ ਮਰੇ ਨਹੀਂ, ਜਿਉਂਦੀ-ਜਾਗਦੀ ਕੌਮ ਹਾਂ।

ਸਮੇਂ ਦੇ ਨਾ਼ਲ ਬਦਲੇ ਦੀ ਭਾਵਨਾ, ਨਫ਼ਰਤ ਤੇ ਵਿਖਾਵਾ ਸਭ ਕੁਝ ਫਿੱਕਾ ਪੈ ਜਾਵੇਗਾ; ਸਿਵਾਏ ਉਸ ਨਿਰਮਲ ਪੰਥ ਦੇ ਜੋ ਪ੍ਰੇਮ, ਸੱਚ, ਨਿਆਂ, ਸਾਂਝੀਵਾਲਤਾ ਤੇ ਸ਼ਬਦ ਗੁਰੂ ਦੀ ਟੇਕ 'ਤੇ ਆਪਣੇ ਆਪ ਨੂੰ ਫੇਰ ਤੋਂ ਸਿਰਜਣ ਦਾ ਹੀਲਾ ਕਰੇਗਾ।

**ਸੋ ਆਓ ਇਸ ਯਾਦ ਨੂੰ ਤਹਿਰੀਕ ਬਣਾਈਏ**

'84 ਦੇ ਜ਼ਖਮਾਂ ਨੂੰ ਰਿਸਦਾ ਨਾਸੂਰ ਨਹੀਂ, ਸੂਰਜ ਬਣਨ ਦਿਓ। -ਗੁਰਭਗਤ ਸਿੰਘ

ਆਪਣੀ ਪੀੜ ਨੂੰ ਪ੍ਰੇਰਣਾ ਵਿੱਚ ਬਦਲ ਕੇ ਕੁਝ ਸਾਰਥਕ ਕੰਮ ਕਰੀਏ, ਕੋਈ ਬੀਜ ਬੀਜੀਏ, ਤੇ ਫਿਰ ਉਹਨੂੰ ਵੱਡਾ ਬੋਹੜ ਬਣਨ ਤੱਕ ਸਿੰਜੀਏ। ਰੁੱਸੀਆਂ ਬਹਾਰਾਂ ਮੁੜ ਆਉਣਗੀਆਂ ਤੇ ਇਸ ਰੁੱਖ ਦੀ ਛਾਂ ਵਿੱਚ ਫਿਰ ਕੁਲ ਕਾਇਨਾਤ ਸੁਖੀ ਵਸੇਗੀ।

'84 ਦੇ ਸੂਰਜ ਕੋਲੋਂ ਰੌਸ਼ਨੀ ਮੰਗੀਏ ਅਤੇ ਸ਼ਹੀਦਾਂ ਦੀ ਯਾਦ ਵਿੱਚ ਆਪਣੀ ਅਤੇ ਕੁੱਲ ਲੁਕਾਈ ਦੀ ਹੋਂਦ ਨੂੰ ਇਨਸਾਫ਼ ਨਾਲ ਰੁਸ਼ਨਾ ਦਈਏ।

ਸ਼ਹੀਦਾਂ ਦਾ ਲਹੂ ਕੋਈ ਵਿਖਾਵੇ ਦੀ ਸ਼ੈਅ ਨਹੀਂ।

ਇਹ ਤਾਂ ਉਹ ਬੀਜ ਹੈ, ਜਿਸ ਨਾ਼ਲ ਦੂਣ-ਸਵਾਈ ਫ਼ਸਲ ਹੁੰਦੀ ਹੈ; ਇਹ ਉਹ ਪਾਣੀ ਹੈ, ਜੋ ਪੰਥ ਦੀ ਖੇਤੀ ਨੂੰ ਸਿੰਜਦਾ ਹੈ।

-0-

# ਕੀ ਫਸਲਾਂ ਦੇ ਖੇਤ ਨਵੇਂ ਜੰਗੀ ਮੈਦਾਨ ਹਨ?



## ਖੇਤੀ ਅਤਿਵਾਦ

ਡਾ. ਪੀ. ਐੱਸ. ਤਿਆਗੀ | ਡਾ. ਸ਼ਾਲੂ ਵਿਆਸ
ਫੋਨ:+91-9855446519 | ਫੋਨ:+91-9996692444
ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ (ਜਲੰਧਰ)



ਲਗਭਗ ਇੱਕ ਮਹੀਨਾ ਪਹਿਲਾਂ ਇਸ ਸਾਲ ਮਈ ਵਿੱਚ ਵਿਸ਼ਵ ਅਧਿਕਾਰੀਆਂ ਨੂੰ ਹੈਰਾਨ ਕਰਨ ਵਾਲੀ ਇੱਕ ਤਾਜ਼ਾ ਘਟਨਾ ਵਿੱਚ ਬੀ.ਬੀ.ਸੀ. ਨਿਊਜ਼ ਨੇ ਰਿਪੋਰਟ ਦਿੱਤੀ ਕਿ ਦੋ ਚੀਨੀ ਨਾਗਰਿਕਾਂ ਨੇ ਅਮਰੀਕੀ ਖੇਤਾਂ ਨੂੰ ਸੰਕਰਮਿਤ ਕਰਨ ਲਈ ਇੱਕ 'ਸੰਭਾਵੀ ਖੇਤੀਬਾੜੀ ਅਤਿਵਾਦ' ਜ਼ਹਿਰੀਲੀ ਉੱਲੀ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਐਫ.ਬੀ.ਆਈ. ਦੇ ਡਾਇਰੈਕਟਰ ਨੇ ਪੁਸ਼ਟੀ ਕੀਤੀ ਕਿ ਅਮਰੀਕਾ ਵਿੱਚ ਦੋ ਚੀਨੀ ਨਾਗਰਿਕਾਂ ਨੂੰ ਇੱਕ ਖਤਰਨਾਕ ਜੈਵਿਕ ਰੋਗਾਣੂ ਦੀ ਦੇਸ਼ ਵਿੱਚ ਤਸਕਰੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਉੱਲੀ 'ਫੁਸਾਰੀਅਮ ਗ੍ਰਾਮੀਨੀਅਰਮ' ਪੂਰੇ ਖੇਤੀਬਾੜੀ ਪ੍ਰਣਾਲੀਆਂ ਨੂੰ ਤਬਾਹ ਕਰ ਸਕਦੀ ਸੀ, ਜਿਸ ਨਾਲ ਵੱਡੇ ਪੱਧਰ 'ਤੇ ਫਸਲਾਂ ਦੀ ਅਸਫਲਤਾ ਅਤੇ ਲੰਬੇ ਸਮੇਂ ਲਈ ਵਾਤਾਵਰਣ ਨੂੰ ਨੁਕਸਾਨ ਹੋ ਸਕਦਾ ਸੀ। ਅਮਰੀਕੀ ਅਧਿਕਾਰੀਆਂ ਨੇ ਇਸ ਕਾਰਵਾਈ ਨੂੰ 'ਖੁਰਾਕ ਸੁਰੱਖਿਆ 'ਤੇ ਜੈਵਿਕ ਹਮਲਾ' ਕਿਹਾ ਹੈ, ਇੱਕ ਅਜਿਹਾ ਸ਼ਬਦ ਜੋ ਖੇਤੀ-ਅਤਿਵਾਦ ਦੀ ਧਾਰਨਾ ਨੂੰ ਅਕਾਦਮਿਕ ਰਸਾਲਿਆਂ ਤੋਂ ਬਾਹਰ ਕੱਢ ਕੇ ਸੁਰਖੀਆਂ ਵਿੱਚ ਲਿਆਉਂਦਾ ਹੈ। ਅਮਰੀਕਾ-ਚੀਨ ਤਣਾਅ ਦੇ ਵਿਚਕਾਰ ਖੇਤੀਬਾੜੀ ਨੂੰ ਵਿਗਾੜਨ ਲਈ ਹਾਨੀਕਾਰਕ ਏਜੰਟਾਂ ਦੀ ਵਰਤੋਂ ਕਰਦੇ ਹੋਏ ਖੇਤੀ-ਅਤਿਵਾਦ 'ਤੇ ਚਰਚਾ ਦੁਨੀਆ ਭਰ ਵਿੱਚ ਵਧੀ ਹੈ। ਮੁੱਖ ਫਸਲਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਜ਼ਹਿਰੀਲੀ ਉੱਲੀ 'ਫੁਸਾਰੀਅਮ ਗ੍ਰਾਮੀਨੀਅਰਮ' ਇਸ ਖਤਰੇ ਦਾ ਕੇਂਦਰ ਹੈ।

ਮਨ ਵਿੱਚ ਇੱਕ ਸਵਾਲ ਉੱਠਦਾ ਹੈ ਕਿ ਕੀ ਖੇਤ ਨਵੇਂ ਜੰਗ ਦੇ ਮੈਦਾਨ ਹਨ? ਭਾਵੇਂ ਅਮਰੀਕਾ ਨੇ ਇੱਕ ਖੇਤੀਬਾੜੀ ਆਫ਼ਤ ਨੂੰ ਟਾਲ ਦਿੱਤਾ ਹੈ, ਪਰ ਇਹ ਘਟਨਾ ਅਤਿਵਾਦ ਦੇ ਇੱਕ ਸ਼ਾਂਤ ਪਰ ਵਿਨਾਸ਼ਕਾਰੀ ਰੂਪ ਨੂੰ ਪ੍ਰਕਾਸ਼ ਵਿੱਚ ਲਿਆਉਂਦੀ ਹੈ, ਜਿਸਨੇ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਜੜ੍ਹ ਫੜ ਲਈ ਹੈ, ਜਿਸਨੂੰ 'ਖੇਤੀ-ਅਤਿਵਾਦ' ਵਜੋਂ ਜਾਣਿਆ ਜਾਂਦਾ ਹੈ। ਹਥਲਾ ਅਹਿਮ ਲੇਖ ਇਸ ਉਦੇਸ਼ ਨਾਲ ਲਿਖਿਆ ਗਿਆ ਹੈ ਕਿ ਸਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ, ਖੇਤੀ-ਅਤਿਵਾਦ ਸਿਰਫ਼ ਖੇਤੀਬਾੜੀ ਹਿੱਸੇਦਾਰਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ- ਇਹ ਇੱਕ ਵਧਦੇ ਰਾਸ਼ਟਰੀ ਸੰਕਟ ਨੂੰ ਦਰਸਾਉਂਦਾ ਹੈ।

ਖੇਤੀ-ਅਤਿਵਾਦ ਕੀ ਹੈ? ਖੇਤੀਬਾੜੀ ਕਿਸੇ ਵੀ ਦੇਸ਼ ਦੇ ਆਰਥਿਕ ਢਾਂਚੇ ਦਾ ਇੱਕ ਬੁਨਿਆਦੀ ਹਿੱਸਾ ਹੈ। ਸਦੀਆਂ ਤੋਂ ਇਹ ਇੱਕ ਪ੍ਰਾਇਮਰੀ ਸੈਕਟਰ ਵਜੋਂ ਕੰਮ ਕਰਦਾ ਆਇਆ ਹੈ, ਲੱਖਾਂ ਲੋਕਾਂ ਨੂੰ ਰੋਜ਼ੀ-ਰੋਟੀ ਪ੍ਰਦਾਨ ਕਰਦਾ ਹੈ ਅਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦ (GDP) ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਪੇਂਡੂ ਘਰਾਂ ਦੀ ਆਰਥਿਕ ਜੀਵਨਸ਼ਕਤੀ ਮੁੱਖ ਤੌਰ 'ਤੇ ਕਿਸਾਨਾਂ ਦੇ ਸਮਰਪਿਤ ਯਤਨਾਂ 'ਤੇ ਨਿਰਭਰ ਕਰਦੀ ਹੈ। ਜਿਵੇਂ ਹੀ ਕਿਸਾਨ ਆਪਣੇ ਵਿਸ਼ਾਲ ਖੇਤਾਂ ਦਾ ਸਰਵੇਖਣ ਕਰਦੇ ਹਨ, ਕੁਦਰਤ ਪ੍ਰਤੀ ਸ਼ੁਕਰਗੁਜ਼ਾਰੀ ਦੀ ਡੂੰਘੀ ਭਾਵਨਾ ਉਨ੍ਹਾਂ ਨੂੰ ਘੇਰ ਲੈਂਦੀ ਹੈ। ਹਰੀਆਂ-ਭਰੀਆਂ ਫਸਲਾਂ, ਮਜਬੂਤ ਅਤੇ ਵਧਦੀਆਂ-ਫੁਲਦੀਆਂ, ਇੱਕ ਗਤੀਸ਼ੀਲ ਟੇਪੇਸਟ੍ਰੀ ਵਾਂਗ ਉੱਗਦੀਆਂ ਹਨ, ਜਿਸ ਵਿੱਚ ਹਰੇਕ ਪੌਦਾ ਸਾਵਧਾਨੀਪੂਰਵਕ ਮਿਹਨਤ ਅਤੇ ਲਗਨ ਦੇ ਫਲ ਨੂੰ ਦਰਸਾਉਂਦਾ ਹੈ। ਜਿਵੇਂ ਹੀ ਕਿਸਾਨ ਆਪਣੀਆਂ ਸੁਨਹਿਰੀਆਂ ਫ਼ਸਲਾਂ ਨੂੰ ਪੱਕਦੇ ਦੇਖਦੇ ਹਨ, ਉਨ੍ਹਾਂ ਵਿੱਚ ਖੁਸ਼ੀ ਅਤੇ ਮਾਣ ਦੀ ਲਹਿਰ ਦੌੜ ਜਾਂਦੀ ਹੈ, ਜੋ ਮਿੱਟੀ ਤੋਂ ਜੀਵਨ ਪੈਦਾ ਕਰਨ ਦੀ ਪ੍ਰਾਪਤੀ ਦੀ ਡੂੰਘੀ ਭਾਵਨਾ ਵਿੱਚ ਜੜ੍ਹੀ ਹੁੰਦੀ ਹੈ।

ਹੁਣ ਜ਼ਰਾ ਇੱਕ ਅਜਿਹੇ ਦ੍ਰਿਸ਼ ਦੀ ਕਲਪਨਾ ਕਰੋ, ਜਿੱਥੇ ਇੱਕ ਕਿਸਾਨ ਸਵੇਰੇ ਉੱਠਦਾ ਹੈ ਅਤੇ ਦੇਖਦਾ ਹੈ ਕਿ ਉਸਦੇ ਸੁਨਹਿਰੀ ਕਣਕ ਦੇ ਖੇਤਾਂ ਦੇ ਵਿਸ਼ਾਲ ਖੇਤਰ ਸੜ ਗਏ ਹਨ ਅਤੇ ਕਾਲੇ ਹੋ ਗਏ ਹਨ। ਉਸਦੇ ਵਧਦੇ-ਫੁੱਲਦੇ ਬਾਗ਼ ਬਿਨਾ ਕਿਸੇ ਸਪੱਸ਼ਟ ਕਾਰਨ ਦੇ ਸੁੱਕ ਗਏ ਹਨ, ਉਸਦੇ ਪਸ਼ੂ ਰਹੱਸਮਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਇਹ ਦ੍ਰਿਸ਼ ਇੱਕ ਕਾਲਪਨਿਕ ਕਹਾਣੀ ਵਰਗਾ ਲੱਗ ਸਕਦਾ ਹੈ, ਪਰ ਇਹ ਖੇਤੀਬਾੜੀ-ਅਤਿਵਾਦ ਦੁਆਰਾ ਪੈਦਾ ਕੀਤੀ ਗਈ ਸਖ਼ਤ ਹਕੀਕਤ ਨੂੰ ਦਰਸਾਉਂਦਾ ਹੈ। ਜਿਵੇਂ ਕਿ ਦੁਨੀਆ ਅਤਿਵਾਦ ਦੇ ਰਵਾਇਤੀ ਰੂਪਾਂ ਨਾਲ ਜੂਝ ਰਹੀ ਹੈ, ਇੱਕ ਹੋਰ ਡੂੰਘਾ ਵਿਨਾਸ਼ਕਾਰੀ ਖ਼ਤਰਾ ਉੱਭਰ ਰਿਹਾ ਹੈ। ਇਹ ਖ਼ਤਰਾ ਸਿੱਧੇ ਤੌਰ 'ਤੇ ਵਿਅਕਤੀਆਂ ਨੂੰ ਨਹੀਂ, ਸਗੋਂ ਜ਼ਰੂਰੀ ਭੋਜਨ ਪ੍ਰਣਾਲੀਆਂ, ਆਰਥਿਕ ਸਥਿਰਤਾ ਅਤੇ ਭਾਈਚਾਰਿਆਂ ਦੇ ਬਚਾਅ ਨੂੰ ਨਿਸ਼ਾਨਾ ਬਣਾਉਂਦਾ ਹੈ। ਇਹ ਖ਼ਤਰਾ ਹੈ ਖੇਤੀ-ਅਤਿਵਾਦ।

ਖੇਤੀ-ਅਤਿਵਾਦ ਕਿਸੇ ਦੇਸ਼ ਦੇ ਖੇਤੀਬਾੜੀ ਬੁਨਿਆਦੀ ਢਾਂਚੇ 'ਤੇ ਹਮਲਾ ਕਰਨ ਲਈ ਜੈਵਿਕ ਏਜੰਟਾਂ- ਜਿਵੇਂ ਕਿ ਪੌਦਿਆਂ ਦੇ ਰੋਗਾਣੂ, ਕੀੜੇ, ਜਾਂ ਦੂਸ਼ਿਤ ਤੱਤਾਂ ਦੀ ਜਾਣ-ਬੁੱਝ ਕੇ ਵਰਤੋਂ ਹੈ। ਇਹ ਆਰਥਿਕ ਤਬਾਹੀ, ਭੋਜਨ ਅਸੁਰੱਖਿਆ ਅਤੇ ਜਨਤਕ ਦਹਿਸ਼ਤ ਪੈਦਾ ਕਰਨ ਦੇ ਉਦੇਸ਼ ਨਾਲ ਭੋਜਨ ਉਤਪਾਦਨ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਰਲ ਸ਼ਬਦਾਂ ਵਿੱਚ, ਫਸਲਾਂ ਨੂੰ ਨੁਕਸਾਨ ਪਹੁੰਚਾਉਣ ਲਈ ਜੈਵਿਕ ਏਜੰਟਾਂ ਦੀ ਵਰਤੋਂ ਕਰਕੇ ਖੇਤਾਂ ਦੀ ਤਬਾਹੀ ਨੂੰ ਮੋਟੇ ਤੌਰ 'ਤੇ 'ਖੇਤੀ-ਅਤਿਵਾਦ' ਕਿਹਾ ਜਾਂਦਾ ਹੈ। ਖੇਤੀਬਾੜੀ-ਆਧਾਰਤ ਖੇਤਰ ਖਾਸ ਤੌਰ 'ਤੇ ਕਮਜ਼ੋਰ ਹਨ। ਫੌਜੀ ਜਾਂ ਵਿੱਤੀ ਪ੍ਰਣਾਲੀਆਂ ਦੇ ਉਲਟ ਖੇਤ, ਫੂਡ ਪ੍ਰੋਸੈਸਿੰਗ ਪਲਾਂਟ ਅਤੇ ਸਪਲਾਈ ਚੇਨ ਘੱਟ ਸੁਰੱਖਿਅਤ ਹਨ ਤੇ ਵਿਆਪਕ ਤੌਰ 'ਤੇ ਫੈਲੀਆਂ ਹੋਈਆਂ ਹਨ। ਫਸਲਾਂ ਜਾਂ ਪਸ਼ੂਆਂ 'ਤੇ ਜੈਵਿਕ ਹਮਲੇ ਹਫ਼ਤਿਆਂ ਤੱਕ ਅਣਪਛਾਤੇ ਰਹਿ ਸਕਦੇ ਹਨ ਅਤੇ ਦੋਸ਼ੀਆਂ ਦੀ ਪਛਾਣ ਕਰਨਾ ਮੁਸ਼ਕਲ ਹੈ। ਇਹ ਖੇਤੀ-ਅਤਿਵਾਦ ਨੂੰ ਉਨ੍ਹਾਂ ਦੇਸ਼ਾਂ ਜਾਂ ਸਮੂਹਾਂ ਲਈ ਇੱਕ ਸ਼ਕਤੀਸ਼ਾਲੀ ਹਥਿਆਰ ਬਣਾਉਂਦਾ ਹੈ, ਜੋ ਕਿਸੇ ਵਿਰੋਧੀ ਦੇਸ਼ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਰਵਾਇਤੀ ਅਤਿਵਾਦ ਦੇ ਉਲਟ ਖੇਤੀ-ਅਤਿਵਾਦ ਚੁੱਪਚਾਪ ਕੰਮ ਕਰਦਾ ਹੈ, ਜੋ ਅਕਸਰ ਉਦੋਂ ਤੱਕ ਅਣਦੇਖਾ ਰਹਿੰਦਾ ਹੈ, ਜਦੋਂ ਤੱਕ ਨੁਕਸਾਨ ਵਿਆਪਕ ਨਹੀਂ ਹੋ ਜਾਂਦਾ। ਮੁੱਠੀ ਭਰ ਖੇਤੀ ਰੋਗ ਦੇ ਬੀਜਾਣੂ ਜਾਂ ਇੱਕ ਸੰਕਰਮਿਤ ਜਾਨਵਰ ਆਰਥਿਕ ਹਫੜਾ-ਦਫੜੀ, ਕਿਸਾਨ ਖੁਦਕੁਸ਼ੀਆਂ, ਭੋਜਨ ਮਹਿੰਗਾਈ ਅਤੇ ਇੱਥੋਂ ਤੱਕ ਕਿ ਸਿਵਲ ਅਸ਼ਾਂਤੀ ਨੂੰ ਵੀ ਸ਼ੁਰੂ ਕਰ ਸਕਦਾ ਹੈ।





■ 'ਫੁਸਾਰੀਅਮ ਗ੍ਰਾਮੀਨੀਅਰਮ' ਨਾਂ ਦੀ ਉੱਲੀ ਨਾਲ ਗ੍ਰਸਤ ਮੱਕੀ ਅਤੇ ਕਣਕ ਦੀ ਫਸਲ

ਰਵਾਇਤੀ ਅਤਿਵਾਦ ਦੇ ਉਲਟ ਖੇਤੀ-ਅਤਿਵਾਦ ਚੁੱਪਚਾਪ ਕੰਮ ਕਰਦਾ ਹੈ, ਜੋ ਅਕਸਰ ਉਦੋਂ ਤੱਕ ਅਣਦੇਖਾ ਰਹਿੰਦਾ ਹੈ, ਜਦੋਂ ਤੱਕ ਨੁਕਸਾਨ ਵਿਆਪਕ ਨਹੀਂ ਹੋ ਜਾਂਦਾ। ਮੁੱਠੀ ਭਰ ਖੇਤੀ ਰੋਗ ਦੇ ਬੀਜਾਣੂ ਜਾਂ ਇੱਕ ਸੰਕਰਮਿਤ ਜਾਨਵਰ ਆਰਥਿਕ ਹਫੜਾ-ਦਫੜੀ, ਕਿਸਾਨ ਖੁਦਕੁਸ਼ੀਆਂ, ਭੋਜਨ ਮਹਿੰਗਾਈ ਅਤੇ ਇੱਥੋਂ ਤੱਕ ਕਿ ਸਿਵਲ ਅਸ਼ਾਂਤੀ ਨੂੰ ਵੀ ਸ਼ੁਰੂ ਕਰ ਸਕਦਾ ਹੈ। ਸਰਲ ਸ਼ਬਦਾਂ ਵਿੱਚ, ਫਸਲਾਂ ਨੂੰ ਨੁਕਸਾਨ ਪਹੁੰਚਾਉਣ ਲਈ ਜੈਵਿਕ ਏਜੰਟਾਂ ਦੀ ਵਰਤੋਂ ਕਰਕੇ ਖੇਤਾਂ ਦੀ ਤਬਾਹੀ ਨੂੰ ਮੋਟੇ ਤੌਰ 'ਤੇ 'ਖੇਤੀ-ਅਤਿਵਾਦ' ਕਿਹਾ ਜਾਂਦਾ ਹੈ। ਇਸਦੇ ਮੁੱਖ ਤੌਰ 'ਤੇ ਉਨ੍ਹਾਂ ਦੇਸ਼ਾਂ 'ਤੇ ਵਧੇਰੇ ਦੂਰਗਾਮੀ ਪ੍ਰਭਾਵ ਹਨ, ਜਿਨ੍ਹਾਂ ਦੀ ਆਰਥਿਕਤਾ ਖੇਤੀਬਾੜੀ 'ਤੇ ਨਿਰਭਰ ਹੈ। ਅਤਿਵਾਦ ਦਾ ਇਹ ਰੂਪ ਖੇਤੀਬਾੜੀ ਸੈਕਟਰ ਨੂੰ ਨੁਕਸਾਨ ਪਹੁੰਚਾ ਕੇ ਅਰਥਵਿਵਸਥਾਵਾਂ ਨੂੰ ਅਸਥਿਰ ਕਰਨ, ਡਰ ਪੈਦਾ ਕਰਨ ਅਤੇ ਸਮਾਜਿਕ ਵਿਵਸਥਾ ਨੂੰ ਵਿਗਾੜਨ ਦੀ ਕੋਸ਼ਿਸ਼ ਕਰਦਾ ਹੈ, ਜੋ ਕਿ ਅਕਸਰ ਕਿਸੇ ਦੇਸ਼ ਦੀ ਆਰਥਿਕਤਾ ਅਤੇ ਭੋਜਨ ਸੁਰੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਖੇਤੀ-ਅਤਿਵਾਦ ਵਿੱਚ ਵਰਤੇ ਜਾਣ ਵਾਲੇ ਤਰੀਕਿਆਂ ਵਿੱਚ ਖੇਤੀਬਾੜੀ ਇਨਪੁਟਸ ਵਿੱਚ ਕੀੜੇ, ਬਿਮਾਰੀਆਂ ਜਾਂ ਜ਼ਹਿਰੀਲੇ ਪਦਾਰਥਾਂ ਦਾ ਪ੍ਰਵੇਸ਼ ਸ਼ਾਮਲ ਹੋ ਸਕਦਾ ਹੈ, ਜਿਸ ਨਾਲ ਵਿਆਪਕ ਫਸਲਾਂ ਦੀ ਤਬਾਹੀ, ਪਸ਼ੂਆਂ ਦੀ ਬਿਮਾਰੀ ਅਤੇ ਭੋਜਨ ਦੀ ਕਮੀ ਹੋ ਸਕਦੀ ਹੈ। ਪ੍ਰਭਾਵਿਤ ਦੇਸ਼ਾਂ ਨੂੰ ਗੰਭੀਰ ਖੇਤੀਬਾੜੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਆਰਥਿਕ ਮੰਦੀ ਆ ਸਕਦੀ ਹੈ ਜੋ ਕਿਸਾਨਾਂ, ਨਿਰਯਾਤਕਾਰਾਂ ਅਤੇ ਸੰਬੰਧਿਤ ਉਦਯੋਗਾਂ ਨੂੰ ਪ੍ਰਭਾਵਿਤ ਕਰਦੀ ਹੈ। ਫਸਲਾਂ ਦੀ ਤਬਾਹੀ ਭੋਜਨ ਦੀ ਕਮੀ, ਕੀਮਤਾਂ ਨੂੰ ਵਧਾਉਣ ਅਤੇ ਘਾਟ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ, ਜੋ ਆਬਾਦੀ ਦੀ ਸਿਹਤ ਤੇ ਤੰਦਰੁਸਤੀ ਲਈ ਖ਼ਤਰਾ ਬਣ ਸਕਦੀ ਹੈ। ਭੋਜਨ ਦੀ ਕਮੀ ਤੇ ਵਧਦੀਆਂ ਕੀਮਤਾਂ ਆਬਾਦੀ ਵਿੱਚ ਸਿਵਲ ਵਿਗਾੜ, ਵਿਰੋਧ ਪ੍ਰਦਰਸ਼ਨ ਅਤੇ ਦਹਿਸ਼ਤ ਦਾ ਕਾਰਨ ਬਣ ਸਕਦੀਆਂ ਹਨ।

ਖੇਤੀਬਾੜੀ-ਅਤਿਵਾਦ ਦੀ ਵਰਤੋਂ ਦਾ ਵਿਚਾਰ ਹਾਲ ਹੀ ਵਿੱਚ ਹੋਇਆ ਵਿਕਾਸ ਨਹੀਂ ਹੈ। ਇਤਿਹਾਸਕ ਸਬੂਤ ਦਰਸਾਉਂਦੇ ਹਨ ਕਿ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨੀ ਨੇ ਯੂਨਾਈਟਿਡ ਕਿੰਗਡਮ ਵਿੱਚ ਆਲੂ ਦੀਆਂ ਫਸਲਾਂ ਨੂੰ ਕੋਲੋਰਾਡੋ ਆਲੂ ਬੀਟਲ ਨਾਲ ਨਿਸ਼ਾਨਾ ਬਣਾ ਕੇ ਇੱਕ ਖੇਤੀਬਾੜੀ-ਅਤਿਵਾਦ ਰਣਨੀਤੀ ਦੀ ਵਰਤੋਂ ਕੀਤੀ ਸੀ। ਇਸ ਤੋਂ ਇਲਾਵਾ ਜਾਪਾਨ ਨੇ ਖੇਤੀਬਾੜੀ-ਅਤਿਵਾਦ ਦੇ ਵਿਕਲਪਾਂ 'ਤੇ ਵਿਚਾਰ ਕੀਤਾ ਸੀ, ਖਾਸ ਤੌਰ 'ਤੇ ਸੰਯੁਕਤ ਰਾਜ ਅਤੇ ਸੋਵੀਅਤ ਯੂਨੀਅਨ- ਦੋਹਾਂ ਵਿੱਚ ਕਣਕ ਦੇ ਖੇਤਾਂ ਨੂੰ ਨਿਸ਼ਾਨਾ ਬਣਾਉਣ ਲਈ ਕਣਕ ਦੇ ਜੰਗਾਲ ਦੇ ਬੀਜਾਣੂਆਂ ਦੀ ਵਰਤੋਂ 'ਤੇ ਵਿਚਾਰ ਕੀਤਾ ਸੀ। ਸੰਯੁਕਤ ਰਾਜ ਨੇ ਕਣਕ ਦੇ ਤਣੇ ਦੀ ਬਿਮਾਰੀ ਲਈ ਜ਼ਿੰਮੇਵਾਰ ਫੰਗਲ ਏਜੰਟ ਦੀ ਵਰਤੋਂ ਕਰਨ ਦੀਆਂ ਰਣਨੀਤੀਆਂ ਬਾਰੇ ਵੀ ਸੋਚਿਆ ਸੀ। ਇਹ ਮੰਨਿਆ ਗਿਆ ਹੈ ਕਿ ਅਮਰੀਕਾ ਨੇ ਸ਼ੁਰੂ ਵਿੱਚ ਇਨ੍ਹਾਂ ਬੀਜਾਣੂਆਂ ਦੀ ਵਰਤੋਂ ਕਰਕੇ ਜਾਪਾਨ ਦੀਆਂ ਚੌਲਾਂ ਦੀਆਂ ਫਸਲਾਂ ਨੂੰ ਤਬਾਹ ਕਰਨ 'ਤੇ ਵਿਚਾਰ ਕੀਤਾ, ਪਰ ਅੰਤ ਵਿੱਚ ਜਾਪਾਨੀ ਆਤਮ ਸਮਰਪਣ ਕਰਨ ਲਈ ਪਰਮਾਣੂ ਬੰਬ ਦੀ ਵਰਤੋਂ ਦੀ ਚੋਣ ਕੀਤੀ।

ਭਾਰਤ ਵੀ ਖੇਤੀ ਅਤਿਵਾਦ ਦਾ ਸ਼ਿਕਾਰ ਹੋਇਆ ਹੈ, ਖਾਸ ਕਰਕੇ ਕਿਉਂਕਿ ਖੇਤੀਬਾੜੀ ਦੇਸ਼ ਦੇ ਜੀ.ਡੀ.ਪੀ. ਦਾ ਲਗਭਗ 17% ਹੈ। ਪੰਜਾਬ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵਰਗੇ ਪ੍ਰਮੁੱਖ ਖੇਤੀਬਾੜੀ ਰਾਜਾਂ ਦੀ ਵਿਰੋਧੀ ਗੁਆਂਢੀਆਂ ਨਾਲ ਭੂਗੋਲਿਕ ਨੇੜਤਾ ਖੇਤੀ-ਅਤਿਵਾਦ ਦੇ ਜੋਖਮ ਨੂੰ ਵਧਾਉਂਦੀ ਹੈ। ਮਾਹਿਰਾਂ ਨੇ ਕਈ ਮੌਕਿਆਂ 'ਤੇ ਭਾਰਤ ਦੀਆਂ ਸਰਹੱਦਾਂ 'ਤੇ 'ਖੇਤੀਬਾੜੀ ਅਤਿਵਾਦ' ਕਹੇ ਜਾਣ ਵਾਲੀਆਂ ਘਟਨਾਵਾਂ ਵੇਖੀਆਂ ਹਨ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ 2016 ਵਿੱਚ ਬੰਗਲਾਦੇਸ਼ ਤੋਂ ਪੱਛਮੀ ਬੰਗਾਲ ਵਿੱਚ ਇੱਕ ਹਾਨੀਕਾਰਕ ਉੱਲੀ ਦੀ ਤਸਕਰੀ ਕੀਤੀ ਗਈ ਸੀ। ਹਾਲਾਂਕਿ ਸ਼ੱਕ ਹੈ ਕਿ ਉੱਲੀ ਜਾਣ-ਬੁੱਝ ਕੇ ਲਿਆਂਦੀ ਗਈ ਸੀ, ਪਰ ਇਸ ਦੇ ਕੋਈ ਠੋਸ ਸਬੂਤ ਨਹੀਂ ਮਿਲੇ ਹਨ। ਇਸ ਤੋਂ ਇਲਾਵਾ 2015 ਦੌਰਾਨ ਪੰਜਾਬ ਵਿੱਚ ਚਿੱਟੀਆਂ ਮੱਖੀਆਂ ਦਾ ਇੱਕ ਮਹੱਤਵਪੂਰਨ ਹਮਲਾ, ਜਿਸ ਨੇ ਰਾਜ ਦੀ ਕਪਾਹ ਦੀ ਫਸਲ ਦੇ ਲਗਭਗ ਦੋ-ਤਿਹਾਈ ਹਿੱਸੇ ਨੂੰ ਨੁਕਸਾਨ ਪਹੁੰਚਾਇਆ, ਨੂੰ ਗੁਆਂਢੀ ਵਿਰੋਧੀ ਦੇਸ਼ ਨਾਲ ਜੋੜਿਆ ਜਾ ਰਿਹਾ ਹੈ। ਪਾਕਿਸਤਾਨ ਵੱਲੋਂ ਸੰਭਾਵਿਤ ਖੇਤੀਬਾੜੀ-ਅਤਿਵਾਦ ਦੀ ਸ਼ਮੂਲੀਅਤ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਹਨ, ਖਾਸ ਤੌਰ 'ਤੇ 2018 ਵਿੱਚ ਪਤਝੜ ਫੌਜ ਦੇ ਕੀੜੇ ਦੇ ਅਚਾਨਕ ਪ੍ਰਗਟ ਹੋਣ ਅਤੇ 2020 ਵਿੱਚ ਸ਼ੱਕੀ ਟਿੱਡੀਆਂ ਦੇ ਹਮਲੇ ਵਰਗੀਆਂ ਘਟਨਾਵਾਂ ਨੂੰ ਦੇਖਦੇ ਹੋਏ। ਇਹ ਪ੍ਰਕੋਪ ਵਧੇ ਹੋਏ ਭੂ-ਰਾਜਨੀਤਿਕ ਤਣਾਅ ਦੇ ਸਮੇਂ ਦੌਰਾਨ ਹੋਏ, ਜੋ ਕਿ ਮਹੱਤਵਪੂਰਨ ਹਨ, ਭਾਵੇਂ ਇਨ੍ਹਾਂ ਸਬੰਧਾਂ ਨੂੰ ਸਾਬਤ ਕਰਨਾ ਮੁਸ਼ਕਲ ਹੈ।

ਜਦੋਂ ਕਿ ਵਿਸ਼ਵਵਿਆਪੀ ਭਾਈਚਾਰੇ ਕੋਲ ਜੈਵਿਕ ਸੁਰੱਖਿਆ ਅਤੇ ਮਹਾਂਮਾਰੀ ਨਾਲ ਨਜਿੱਠਣ ਲਈ ਉਪਾਅ ਹਨ, ਖੇਤੀਬਾੜੀ-ਅਤਿਵਾਦ ਦਾ ਮੁਕਾਬਲਾ ਕਰਨ ਲਈ ਤਾਲਮੇਲ ਵਾਲੇ ਯਤਨਾਂ ਦੀ ਇੱਕ ਮਹੱਤਵਪੂਰਨ ਘਾਟ ਹੈ। ਖੇਤੀਬਾੜੀ ਅਧਿਕਾਰੀਆਂ ਨੂੰ ਅਸਾਧਾਰਨ ਪ੍ਰਕੋਪਾਂ ਦੀ ਪਛਾਣ ਕਰਨ, ਮਜਬੂਤ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਸਥਾਪਤ ਕਰਨ, ਪੌਦਿਆਂ ਦੇ ਕੁਆਰੰਟੀਨ ਨਿਯਮਾਂ ਨੂੰ ਮਜਬੂਤ ਕਰਨ ਅਤੇ ਜੈਵਿਕ ਸੁਰੱਖਿਆ ਯਤਨਾਂ ਵਿੱਚ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨ ਲਈ ਸਿਖਲਾਈ ਦੇਣ ਦੀ ਤੁਰੰਤ ਲੋੜ ਹੈ। ਵਿਕਾਸਸ਼ੀਲ ਦੇਸ਼ਾਂ ਨੂੰ ਰੋਧਕ ਫਸਲਾਂ ਦੀਆਂ ਕਿਸਮਾਂ ਲਈ ਖੋਜ ਅਤੇ ਵਿਕਾਸ ਵਿੱਚ ਨਿਵੇਸ਼ ਨੂੰ ਤਰਜੀਹ ਦੇਣੀ ਚਾਹੀਦੀ ਹੈ, ਰੋਗਾਣੂਆਂ ਤੇ ਪ੍ਰਕੋਪਾਂ ਦਾ ਇੱਕ ਰਾਸ਼ਟਰੀ ਡੇਟਾਬੇਸ ਬਣਾਉਣਾ ਚਾਹੀਦਾ ਹੈ ਅਤੇ ਜੈਵਿਕ ਖਤਰਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਖੁਰਾਕ ਤੇ ਖੇਤੀਬਾੜੀ ਸੰਗਠਨ (FAO), ਇੰਟਰਪੋਲ ਅਤੇ ਵਿਸ਼ਵ ਸਿਹਤ ਸੰਗਠਨ (WHO) ਵਰਗੀਆਂ ਸੰਸਥਾਵਾਂ ਨਾਲ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਵੀ ਬਹੁਤ ਜ਼ਰੂਰੀ ਹਨ ਕਿ ਕਿਸਾਨ ਅਤੇ ਭੋਜਨ ਉਤਪਾਦਕ ਸੁਰੱਖਿਆ ਢਾਂਚੇ ਦੇ ਕੇਂਦਰ ਵਿੱਚ ਹਨ। ਸੰਯੁਕਤ ਰਾਜ ਅਮਰੀਕਾ ਵਿੱਚ ਜ਼ਹਿਰੀਲੀ ਉੱਲੀ ਨਾਲ ਜੁੜੀ ਅਸਫਲ ਤਸਕਰੀ ਕਾਰਵਾਈ ਭੋਜਨ ਸੁਰੱਖਿਆ ਪ੍ਰਣਾਲੀਆਂ ਵਿੱਚ ਮੌਜੂਦ ਸੰਭਾਵੀ ਕਮਜ਼ੋਰੀਆਂ ਦੀ ਇੱਕ ਸਪੱਸ਼ਟ ਯਾਦ ਦਿਵਾਉਂਦੀ ਹੈ। ਕਿਸੇ ਨੂੰ ਵਿਚਾਰ ਕਰਨਾ ਚਾਹੀਦਾ ਹੈ: ਜੇਕਰ ਅਜਿਹੀ ਘਿਨਾਉਣੀ ਸਾਜ਼ਿਸ਼ ਨੂੰ ਇਸਦੇ ਮਜਬੂਤ ਸੁਰੱਖਿਆ ਢਾਂਚੇ ਲਈ ਮਸ਼ਹੂਰ ਇੱਕ ਦੇਸ਼ ਦੇ ਅੰਦਰ ਬੇਨਕਾਬ ਕੀਤਾ ਜਾ ਸਕਦਾ ਹੈ, ਤਾਂ ਇਸਦਾ ਦੁਨੀਆ ਦੇ ਹੋਰ ਦੇਸ਼ਾਂ ਦੀ ਤਿਆਰੀ ਲਈ ਕੀ ਅਰਥ ਹੈ?

**For Sale**

**Branded Corner Gas Station with Convenience and Liquor Store with Real Estate Included in Janesville, Wisconsin Priced to sell.**

Average Monthly C-store/Liquor Sales: $75000-85000
Average Monthly Gas Gallons: 10000 - 15000
2024 Tax Return has 90K Income
Price is Negotiable - $1M, 25K + Inventory
*Totally Safe Neighborhood *Inventory NOT Included
*Seller Financing NOT an option *Only Serious buyers please
Kindly contact by email at
thinkbigworksmallbusinessgroup@gmail.com
or What's app at 402-500-0005
*Only selling, because seller is moving out of state.*

Punjabi Parwaz


ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ
'ਪੰਜਾਬੀ ਪਰਵਾਜ਼ ਨਾਈਟ'
19 ਜੁਲਾਈ 2025
(ਸ਼ਨਿਚਰਵਾਰ) ਸ਼ਾਮ 6:30 ਤੋਂ 11:00
ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ
ਸਥਾਨ: Atlantis Banquets
1273 North Rand Road, Arlington Heights, IL 60004
ਪਹੁੰਚ ਰਹੇ ਕਲਾਕਾਰ
ਸੱਤੀ ਸਤਵਿੰਦਰ
ਪੂਜਾ ਧਾਲੀਵਾਲ
Food Will Served by Taste of India (Milwaukee)
Our Proud Platinum Sponsor
U.S. Energy
a U.S. Venture company
Our Proud Gold Sponsor
5Rivers
ENTERTAINMENT
ਸਤਿਕਾਰਯੋਗ ਬੋਰਡ ਮੈਂਬਰ
ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਬੇਅੰਤ ਸਿੰਘ ਬੋਪਾਰਾਏ ਮਿਲਵਾਕੀ
ਜੋਧ ਸਿੰਘ ਸਿੱਧੂ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਦਰਸ਼ਨ ਸਿੰਘ ਪੰਮਾ
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਮਨਦੀਪ ਸਿੰਘ ਕੁਲਾਰ
ਜਿਗਰਦੀਪ ਸਿੰਘ ਢਿੱਲੋਂ
ਹਰਕੇਵਲ ਸਿੰਘ ਲਾਲੀ

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

## ਮੁੱਖ ਮਹਿਮਾਨ



ਲਖਬੀਰ ਸਿੰਘ ਢੀਂਡਸਾ
*(ਬਿਜ਼ਨਸਮੈਨ)*

## ਵਿਸ਼ੇਸ਼ ਮਹਿਮਾਨ



ਜੇ.ਪੀ. ਖਹਿਰਾ
*(ਬਿਜ਼ਨਸਮੈਨ)*

## ਮੁੱਖ ਬੁਲਾਰੇ



ਐਸ. ਅਸ਼ੋਕ ਭੌਰਾ
*(ਸੀਨੀਅਰ ਪੱਤਰਕਾਰ ਤੇ ਲੇਖਕ)*



ਰਵਿੰਦਰ ਸਿੰਘ ਸਹਿਰਾਅ
*(ਸ਼ਾਇਰ ਅਤੇ ਲੇਖਕ)*

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਮੇਜਰ ਗੁਰਚਰਨ ਸਿੰਘ ਝੱਜ | ਸਰਵਣ ਸਿੰਘ ਟਿਵਾਣਾ | ਜੈਦੇਵ ਸਿੰਘ (ਸੱਤੀ) ਭੱਠਲ | ਪਰਮਿੰਦਰ ਸਿੰਘ ਵਾਲੀਆ | ਗੁਲਜ਼ਾਰ ਸਿੰਘ ਮੁਲਤਾਨੀ | ਸੰਨੀ ਕੁਲਾਰ



ਮਨਜੀਤ ਸਿੰਘ ਪਾਲੀਆ | ਰਾਣਾ ਵਿਰਕ | ਮੁਖਤਿਆਰ ਸਿੰਘ (ਹੈਪੀ) ਹੀਰ | ਲੱਕੀ ਸਹੋਤਾ | ਡਾ. ਵਿਕਰਮ ਗਿੱਲ | ਜਰਨੈਲ ਸਿੰਘ ਮੱਲ੍ਹੀ | ਹਰਿੰਦਰ ਸਿੰਘ ਰਾਣਾ | ਮਨਜੀਤ ਸਿੰਘ ਗਿੱਲ | ਮਨਮੋਹਨ ਸਿੰਘ ਮਿਨਹਾਸ | ਰੌਨੀ ਕੁਲਾਰ



ਜਗਦੀਸ਼ਰ ਸਿੰਘ ਕਲੇਰ | ਡਾ. ਗੁਰਚਰਨ ਸਿੰਘ ਗਰੇਵਾਲ | ਨਿੱਕ ਬਲਵਿੰਦਰ ਸਿੰਘ | ਡਾ. ਮੁਖਤਾਰ ਸਿੰਘ ਨੰਦਰਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਅਮਰਦੇਵ ਸਿੰਘ ਬੰਦੇਸ਼ਾ | ਡਾ. ਪਰਦੀਪ ਸਿੰਘ ਗਿੱਲ | ਡਾ. ਹਰਜਿੰਦਰ ਸਿੰਘ ਖਹਿਰਾ | ਭੁਪਿੰਦਰ ਸਿੰਘ ਧਾਲੀਵਾਲ



ਜਸਬੀਰ ਕੌਰ ਮਾਨ | ਜਗਜੀਤ ਸਿੰਘ ਢੀਂਡਸਾ | ਮਨਜੀਤ ਸਿੰਘ ਧਨੋਆ | ਨਿਰਭੈਅ ਸਿੰਘ ਧਨੋਆ | ਪਰਮਿੰਦਰ ਸਿੰਘ ਮਾਨ | ਗੁਰਸਾਹਿਬ ਸਿੰਘ ਤੂਰ | ਸੁਰਜੀਤ ਸਿੰਘ ਮਾਵੀ | ਪ੍ਰਦੀਪ ਸਿੰਘ ਕਾਹਲੋਂ | ਡਾ. ਗੁਰਬਖ਼ਸ਼ ਸੈਣੀ | ਜਤਿੰਦਰ (ਜੇ) ਸਿੰਘ ਸੰਘਾ



ਨੀਲ ਗਿੱਲ | ਇੰਦਰਬੰਸ ਸਿੰਘ (ਹੈਰੀ) ਬਰਾੜ | ਸੁਰਿੰਦਰ ਸਿੰਘ ਪਾਂਗਲੀ | ਨਿਰਭੈ ਸਿੰਘ ਪਾਂਗਲੀ | ਨਵਤੇਜ ਸਿੰਘ ਗਿੱਲ | ਰੇਸ਼ਮ ਸਿੰਘ | ਜਪਤੇਜ ਸਿੰਘ ਔਲਖ | ਡਾ. ਸਨੀ ਜੈਨ | ਗੁਰਦੇਵ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ



ਜਿੰਦੀ ਦਿਆਲ | ਰਾਜਾ ਦਿਆਲ | ਹਰਦੀਪ ਸਿੰਘ ਗਿੱਲ | ਹਰਜੀਤ ਸਿੰਘ ਗਿੱਲ | ਲਾਲੀ ਸਿੱਧੂ ਮਿਲਵਾਕੀ | ਬਲਵਿੰਦਰ ਸਿੰਘ ਗਿਰਨ | ਵਿੱਕ ਸਿੰਘ | ਜਸਰੂਪ ਸਿੰਘ ਬਾਲਾ | ਗੁਰਮੀਤ ਸਿੰਘ ਬਾਠ | ਅਮਰੀਕ ਸਿੰਘ ਟਿਵਾਣਾ

Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago
PAO Punjabi American Organization
Swera Women Sup ਸਵੇਰਾ SIKH WOMEN ERA
BHANGRA RHYMES
SAKHI ATTIRE
Taste of India FINE DINING BISTRO
Regal Jewels Since 1983 Ph: 773-262-4377 www.Regaljewels.Com

ਸ਼ੀਸ਼ਾ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਅਸੀਂ ਤੇ ਸਾਡਾ ਸਮਾਜ...

# 'ਚੁੱਪ-ਚੁਪੀਤਾ ਤਲਾਕ' ਦੀ ਵਧ ਰਹੀ ਪ੍ਰਵਿਰਤੀ

ਕਿਹਾ ਜਾਂਦਾ ਹੈ ਕਿ ਵਿਆਹ ਇੱਕ ਬੰਧਨ ਹੈ, ਜੋ ਦੋ ਵਿਅਕਤੀਆਂ ਵਿਚਕਾਰ ਪਿਆਰ, ਵਚਨਬੱਧਤਾ ਅਤੇ ਆਪਸੀ ਸਤਿਕਾਰ ਦਾ ਪਵਿੱਤਰ ਸਬੰਧ ਮੰਨਿਆ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਵਿਆਹ ਉੱਪਰ ਵਾਲੇ ਵਲੋਂ ਸਵਰਗ ਵਿੱਚ ਸਥਾਪਤ ਕੀਤੇ ਜਾਂਦੇ ਹਨ ਅਤੇ ਦੁਨੀਆਵੀ ਪੱਧਰ 'ਤੇ ਇੱਕ ਜਸ਼ਨ ਵਾਂਗੂ ਅਕਸਰ ਪਰਿਵਾਰ ਤੇ ਸਮਾਜ ਦੀ ਸਹਿਮਤੀ ਨਾਲ ਸਭਿਆਚਾਰਕ-ਧਾਰਮਿਕ ਰੀਤੀ ਰਿਵਾਜਾਂ ਨਾਲ ਮਨਾਏ ਜਾਂਦੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵਿਆਹ ਨੂੰ ਆਮ ਤੌਰ 'ਤੇ ਦੋ ਵਿਅਕਤੀਆਂ ਵਿਚਕਾਰ ਕਾਨੂੰਨੀ, ਸਮਾਜਿਕ ਜਾਂ ਧਾਰਮਿਕ ਸੰਧੀ ਵਜੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਅਤੇ ਸੰਯੁਕਤ ਰਾਸ਼ਟਰ ਵਰਗੇ ਅੰਤਰਰਾਸ਼ਟਰੀ ਸੰਗਠਨ ਵਿਆਹ ਨੂੰ ਮਨੁੱਖੀ ਅਧਿਕਾਰਾਂ ਦੇ ਨਜ਼ਰੀਏ ਨਾਲ ਦੇਖਦੇ ਹਨ, ਜਿਸ ਵਿੱਚ ਸਹਿਮਤੀ, ਬਰਾਬਰੀ ਅਤੇ ਆਜ਼ਾਦੀ ਨੂੰ ਮਹੱਤਵ ਦਿੱਤਾ ਜਾਂਦਾ ਹੈ। ਯੂਨੀਵਰਸਲ ਡਿਕਲੇਰੇਸ਼ਨ ਆਫ ਹਿਊਮਨ ਰਾਈਟਸ 1948 ਦੇ ਆਰਟੀਕਲ 16 ਅਨੁਕੂਲ ਵਿਆਹ ਲਈ ਪੂਰੀ ਸਹਿਮਤੀ ਤੇ ਢੁਕਵੀਂ ਉਮਰ ਜ਼ਰੂਰੀ ਹੈ ਅਤੇ ਇਹ ਪੁਰਸ਼ਾਂ ਤੇ ਔਰਤਾਂ ਦੇ ਬਰਾਬਰ ਅਧਿਕਾਰਾਂ 'ਤੇ ਆਧਾਰਤ ਹੋਣਾ ਚਾਹੀਦਾ ਹੈ।

ਪੱਛਮੀ ਦੇਸ਼ਾਂ ਵਿੱਚ ਵਿਆਹ ਨੂੰ ਅਕਸਰ ਰੋਮਾਂਟਿਕ ਪਿਆਰ ਅਤੇ ਵਿਅਕਤੀਗਤ ਹੋਣ ਦੇ ਆਧਾਰ 'ਤੇ ਵੇਖਿਆ ਜਾਂਦਾ ਹੈ, ਜਦਕਿ ਏਸ਼ੀਆਈ ਸਮਾਜ ਵਿੱਚ ਵਿਆਹ ਅਕਸਰ ਪਰਿਵਾਰਕ ਸਬੰਧਾਂ, ਸਮਾਜਿਕ ਸਥਿਰਤਾ ਅਤੇ ਸਭਿਆਚਾਰਕ ਮੁੱਲਾਂ ਨਾਲ ਜੁੜਿਆ ਹੁੰਦਾ ਹੈ। ਇਸੇ ਤਰ੍ਹਾਂ ਇਸਲਾਮਿਕ ਭਾਈਚਾਰੇ ਵਿੱਚ ਵਿਆਹ (ਨਿਕਾਹ) ਨੂੰ ਇੱਕ ਧਾਰਮਿਕ ਅਤੇ ਸਮਾਜਿਕ ਇਕਰਾਰਨਾਮੇ ਵਜੋਂ ਦੇਖਿਆ ਜਾਂਦਾ ਹੈ, ਜਿਸ ਵਿੱਚ ਮਿਹਰ ਅਤੇ ਸਹਿਮਤੀ ਜਰੂਰੀ ਹੈ। ਕੁੱਝ ਦੇਸ਼ਾਂ ਜਿਵੇਂ ਸਾਊਦੀ ਅਰਬ, ਸੂਡਾਨ ਆਦਿ ਵਿੱਚ ਬਹੁ-ਵਿਆਹ (ਪੋਲੀਗੈਮੀ) ਕਾਨੂੰਨੀ ਹੈ, ਜਦਕਿ ਜ਼ਿਆਦਾਤਰ ਦੇਸ਼ਾਂ ਵਿੱਚ ਇਹ ਗੈਰ-ਕਾਨੂੰਨੀ ਹੈ। ਏਸ਼ੀਆ ਅਤੇ ਅਫਰੀਕੀ ਦੇਸ਼ਾਂ ਵਿੱਚ ਬਾਲ ਅਤੇ ਜਬਰੀ ਵਿਆਹ ਅਜੇ ਵੀ ਪ੍ਰਚਲਤ ਹਨ। ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਗੋਲਜ਼-5 ਵਿੱਚ 2030 ਤੱਕ ਬਾਲ ਵਿਆਹ ਅਤੇ ਜਬਰੀ ਵਿਆਹ ਨੂੰ ਖਤਮ ਕਰਨ ਦਾ ਟੀਚਾ ਸ਼ਾਮਲ ਹੈ। ਅੰਤਰਰਾਸ਼ਟਰੀ ਸੰਗਠਨ ਔਰਤ-ਮਰਦ ਦੀ ਬਰਾਬਰੀ ਅਤੇ ਸਹਿਮਤੀ ਆਧਾਰਤ ਵਿਆਹ ਨੂੰ ਉਤਸ਼ਾਹਿਤ ਕਰਦੇ ਹਨ। ਲਿਹਾਜਾ ਅੰਤਰਰਾਸ਼ਟਰੀ ਪੱਧਰ 'ਤੇ ਵਿਆਹ ਦੀ ਪਰਿਭਾਸ਼ਾ ਤੇ ਸਥਿਤੀ ਵਿਭਿੰਨ ਸਭਿਆਚਾਰਕ, ਧਾਰਮਿਕ ਅਤੇ ਕਾਨੂੰਨੀ ਸੰਦਰਭਾਂ ਦੇ ਨਿਰਭਰ ਕਰਦੀ ਹੈ।

ਵਿਆਹ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ 'ਜੋੜੀਆਂ ਜੱਗ ਥੋੜ੍ਹੀਆਂ, ਨਰੜ ਬਥੇਰੇ।' ਜਿੱਥੇ ਵਿਆਹ ਜੋੜੀਆਂ ਜੱਗ ਥੋੜ੍ਹੀਆਂ ਬਨਣ ਉਥੇ ਵਿਆਹ ਕਾਮਯਾਬ ਰਹਿੰਦੇ ਹਨ, ਪਰ ਜਿਥੇ ਵਿਆਹ ਨਰੜ ਬਣ ਜਾਣ ਉਥੇ ਤਲਾਕ ਜਾਂ ਵਿਆਹ ਦੇ ਭੰਗ ਹੋਣ ਵਿੱਚ ਬਦਲ ਜਾਂਦੇ ਹਨ। ਲਿਹਾਜਾ 'ਤਲਾਕ' ਵਿਆਹ ਜਾਂ ਵਿਆਹੁਤਾ ਮਿਲਾਪ ਨੂੰ ਖਤਮ ਕਰਨ ਦੀ ਪ੍ਰਕ੍ਰਿਆ ਹੈ। ਦੁਨੀਆਂ ਵਿੱਚ ਤਲਾਕ ਦੇ ਕਾਨੂੰਨ ਵੱਖਰੇ-ਵੱਖਰੇ ਹੁੰਦੇ ਹਨ, ਪਰ ਜ਼ਿਆਦਾਤਰ ਦੇਸ਼ਾਂ ਵਿੱਚ ਤਲਾਕ ਇੱਕ ਕਾਨੂੰਨੀ ਪ੍ਰਕ੍ਰਿਆ ਹੈ, ਜਿਸ ਲਈ ਅਦਾਲਤ ਜਾਂ ਹੋਰ ਅਥਾਰਟੀ ਦੀ ਪ੍ਰਵਾਨਗੀ ਦੀ ਲੋੜ ਪੈਂਦੀ ਹੈ, ਜਿਸ ਵਿੱਚ ਜਾਇਦਾਦ ਦੀ ਵੰਡ, ਬੱਚੇ ਦੀ ਹਿਫ਼ਾਜਤ, ਗੁਜ਼ਾਰਾ ਭੱਤਾ ਅਤੇ ਕਰਜ਼ੇ ਦੀ ਵੰਡ ਆਦਿ ਸ਼ਾਮਲ ਹੁੰਦੇ ਹਨ। ਤਲਾਕ ਦੇ ਕਾਰਨ ਵੱਖਰੇ-ਵੱਖਰੇ ਹੋ ਸਕਦੇ ਹਨ, ਜਿਵੇਂ ਕਿ ਇੱਕ ਜਾਂ ਦੋਹਾਂ ਪਤੀ-ਪਤਨੀ ਵਿੱਚ ਜਿਨਸੀ ਅਸੰਗਤਤਾ ਜਾਂ ਆਜ਼ਾਦੀ ਦੀ ਘਾਟ ਤੋਂ ਲੈ ਕੇ ਸ਼ਖਸੀਅਤ ਦੇ ਟਕਰਾਅ ਜਾਂ ਬੇਵਫਾਈ ਤਲਾਕ ਦੇ ਆਧਾਰ 'ਤੇ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਹੋ ਸਕਦੇ ਹਨ। ਵਿਆਹ ਨੂੰ ਇੱਕ ਇਕਰਾਰਨਾਮਾ, ਇੱਕ ਸਥਿਤੀ ਜਾਂ ਇਨ੍ਹਾਂ ਦੇ ਸੁਮੇਲ ਵਜੋਂ ਵੇਖਿਆ ਜਾ ਸਕਦਾ ਹੈ; ਭਾਵੇਂ ਤਲਾਕ ਦੇ ਕਾਨੂੰਨ ਅਧਿਕਾਰ ਖੇਤਰਾਂ ਵਿਚਕਾਰ ਵੱਖੋ-ਵੱਖਰੇ ਹੁੰਦੇ ਹਨ। ਤਲਾਕ ਸਬੰਧੀ ਅਧਿਐਨ ਦੱਸਦੇ ਹਨ ਕਿ ਦੋ ਤਿਹਾਈ ਤਲਾਕ ਔਰਤਾਂ ਦੁਆਰਾ ਸ਼ੁਰੂ ਕੀਤੇ ਜਾਂਦੇ ਹਨ। ਸਾਰੇ ਤਲਾਕਾਂ ਵਿੱਚੋਂ 66% ਬੱਚਿਆਂ ਤੋ ਬਿਨਾ ਜੋੜਿਆਂ ਵਿੱਚ ਹੁੰਦੇ ਹਨ। 27% ਤਲਾਕ ਵਿਭਚਾਰ, 18% ਪਰਿਵਾਰਕ ਝਗੜਿਆ, 17% ਘਰੇਲੂ ਹਿੰਸਾ, 13% ਮੱਧ ਉਮਰ ਦਾ ਸੰਕਟ, 6% ਨਸ਼ਿਆਂ ਦੀ ਵਰਤੋਂ ਕਾਰਨ ਹੁੰਦੇ ਹਨ। 75% ਮਾਮਲਿਆਂ ਵਿੱਚ ਪਤੀ ਵਿਆਹ ਤੋਂ ਬਾਹਰਲੇ ਸਬੰਧਾਂ ਵਿੱਚ ਲੱਗੇ ਹੋਏ ਹਨ, ਜਦਕਿ 25% ਮਾਮਲਿਆਂ ਵਿੱਚ ਪਤਨੀਆਂ



ਪਰਿਵਾਰਕ ਤਣਾਅ ਦੇ ਮਾਮਲਿਆਂ ਵਿੱਚ ਮੁੱਖ ਸਰੋਤ ਜਨ, ਜਦਕਿ 22% ਮਾਮਲਿਆਂ ਵਿੱਚ ਪਤੀਆਂ ਦੇ ਪਰਿਵਾਰ ਜ਼ਿੰਮੇਵਾਰ ਹਨ। ਜ਼ਿਆਦਾਤਰ ਤਲਾਕ ਵਿਆਹ ਦੇ 10 ਤੋਂ 15 ਸਾਲਾਂ ਦੌਰਾਨ ਹੁੰਦੇ ਹਨ।

ਭਾਰਤ ਦੁਨੀਆਂ ਵਿੱਚ ਸਭ ਤੋਂ ਘੱਟ ਤਲਾਕ ਦਰਾਂ ਵਿੱਚੋਂ ਇੱਕ ਹੈ, ਜਿੱਥੇ ਲਗਭਗ 1% ਵਿਆਹ ਤਲਾਕ ਵਿੱਚ ਖਤਮ ਹੁੰਦੇ ਹਨ, ਕਿਉਂਕਿ ਤਲਾਕ ਅਜੇ ਵੀ ਭਾਰਤ ਦੇ ਬਹੁਤ ਸਾਰੇ ਪਰਿਵਾਰਾਂ ਵਿੱਚ ਕਲੰਕਿਤ ਹੈ ਅਤੇ ਇਸਨੂੰ ਵਰਜਿਤ ਮੰਨਿਆ ਜਾਂਦਾ ਹੈ। ਭਾਰਤ ਵਿੱਚ ਤਲਾਕ ਜੋੜੇ ਦੇ ਧਰਮ ਤੇ ਵੱਖ-ਵੱਖ ਕਾਨੂੰਨਾਂ ਦੁਆਰਾ ਨਿਯਮਤ ਹਨ, ਜਿਵੇਂ ਹਿੰਦੂ ਵਿਆਹ ਐਕਟ 1955, ਪਾਰਸੀ ਵਿਆਹ ਅਤੇ ਤਲਾਕ ਐਕਟ 1936, ਮੁਸਲਿਮ ਵਿਆਹ ਭੰਗ ਐਕਟ 1939, ਵਿਸ਼ੇਸ਼ ਵਿਆਹ ਐਕਟ 1954, ਵਿਦੇਸ਼ੀ ਵਿਆਹ ਐਕਟ 1969 ਅਤੇ ਭਾਰਤੀ ਤਲਾਕ ਐਕਟ 1869, ਮੁਸਲਿਮ ਔਰਤਾਂ (ਤਲਾਕ ਤੇ ਅਧਿਕਾਰਾਂ ਦੀ ਸੁਰੱਖਿਆ ਐਕਟ 1986)। ਵੇਖਿਆ ਗਿਆ ਹੈ ਕਿ ਮੁਸ਼ਕਲਾਂ, ਯੁੱਧ ਅਤੇ ਵੱਡੀਆਂ ਘਟਨਾਵਾਂ ਦੇ ਸਮੇਂ ਤਲਾਕ ਦੀ ਦਰ ਵਧ ਜਾਂਦੀ ਹੈ। ਸਮਾਜ ਸ਼ਾਸ਼ਤਰੀਆਂ ਅਨੁਸਾਰ ਵਿਆਹ ਅਤੇ ਤਲਾਕ ਵਿਚਾਲੇ ਇੱਕ ਨਵਾਂ ਰੁਝਾਨ ਵੀ ਵੇਖਣ ਨੂੰ ਮਿਲ ਰਿਹਾ ਹੈ; ਉਹ ਹੈ, 'ਸਾਈਲੈਂਟ ਡਾਈਵੋਰਸ' ਭਾਵ 'ਚੁੱਪ-ਚੁਪੀਤਾ ਤਲਾਕ।' ਇਹ ਉਦੋਂ ਹੁੰਦਾ ਹੈ, ਜਦੋਂ ਜੋੜੇ ਕਾਨੂੰਨੀ ਤੌਰ 'ਤੇ ਵੱਖ ਨਹੀਂ ਹੁੰਦੇ, ਪਰ ਭਾਵਨਾਤਮਕ ਤੌਰ 'ਤੇ ਵੱਖਰੇ ਹੋ ਜਾਂਦੇ ਹਨ। ਇੱਕੋ ਛੱਤ ਹੇਠ ਰਹਿੰਦੇ ਹੋਏ ਵੀ ਰਿਸ਼ਤੇ ਵਿੱਚ ਦੂਰੀ ਬਣ ਜਾਂਦੀ ਹੈ।

ਭਾਰਤੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਸਭਿਆਚਾਰ ਵਿੱਚ ਵਿਆਹ ਨੂੰ ਪਵਿੱਤਰ ਅਤੇ ਪਰਿਵਾਰਕ ਇਕਜੁਟਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਤਲਾਕ ਨੂੰ ਅਕਸਰ ਸਮਾਜਿਕ ਕਲੰਕ ਵਜੋਂ ਮੰਨਿਆ ਜਾਂਦਾ ਹੈ, ਜਿਸ ਕਾਰਨ ਜੋੜੇ ਖੁੱਲ੍ਹ ਕੇ ਵੱਖ ਹੋਣ ਦੀ ਬਜਾਏ ਚੁੱਪਚਾਪ ਵਿਛੋੜਾ ਚੁਣਦੇ ਹਨ। 'ਲੋਕ ਕੀ ਕਹਿਣਗੇ' ਦਾ ਡਰ ਕਾਰਨ ਉਹ ਆਪਣੀਆਂ ਸਮੱਸਿਆਵਾਂ ਨੂੰ ਚੁੱਪਚਾਪ ਸਹਿਣ ਕਰਨ ਲਈ ਮਜਬੂਰ ਹੁੰਦੇ ਹਨ। ਬਹੁਤ ਸਾਰੀਆਂ ਔਰਤਾਂ, ਖਾਸਕਰ ਪਰੰਪਰਾਗਤ ਪਰਿਵਾਰਾਂ ਵਿੱਚ, ਆਰਥਿਕ ਤੌਰ 'ਤੇ ਸੁੰਤਤਰ ਨਹੀਂ ਹੁੰਦੀਆਂ। ਇਸ ਕਾਰਨ ਉਹ ਤਲਾਕ ਦੀ ਬਜਾਏ 'ਚੁੱਪ-ਚੁਪੀਤਾ ਤਲਾਕ' ਦਾ ਰਾਹ ਚੁਣਦੀਆਂ ਹਨ। ਤਲਾਕ ਦੇ ਨਤੀਜੇ ਵਜੋਂ ਜੋੜਿਆਂ ਵਿੱਚ ਤਣਾਅ, ਡਿਪਰੈਸ਼ਨ ਤੇ ਚਿੰਤਾ ਵਰਗੀਆਂ ਸਮੱਸਿਆਵਾਂ ਵਧਦੀਆਂ ਹਨ ਅਤੇ ਬੱਚਿਆਂ 'ਤੇ ਵੀ ਇਸ ਦਾ ਮਾੜਾ ਅਸਰ ਪੈਂਦਾ ਹੈ। ਲਿਹਾਜਾ ਸਾਈਲੈਂਟ ਡਿਵੋਰਸ ਜਾਂ ਚੁੱਪ-ਚੁਪੀਤਾ ਤਲਾਕ ਇੱਕ ਲੱਛਣ ਹੈ, ਜੋ ਭਾਰਤੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬੀ ਸਮਾਜ ਵਿੱਚ ਡੂੰਘੀਆਂ

⇒ ਬਾਕੀ ਸਫਾ 15 ਉਤੇ ਪੜ੍ਹੋ





## ਆਬਾਂ ਦੀ ਧਰਤੀ 'ਚੋਂ ਮੁੱਕ ਰਿਹਾ ਆਬ

*ਪਾਣੀ ਘਟਣਾ ਗੰਭੀਰ ਚਿੰਤਾ ਦਾ ਵਿਸ਼ਾ

*ਸੰਭਲਣ ਤੇ ਸੁਧਾਰ ਲਈ ਸਾਂਝੇ ਹੰਭਲੇ ਦੀ ਲੋੜ




ਗਹਿਰ-ਗੰਭੀਰ



ਇੰਜੀ. ਸਤਨਾਮ ਸਿੰਘ ਮੱਟੂ
ਫੋਨ:+91-9779708257

# ਪੰਜਾਬ ਬਣ ਜਾਵੇਗਾ ਰੇਗਿਸਤਾਨ

ਪਾਣੀ ਬਿਨਾ ਧਰਤੀ ਤੇ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖੀ ਸਰੀਰ ਵੀ 80% ਪਾਣੀ ਦਾ ਬਣਿਆ ਹੋਣ ਕਰਕੇ ਇਸਨੂੰ ਵਿਦਵਾਨਾਂ ਨੇ ਪਾਣੀ ਦਾ ਬੁਲਬਲਾ ਕਿਹਾ ਹੈ। ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਨੇ ਪਾਣੀ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ, "ਪਹਿਲਾਂ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ॥" ਗੁਰੂ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦੇ ਕੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਸਲੋਕ ਨਾਲ ਇਸਦੀ ਜੀਵਨ ਪ੍ਰਤੀ ਜਰੂਰਤ ਨੂੰ ਪ੍ਰਮਾਣਿਤ ਕੀਤਾ ਹੈ। ਮਨੁੱਖਤਾ ਦੇ ਦਿਨ ਦੀ ਸ਼ੁਰੂਆਤ ਪਾਣੀ ਨਾਲ ਹੀ ਹੁੰਦੀ ਹੈ। ਗੁਰੂ ਸਾਹਿਬ ਨੇ ਜਪੁਜੀ ਸਾਹਿਬ ਵਿੱਚ ਮਹੱਤਤਾ 'ਤੇ ਮੋਹਰ ਲਗਾਈ ਹੈ, "ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥"

ਪਰ ਮਨੁੱਖ ਨੇ ਲਾਲਚਵੱਸ ਕੁਦਰਤੀ ਦਾਤਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਅਤੇ ਪ੍ਰਦੂਸ਼ਿਤ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਵਿੱਤੋਂ ਬਾਹਰ ਇੱਛਾਵਾਂ ਦੀ ਪੂਰਤੀ ਲਈ ਹਰ ਜਾਇਜ਼-ਨਾਜਾਇਜ਼ ਹਰਬਾ ਵਰਤ ਕੇ ਅਤੇ ਕੁਦਰਤੀ ਅਮਾਨਤਾਂ ਪ੍ਰਤੀ ਬੇਪਰਵਾਹੀ ਵਰਤ ਕੇ ਫੈਕਟਰੀਆਂ ਦਾ ਰਸਾਇਣ ਭਰਪੂਰ ਪਾਣੀ, ਰਸਾਇਣਕ ਪਦਾਰਥਾਂ ਦੀ ਲੋੜੋਂ ਵੱਧ ਵਰਤੋਂ, ਸੀਵਰੇਜ ਦਾ ਬਿਨਾ ਸ਼ੁੱਧੀਕਰਣ ਤੋਂ ਪਾਣੀ, ਧੂੰਆਂ, ਖਾਦਾਂ, ਕੀੜੇ ਮਾਰ ਦਵਾਈਆਂ, ਵਾਹਨਾਂ ਦਾ ਧੂੰਆਂ, ਪਲਾਸਟਿਕ ਲਿਫਾਫੇ ਆਦਿ ਨਾਲ ਵਾਤਾਵਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਸਿੱਟੇ ਵਜੋਂ ਮਨੁੱਖ ਨੇ ਆਪਣੀ ਖੁਸ਼ਹਾਲ ਜ਼ਿੰਦਗੀ ਜਿਊਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਭਵਿੱਖ ਅਤੇ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ ਤੇ ਕੁਦਰਤ ਨਾਲ ਖਿਲਵਾੜ ਕਰਕੇ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਸਥਿਤੀ ਪੈਦਾ ਕਰ ਲਈ ਹੈ।

ਜਿਵੇਂ ਉੱਪਰ ਜ਼ਿਕਰ ਕੀਤਾ ਹੈ ਪਾਣੀ ਬਿਨਾ ਜੀਵਨ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਅਸੀਂ ਪਾਣੀ ਨੂੰ ਜ਼ਹਿਰੀਲਾ ਵੀ ਕਰ ਲਿਆ ਹੈ ਅਤੇ ਖਾਤਮੇ ਦੀ ਕਾਗਾਰ 'ਤੇ ਵੀ ਲੈ ਆਂਦਾ ਹੈ। ਪੂਰੀ ਦੁਨੀਆਂ ਵਿੱਚ ਪਾਣੀ ਨੂੰ ਸੰਭਾਲਣ ਅਤੇ ਨਾਜਾਇਜ਼ ਵਰਤੋਂ ਤੋਂ ਸੰਕੋਚ ਦੀਆਂ ਅਪੀਲਾਂ ਵਿਅਰਥ ਹੁੰਦੀਆਂ ਜਾਪ ਰਹੀਆਂ ਹਨ। ਪੰਜਾਬ ਵਿੱਚ ਤਾਂ ਪਾਣੀ ਦਾ ਸੰਕਟ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਹਰੀ ਕ੍ਰਾਂਤੀ ਦੀ ਆੜ 'ਚ ਅੱਖਾਂ ਮੀਚ ਧਰਤੀ ਹੇਠਲੇ ਪਾਣੀ ਨੂੰ ਬੇਰੋਕ ਕੱਢ ਆਪਣਾ ਸੋਮਾ ਖਤਮ ਕਰ ਲਿਆ ਹੈ। ਸਾਡੇ ਬਜ਼ੁਰਗ ਦਾਦਿਆਂ ਨੇ ਖੂਹਾਂ 'ਚੋਂ, ਪਿਤਾ ਨੇ ਨਲਕਿਆਂ ਤੋਂ ਅਤੇ ਅਸੀਂ ਸਬਮਰਸੀਬਲ ਮੋਟਰਾਂ ਤੋਂ ਪੀਣਾ ਪੀਤਾ ਹੈ; ਨਵੀਂ ਪੀੜ੍ਹੀ ਬੋਤਲਾਂ 'ਚੋਂ ਪਾਣੀ ਪੀ ਰਹੀ ਹੈ ਤੇ ਅਗਲੀ ਪੀੜ੍ਹੀ ਬੋਤਲਾਂ 'ਚੋਂ ਪਾਣੀ ਪੀਆ ਕਰੇਗੀ ਜਾਂ ਉਦੋਂ ਤੱਕ ਕੀ ਤਬਦੀਲੀ ਆਉਂਦੀ ਹੈ, ਸਮਾਂ ਦੱਸੇਗਾ!

ਧਰਤੀ ਉੱਤੇ 70.8% ਪਾਣੀ ਦੀ ਮਾਤਰਾ ਮੌਜੂਦ ਹੈ। ਇਸਦਾ 97.5% ਹਿੱਸਾ ਖਾਰੇ ਪਾਣੀ ਦੇ ਰੂਪ 'ਚ ਸਮੁੰਦਰਾਂ 'ਚ, 1.5% ਪਹਾੜਾਂ ਤੇ ਗਲੇਸ਼ੀਅਰ ਦੇ ਰੂਪ 'ਚ ਅਤੇ ਸਿਰਫ 1% ਪੀਣਯੋਗ ਪਾਣੀ ਨਦੀਆਂ, ਝਰਨਿਆਂ ਅਤੇ ਧਰਤੀ ਹੇਠ ਹੈ। ਇਸ 1% ਪੀਣਯੋਗ ਪਾਣੀ ਦਾ 60% ਉਦਯੋਗਾਂ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦਕਿ 40% ਘਰੇਲੂ ਤੇ ਹੋਰ ਲੋੜਾਂ ਲਈ ਵਰਤੋਂ 'ਚ ਆਉਂਦਾ ਹੈ। ਇਸ ਵੇਲੇ ਪੰਜਾਬ ਦੀ 72 ਫੀਸਦੀ ਖੇਤੀ ਟਿਊਬਵੈੱਲ ਆਧਾਰਿਤ ਸਿੰਚਾਈ ਉਤੇ ਅਤੇ ਸਿਰਫ 28 ਫੀਸਦੀ ਨਹਿਰੀ ਪਾਣੀ ਉਤੇ ਨਿਰਭਰ ਹੈ। ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰਾਈਡ, ਯੂਰੇਨੀਅਮ, ਪਾਰਾ, ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ, ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ, ਸਗੋਂ ਨਾਪੀਣਯੋਗ ਕਰ ਦਿੱਤਾ ਹੈ। ਜੇਕਰ ਅੰਕੜਿਆਂ 'ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ ਦੂਸ਼ਿਤ ਕਰਾਰ ਦਿੱਤਾ ਗਿਆ ਸੀ; ਪਰ 1995 'ਚ 84 ਦਾ ਅੰਕੜਾ ਪਾਰ ਹੋ ਗਿਆ ਸੀ ਅਤੇ 2008 ਵਿੱਚ ਇਹ ਗਿਣਤੀ ਵਧ ਕੇ 108 ਹੋ ਗਈ ਤੇ ਹੁਣ 108 ਬਲਾਕਾਂ ਦਾ ਪਾਣੀ ਨਾਪੀਣਯੋਗ ਹੈ। ਇਹ ਸਾਰੇ ਬਲਾਕ 'ਡਾਰਕ ਜ਼ੋਨ' ਕਰਾਰ ਦੇ ਦਿੱਤੇ ਗਏ ਸਨ। ਹੁਣ ਪੰਜਾਬ ਦੇ 147 ਬਲਾਕ ਡਾਰਕ ਜ਼ੋਨ 'ਚ ਹਨ; ਕਿਉਂਕਿ ਔਸਤਨ 200 ਫੁੱਟ ਤੱਕ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। ਇਸ ਨਾਲ ਪੀਣਯੋਗ ਪਾਣੀ ਦੀ ਗੰਭੀਰ ਸਮੱਸਿਆ ਖੜੀ ਹੋ ਗਈ ਹੈ।

1980 ਵਿੱਚ ਪੰਜਾਬ ਦੇ ਕੇਵਲ 3712 ਪਿੰਡ ਅਸ਼ੁੱਧ ਪਾਣੀ ਦੀ ਸਮੱਸਿਆ ਨਾਲ ਪੀੜਤ ਸਨ, ਪਰ ਹੁਣ ਪੰਜਾਬ ਦੇ 12,581 'ਚੋਂ 11,849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਵਿਗਿਆਨ ਅਤੇ ਵਾਤਾਵਰਣ ਸਟੱਡੀ ਅਤੇ ਪੀ.ਜੀ.ਆਈ. ਚੰਡੀਗੜ੍ਹ ਦੇ ਸਰਵੇਖਣ ਅਨੁਸਾਰ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਲਈ ਵਰਤੇ ਜਾਂਦੇ ਕੀਟਨਾਸ਼ਕ ਤੇ ਰਸਾਇਣਾਂ ਦਾ ਅਸਰ ਸਾਡੇ ਖਾਧ ਪਦਾਰਥਾਂ ਅਤੇ ਪਾਣੀ 'ਚ ਤੇਜ਼ਾਬੀ ਤੱਤਾਂ ਦੀ ਮਾਤਰਾ ਮਿਕਦਾਰ ਤੋਂ ਬਹੁਤ ਜ਼ਿਆਦਾ ਹੈ। ਮਨੁੱਖੀ ਖੂਨ ਦੇ ਟੈਸਟਾਂ 'ਚ ਵੀ ਕੀਟਨਾਸ਼ਕ ਦਵਾਈਆਂ ਦੇ ਤੱਤ ਪਾਏ ਗਏ ਹਨ। ਸਿੱਟੇ ਵਜੋਂ ਹੈਪੇਟਾਈਟਸ, ਮੈਸਟਰੌਨਿਕਸ, ਜੋੜ ਦਰਦ, ਦਮਾ, ਕੈਂਸਰ, ਖੰਘ ਆਦਿ ਨਾਮੁਰਾਦ ਬਿਮਾਰੀਆਂ ਨੇ ਪੰਜਾਬੀਆਂ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਦਿਲ ਕੰਬਾਊ ਰਿਪੋਰਟਾਂ ਦੇ ਬਾਵਜੂਦ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਲੋਕ ਨਿੱਜੀ ਸਬਮਰਸੀਬਲਾਂ ਦਾ ਅਸ਼ੁੱਧ ਪਾਣੀ ਪੀ ਰਹੇ ਹਨ। ਪਾਣੀ ਵਿੱਚ ਤੇਜ਼ਾਬੀ ਅਸ਼ੁੱਧੀਆਂ ਦਾ ਕਾਰਨ ਫੈਕਟਰੀਆਂ ਦਾ ਤੇਜ਼ਾਬੀ ਪਾਣੀ, ਖੇਤੀਬਾੜੀ 'ਚ ਤੇਜ਼ਾਬੀ ਖਾਦਾਂ ਅਤੇ ਪੈਸਟੀਸਾਈਡ ਦੀ ਜਰੂਰਤ ਤੋਂ ਵੱਧ ਵਰਤੋਂ ਨੇ ਪੀਣ ਵਾਲੇ ਪੀਣ ਪਾਣੀ ਦਾ ਪ੍ਰਦੂਸ਼ਿਤ ਮਾਦਾ ਬਣਾ ਦਿੱਤਾ ਹੈ। ਇਸਦੇ ਬਾਵਜੂਦ ਇਹ ਵਰਤਾਰਾ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਲਗਾਤਾਰ ਜਾਰੀ ਹੈ।

ਦੂਸਰੇ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 1973 'ਚ ਪੰਜਾਬ ਦਾ ਸਿਰਫ 3% ਖੇਤਰ 'ਚ ਧਰਤੀ ਥੱਲੇ ਪਾਣੀ ਦਾ ਪੱਧਰ 10 ਮੀਟਰ ਸੀ; 1989 'ਚ ਇਹ 14.9%, 1992 'ਚ 20%, ਸਾਲ 2000 'ਚ 53%, 2002 'ਚ 76%, 2004 'ਚ 90% ਪਹੁੰਚ ਗਿਆ ਸੀ ਅਤੇ ਜੋ ਹੁਣ 100% ਹੋ ਗਿਆ ਹੈ। ਹੁਣ ਪੂਰੇ ਪੰਜਾਬ 'ਚ ਪਾਣੀ ਦਾ ਪੱਧਰ ਔਸਤਨ 21 ਮੀਟਰ ਤੋਂ ਵੀ ਜਿਆਦਾ ਹੈ। ਪੰਜਾਬ ਦੇ ਕਈ ਖੇਤਰਾਂ 'ਚ 400 ਮੀਟਰ ਡੂੰਘੇ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ ਹਨ। ਪਹਿਲਾਂ ਪਾਣੀ ਖੂਹਾਂ 'ਚੋਂ ਮੁੱਕਿਆ, ਫੇਰ ਨਲਕਿਆਂ ਦੀ ਪਹੁੰਚ ਤੋਂ ਦੂਰ ਹੋਇਆ। ਲੋਕਾਂ ਨੇ 50 ਫੁੱਟ ਡੂੰਘੀਆਂ ਖੂਹੀਆਂ 'ਚ ਟਿਊਬਵੈਲ ਚਲਾਏ, ਅੰਤ ਸਭ ਵਿਅਰਥ। ਫਿਰ ਸਬਮਰਸੀਬਲ ਮੋਟਰਾਂ ਦਾ ਦੌਰ ਸ਼ੁਰੂ ਹੋਇਆ, ਇਹ ਵੀ ਅੰਤ ਕਦੋਂ ਤੱਕ ਪਾਣੀ ਕੱਢਣਗੀਆਂ! ਅਖੀਰ ਹੋਰਨਾਂ ਸਾਧਨਾਂ ਵਾਂਗ ਇੱਕ ਦਿਨ ਪਾਣੀ ਇਨ੍ਹਾਂ ਦੀ ਪਹੁੰਚ ਵਿੱਚ ਵੀ ਨਹੀਂ ਰਹੇਗਾ।

ਭਾਰਤ ਵਿੱਚ 1951 ਵਿੱਚ ਪਾਣੀ ਪ੍ਰਤੀ ਵਿਅਕਤੀ 5177 ਘਣ ਮੀਟਰ ਉਪਲਬਧ ਸੀ, ਪਰ ਇੱਕ ਅੰਦਾਜ਼ੇ ਅਨੁਸਾਰ 2025 ਦੇ ਅਖੀਰ ਤੱਕ ਇਹ ਘਟ ਕੇ 1941 ਘਣ ਮੀਟਰ ਰਹਿ ਜਾਵੇਗਾ। ਪਾਣੀ ਦੀ ਕੰਢੀ ਏਰੀਏ ਅਤੇ ਪਟਿਆਲਾ ਜ਼ਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ। ਪਟਿਆਲਾ ਜ਼ਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ, ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ 'ਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਵਾਣੂ, ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਨ੍ਹਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਵਿੱਚ ਪਾਣੀ ਦਾ ਪੱਧਰ ਔਸਤਨ 60 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ। ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਨ੍ਹਾਂ 'ਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ 'ਚ ਲਿਆਉਂਦੇ ਹਨ, ਜਿਸ ਨਾਲ ਇਸਦਾ ਕੁੱਝ ਹਿੱਸਾ ਧਰਤੀ ਹੇਠ ਜਾ ਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ। ਇਸ ਖੇਤਰ 'ਚ ਕੈਂਸਰ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋਣ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ।

ਲੋਕਾਂ ਨੇ ਸ਼ੁੱਧ ਪਾਣੀ ਲਈ ਘਰਾਂ 'ਚ ਆਰ.ਓ. ਲਗਵਾ ਕੇ ਪੀਣ ਦੇ ਪਾਣੀ ਦੀ ਪੂਰਤੀ ਤਾਂ ਕਰ ਲਈ ਹੈ, ਪਰ ਇਸ ਵਿਚਲੇ ਲੋੜੀਂਦੇ ਤੱਤਾਂ ਤੋਂ ਵੀ ਵਿਰਵਾ ਪਾਣੀ ਪੀਣ ਲਈ ਲੋਕ ਮਜਬੂਰ ਹਨ। ਬੇਸ਼ੱਕ ਸਰਕਾਰ ਨੇ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਆਰ.ਓ. ਲਗਾ ਕੇ ਲੋਕਾਂ ਨੂੰ ਕੁੱਝ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਪਿੰਡਾਂ ਦੇ ਲੋਕਾਂ ਨੂੰ ਮੁਆਫਿਕ ਨਹੀਂ ਆ ਰਹੇ।

ਮਨੁੱਖ ਨੇ ਕੁਦਰਤੀ ਸੋਮਿਆਂ ਪ੍ਰਤੀ ਬੇਹੱਦ ਅਣਗਹਿਲੀ ਦਿਖਾਈ ਅਤੇ ਇਨ੍ਹਾਂ ਨੂੰ ਸਾਂਭਣ ਵੱਲ ਕੋਈ ਤਵੱਜੋ ਨਹੀਂ ਦਿੱਤੀ। ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਸੈਕਟਰ 'ਚ ਵਰਤਣ ਦੀ ਲੋੜ ਮਹਿਸੂਸ ਨਹੀਂ ਕੀਤੀ। ਸੂਏ, ਕੱਸੀਆਂ ਦੀ ਜ਼ਮੀਨ 'ਤੇ ਕਬਜ਼ਾ ਕਰਕੇ ਉਨ੍ਹਾਂ ਦੀ ਹੋਂਦ ਖਤਮ ਕਰ ਦਿੱਤੀ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ ਦੀ ਲੋੜ ਮਹਿਸੂਸ ਨਹੀਂ ਕੀਤੀ। ਬਿਜਲੀ ਦੀ ਮੁਫਤ ਸਹੂਲਤ ਦੇਖਦਿਆਂ ਦੀ ਪਾਣੀ ਦੀ ਲੋੜ ਪੂਰੀ ਕਰਨ ਹਿੱਤ ਦੇਖਾ ਦੇਖੀ ਅੰਧਾਧੁੰਦ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਵੇਲੇ ਪੰਜਾਬ 'ਚ 14.5 ਲੱਖ ਤੋਂ ਵੱਧ ਟਿਊਬਵੈੱਲ ਚੱਲ ਰਹੇ ਹਨ। ਸਵਾ ਲੱਖ ਦੇ ਲਗਭਗ ਟਿਊਬਵੈੱਲ ਲਈ 2016 'ਚ ਬਿਜਲੀ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਸਨ।

ਪੰਜਾਬ ਵਿੱਚ ਨਿਰੰਤਰ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਰੋਕਣ ਲਈ ਜੇਕਰ ਸੁਚੱਜੇ ਅਤੇ ਲੋੜੀਂਦੇ ਪ੍ਰਬੰਧ ਨਾ ਕੀਤੇ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਅੰਕੜਿਆਂ ਮੁਤਾਬਿਕ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ 'ਚ ਦਸੂਹਾ, ਮੁਕੇਰੀਆਂ, ਹਾਜੀਪੁਰ, ਟਾਂਡਾ ਇਲਾਕੇ ਨੂੰ ਛੱਡ ਕੇ ਪਾਣੀ ਦਾ ਪੱਧਰ 59.25 ਮੀਟਰ ਖਤਰਨਾਕ ਸਥਿਤੀ 'ਤੇ ਹੈ, ਜੋ ਜੂਨ 2016 ਤੋਂ ਜੂਨ 2017 ਤੱਕ 1.88 ਮੀਟਰ ਡਿੱਗਿਆ ਹੈ। ਰੋਪੜ ਦੇ ਆਨੰਦਪੁਰ ਅਤੇ ਨੂਰਪੁਰ ਬੇਦੀ 'ਚ ਪਾਣੀ ਦਾ ਪੱਧਰ 32.59 ਮੀਟਰ ਹੈ, ਜੋ ਇੱਕ ਸਾਲ 1.14 ਮੀਟਰ ਹੇਠਾਂ ਗਿਆ ਹੈ। ਜ਼ਿਲ੍ਹਾ ਮੁਹਾਲੀ ਦੇ ਖਰੜ ਇਲਾਕੇ ਦੇ ਪਾਣੀ ਦਾ ਪੱਧਰ ਇੱਕ ਦਹਾਕੇ 'ਚ 52.45 ਮੀਟਰ 'ਤੇ ਪੁੱਜ ਗਿਆ ਹੈ, ਜਦਕਿ ਬਾਕੀ ਬਲਾਕਾਂ ਦਾ 48.85 ਮੀਟਰ ਹੈ, ਜੋ ਸਾਲ 'ਚ 0.97 ਮੀਟਰ ਹੇਠਾਂ ਹੋਇਆ ਹੈ। ਨਵਾਂ ਸ਼ਹਿਰ ਅਤੇ ਬੰਗਾ ਖੇਤਰ 'ਚ ਪਿਛਲੇ ਦਹਾਕੇ ਦੌਰਾਨ 22 ਮੀਟਰ ਤੋਂ 44 ਮੀਟਰ ਹੋ ਗਿਆ ਹੈ, ਜੋ ਪਿਛਲੇ ਸਾਲ 'ਚ 1.18 ਤੋਂ 1.32 ਮੀਟਰ ਡਿਗਿਆ ਹੈ। ਅੰਮ੍ਰਿਤਸਰ 'ਚ ਪਾਣੀ ਦਾ ਪੱਧਰ 24.35 ਮੀਟਰ ਤੇ ਤਰਨਤਾਰਨ 'ਚ 24.80 ਮੀਟਰ ਹੈ। ਇੱਥੇ ਕ੍ਰਮਵਾਰ 1.39 ਮੀਟਰ ਅਤੇ 1.69 ਮੀਟਰ ਇੱਕ ਸਾਲ 'ਚ ਗਿਰਾਵਟ ਆਈ ਹੈ। ਇਸੇ ਤਰ੍ਹਾਂ ਜਲੰਧਰ, ਕਪੂਰਥਲਾ, ਪਠਾਨਕੋਟ ਜਿਲ੍ਹਿਆਂ 'ਚ ਇਸ ਵੇਲੇ ਪੱਧਰ ਕ੍ਰਮਵਾਰ 36.35 ਮੀਟਰ, 33.79 ਮੀਟਰ ਅਤੇ 27.85 ਮੀਟਰ ਹੈ, ਜੋ ਔਸਤਨ ਪਿਛਲੇ ਸਾਲ 1 ਮੀਟਰ ਨੀਵਾਂ ਹੋ ਗਿਆ ਹੈ।

ਬਠਿੰਡਾ ਜ਼ਿਲ੍ਹੇ 'ਚ 25.80 ਮੀਟਰ, ਮਾਨਸਾ 'ਚ 21 ਮੀਟਰ, ਪਟਿਆਲਾ ਦੇ ਘਨੌਰ ਬਲਾਕ ਨੂੰ ਛੱਡ ਕੇ ਬਾਕੀ ਬਲਾਕਾਂ 'ਚ 38.76 ਮੀਟਰ, ਸੰਗਰੂਰ 'ਚ 40.95 ਮੀਟਰ, ਬਰਨਾਲਾ 'ਚ 36.20 ਮੀਟਰ, ਫਿਰੋਜ਼ਪੁਰ 'ਚ 27.85 ਮੀਟਰ ਪਾਣੀ ਦਾ ਪੱਧਰ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਇਨ੍ਹਾਂ ਜ਼ਿਲ੍ਹਿਆਂ 'ਚ ਵੀ ਪਾਣੀ ਔਸਤਨ 1 ਮੀਟਰ ਹੇਠਾਂ ਗਿਆ ਹੈ। ਮੁਕਤਸਰ ਤੇ ਫਰੀਦਕੋਟ ਸੇਮ ਦੀ ਮਾਰ ਹੇਠ ਹੋਣ ਕਰਕੇ 5.25 ਮੀਟਰ ਅਤੇ 14.5 ਮੀਟਰ ਪਾਣੀ ਦੇ ਲੈਵਲ 'ਤੇ ਹਨ।

ਪੰਜਾਬ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਿੰਦਾ ਹੈ; ਪਰ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਘਰਾਂ ਵਿੱਚ ਟੂਟੀਆਂ ਖੁੱਲ੍ਹੀਆਂ ਚਲਦੀਆਂ ਹਨ। ਸਰਕਾਰੀ ਟੈਂਕੀ ਤੋਂ ਪਾਣੀ ਆਉਣ 'ਤੇ ਟੂਟੀ ਚੱਲ ਪੈਂਦੀ ਹੈ ਅਤੇ ਉਦੋਂ ਤੱਕ ਪਾਣੀ ਨਾਲੀ ਵਿੱਚ ਵਹਿੰਦਾ ਰਹਿੰਦਾ ਹੈ, ਜਦੋਂ ਤੱਕ ਟੈਂਕੀ ਦਾ ਪਾਣੀ ਖਤਮ ਨਹੀਂ ਹੋ ਜਾਂਦਾ। ਇਸ ਤਰ੍ਹਾਂ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਵਿਅਰਥ ਨਾਲੀਆਂ ਵਿੱਚ ਰੁੜ੍ਹ ਜਾਂਦਾ ਹੈ। ਨੀਵੇਂ ਘਰਾਂ ਦੇ ਕੁਨੈਕਸਨਾਂ ਤੇ ਟੂਟੀਆਂ ਨਾ ਲੱਗੀਆਂ ਹੋਣ ਕਾਰਨ ਪਾਣੀ ਵਿਅਰਥ ਜਾਂਦਾ ਹੈ, ਜਦਕਿ ਉੱਚੇ ਥਾਂ ਘਰ ਪਾਣੀ ਨੂੰ ਤਰਸਦੇ ਹਨ। ਉਨ੍ਹਾਂ ਘਰਾਂ ਤੱਕ ਪਾਣੀ ਚੜ੍ਹਦਾ ਨਹੀਂ। ਬਹੁਤੇ ਲੋਕਾਂ ਨੇ ਪਸ਼ੂਆਂ ਦੇ ਵਾੜੇ, ਖਾਲੀ ਪਲਾਟਾਂ ਅਤੇ ਸਬਜ਼ੀਆਂ ਉਗਾਉਣ ਲਈ ਹੀ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ ਤੇ ਜਾਣਕਾਰੀ ਦੀ ਘਾਟ ਕਾਰਨ ਆਪ ਘਰ ਸਬਮਰਸੀਬਲ ਦਾ ਪਾਣੀ ਪੀਂਦੇ ਹਨ। ਟੂਟੀਆਂ ਖੁੱਲ੍ਹੀਆਂ ਚੱਲਣ ਨਾਲ ਵਿਅਰਥ ਪਾਣੀ ਛੱਪੜਾਂ ਨੂੰ ਭਰ ਦਿੰਦਾ ਹੈ, ਜੋ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਧਨ ਦੀ ਬਰਬਾਦੀ ਹੁੰਦੀ ਹੈ। ਪਾਣੀ ਨਾਲ ਭਰੇ ਛੱਪੜ ਅਤੇ ਨਾਲੀਆਂ 'ਚ ਖੜ੍ਹਾ ਪਾਣੀ ਪੇਂਡੂ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਲੋਕ ਸਕੂਟਰ, ਮੋਟਰਸਾਈਕਲ ਅਤੇ ਮੋਟਰ ਗੱਡੀਆਂ ਧੋਣ, ਪਸ਼ੂਆਂ ਨੂੰ ਨਹਾਉਣ, ਘਰਾਂ ਦੇ ਫ਼ਰਸ਼ ਧੋਣ ਆਦਿ ਨਾਲ ਵੀ ਬਹੁਤ ਜ਼ਿਆਦਾ ਪੀਣਯੋਗ ਪਾਣੀ ਬਰਬਾਦ ਕਰਦੇ ਹਨ।

ਜਿਸ ਤਰ੍ਹਾਂ ਪਾਣੀ ਦੀ ਬਰਬਾਦੀ ਹੋ ਰਹੀ ਹੈ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਲਤੂਰ (ਮਹਾਂਰਾਸ਼ਟਰ) ਅਤੇ ਕੇਪ ਟਾਊਨ (ਦੱਖਣੀ ਅਫਰੀਕਾ) ਵਰਗੇ ਹਾਲਾਤ ਨਾਲ ਜੂਝਣ ਲਈ ਮਜਬੂਰ ਹੋਣਾ ਪਵੇਗਾ। ਉਕਤ ਪ੍ਰਸਥਿਤੀਆਂ ਨੂੰ ਭਾਂਪਦਿਆਂ "ਕੁੱਖ 'ਚ ਧੀ, ਧਰਤੀ 'ਚੋਂ ਪਾਣੀ; ਜੇ ਦੋਨੋਂ ਮੁੱਕ'ਗੇ ਤਾਂ ਖਤਮ ਕਹਾਣੀ" ਅਤੇ "ਪਾਣੀ ਥੁੜ੍ਹ ਦੀ ਵਸਤੂ ਹੈ, ਇਹਨੇ ਧਰਤੀ 'ਚੋਂ ਮੁੱਕ ਜਾਣਾ; ਸੰਜਮ ਨਾਲ ਵਰਤ ਲਵੋ ਨਹੀਂ ਤਾਂ ਪਊ ਪਿੱਛੋਂ ਪਛਤਾਉਣਾ" ਉੱਪਰ ਸੰਜੀਦਗੀ ਨਾਲ ਪਹਿਰਾ ਦੇਣ ਦੀ ਲੋੜ ਹੈ।

ਨਦੀਆਂ, ਨਹਿਰਾਂ ਦੇ ਪਾਣੀ ਨੂੰ ਪੀਣ ਅਤੇ ਖੇਤੀ ਸੈਕਟਰ ਲਈ ਵਰਤਣ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਬਰਸਾਤ ਦੇ ਪਾਣੀ ਨੂੰ ਘਰਾਂ ਅੰਦਰ ਅਤੇ ਖੇਤਾਂ ਵਿੱਚ ਸਟੋਰ ਕਰਕੇ ਵਰਤਣ ਦੇ ਪ੍ਰਬੰਧ ਜਰੂਰੀ ਕਰ ਦੇਣੇ ਚਾਹੀਦੇ ਹਨ। ਖੇਤੀ ਸੈਕਟਰ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦਾ ਬਦਲ ਲੱਭਣ ਅਤੇ ਸਿੰਜਾਈ ਦੇ ਨਵੇਂ ਤਰੀਕਿਆਂ ਨੂੰ ਅਪਨਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੌਲਾਂ ਦੀ ਖੇਤੀ ਸਿਰਫ ਸਮੁੰਦਰੀ ਖੇਤਰਾਂ 'ਚ ਬੀਜਣਾ ਜਰੂਰੀ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਚੌਲ ਪੈਦਾ ਕਰਨ ਲਈ ਔਸਤਨ 3000 ਲੀਟਰ ਪਾਣੀ ਖਪਤ ਹੁੰਦਾ ਹੈ। ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ, ਨੌਜਵਾਨ ਕਲੱਬਾਂ, ਜਥੇਬੰਦੀਆਂ ਆਦਿ ਨੂੰ ਨਾਲ ਲੈ ਕੇ ਭਵਿੱਖ ਦੇ ਖਤਰੇ ਪ੍ਰਤੀ ਲੋਕਾਂ ਨੂੰ ਚੇਤੰਨ ਕਰਦਿਆਂ ਅਤੇ ਪੁੰਨ ਦਾ ਕੰਮ ਸਮਝਦਿਆਂ ਇੱਕ ਜ਼ੋਰਦਾਰ ਮੁਹਿੰਮ ਵਿੱਢਣ ਦੀ ਲੋੜ ਹੈ।

ਡਾ. ਜਸਵੀਰ ਸਿੰਘ

***ਸਿੱਖ ਸੰਘਰਸ਼ ਲਈ ਜੰਗ ਦੇ ਅਰਥ***

# ਸਿੱਖ ਭਾਈਚਾਰੇ ਦੇ ਰਾਜਨੀਤਿਕ ਵਿਗਾਸ 'ਚ ਜੰਗਾਂ ਦਾ ਯੋਗਦਾਨ

*ਪਿਛਲੀਆਂ ਦੋ ਸਦੀਆਂ ਵਿੱਚ ਜੰਗ ਦੇ ਵਰਤਾਰੇ ਦੀਆਂ ਜੜ੍ਹਾਂ ਮੁੱਖ ਰੂਪ ਵਿੱਚ ਰਾਜ ਦੇ ਸਾਮਰਾਜੀ ਅਤੇ ਨੇਸ਼ਨ ਸਟੇਟ ਰੂਪਾਂ ਦੇ ਪੈਦਾ ਹੋਣ ਤੇ ਪਤਨ ਨਾਲ ਜੁੜੀਆਂ ਹੋਈਆਂ ਹਨ। ਇਹ ਜੰਗਾਂ ਰਾਜ ਦੇ ਸਾਮਰਾਜੀ ਰੂਪ ਦੇ ਨੇਸ਼ਨ ਸਟੇਟ ਵਿੱਚ ਸੰਸਥਾਗਤ ਬਦਲਾਅ ਦੇ ਅਮਲ ਨਾਲ ਵੀ ਸਬੰਧਿਤ ਹਨ। ਜੰਗ ਨੇ ਸਿੱਖਾਂ ਦੀ ਰਾਜਨੀਤਿਕ ਹੋਣੀ 'ਤੇ ਵੀ ਵੱਡੇ ਅਸਰ ਪਾਏ ਹਨ। ਇਸੇ ਸੰਦਰਭ ਵਿੱਚ ਜੰਗ ਦੇ ਸਿੱਖਾਂ ਦੇ ਕੌਮੀ ਆਜ਼ਾਦੀ ਦੇ ਸੰਘਰਸ਼ 'ਤੇ ਪੈਣ ਵਾਲੇ ਅਸਰ ਬਾਰੇ ਵੀ ਰਚਨਾਤਮਿਕ ਸਮਝ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਛਲੇ ਲੇਖ ਵਿੱਚ ਤੁਸੀਂ 'ਯੂਰਪ ਵਿੱਚ ਜੰਗਾਂ ਦਾ ਰਾਜਨੀਤਿਕ ਬਦਲਾਵਾਂ ਵਿੱਚ ਯੋਗਦਾਨ' ਬਾਰੇ ਪੜ੍ਹ ਚੁਕੇ ਹੋ। ਹਥਲੇ ਲੇਖ ਵਿੱਚ 'ਸਿੱਖ ਭਾਈਚਾਰੇ ਦੇ ਰਾਜਨੀਤਿਕ ਵਿਗਾਸ ਵਿੱਚ ਜੰਗਾਂ ਦਾ ਯੋਗਦਾਨ' ਬਾਰੇ ਚਰਚਾ ਕੀਤੀ ਗਈ ਹੈ। ਇਹ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ ਹੈ...*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)


ਸਿੱਖ ਭਾਈਚਾਰੇ ਦੇ ਢਾਂਚਾਗਤ ਤੇ ਸੱਭਿਆਚਾਰਕ ਵਿਗਾਸ ਦੇ ਸਰੋਤ ਸਿੱਖ ਧਰਮ ਅਤੇ ਗੁਰਮੁਖੀ ਲਿਪੀ 'ਤੇ ਆਧਾਰਿਤ ਭਾਸ਼ਾਈ ਸੱਭਿਆਚਾਰ ਹਨ। ਸਿੱਖ ਧਰਮ ਦੀ ਸਿਰਜਣਾ ਗੁਰੂ ਨਾਨਕ ਸਾਹਿਬ ਵੱਲੋਂ ਪੰਜਾਬ ਦੀ ਧਰਤੀ 'ਤੇ ਕੀਤੀ ਗਈ। ਗੁਰੂ ਨਾਨਕ ਸਾਹਿਬ ਨੇ ਜਦੋਂ ਸਿੱਖ ਧਰਮ ਦੀ ਸਿਰਜਣਾ ਦਾ ਅਮਲ ਸ਼ੁਰੂ ਕੀਤਾ ਤਾਂ ਉਸ ਸਮੇਂ ਲੋਧੀ ਸਾਮਰਾਜ ਆਪਣੇ ਪਤਨ ਵੱਲ ਵੱਧ ਰਿਹਾ ਸੀ। ਪੰਜਾਬ ਵਿੱਚ ਸਮਾਜਿਕ ਪੱਧਰ 'ਤੇ ਸੰਸਕ੍ਰਿਤ ਭਾਸ਼ਾ 'ਤੇ ਆਧਾਰਿਤ ਵੈਦਿਕ ਹਿੰਦੂ ਧਰਮ ਦਾ ਦਾਬਾ ਸੀ। ਗੁਰੂ ਨਾਨਕ ਸਾਹਿਬ ਅਤੇ ਦੂਜੇ ਗੁਰੂ ਸਾਹਿਬਾਨ ਦੀ ਦੋ ਸਦੀਆਂ ਵਿਚਲੀ ਬੌਧਿਕ ਅਤੇ ਜੰਗੀ ਸਰਗਰਮੀ ਇਸ ਹਿੰਦੂ ਧਾਰਮਿਕ ਦਾਬੇ ਨੂੰ ਤੋੜਨ ਵੱਲ ਸੇਧਿਤ ਰਹੀ। ਲੇਖ ਦੇ ਪਿਛਲੇ ਹਿੱਸੇ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਪੰਦਰਵੀਂ ਅਤੇ ਸੋਹਲਵੀਂ ਸਦੀ ਦੌਰਾਨ ਯੂਰਪ ਵਿੱਚ ਈਸਾਈ ਕੈਥੋਲਿਕ ਚਰਚ ਦੀ ਧਾਰਮਿਕ ਸੱਤਾ ਰਾਜਸੀ ਸੱਤਾ 'ਤੇ ਕਾਬਜ਼ ਸੀ।

ਇਸ ਦੇ ਉਲਟ ਪੰਜਾਬ ਵਿੱਚ ਇਸ ਸਮੇਂ ਕੁੱਝ ਸਮੇਂ ਲਈ ਰਾਜਸੀ ਤੌਰ 'ਤੇ ਲੋਧੀ ਸਾਮਰਾਜ ਅਤੇ ਬਾਅਦ ਵਿੱਚ ਮੁਗ਼ਲ ਸਾਮਰਾਜ ਕਾਬਜ਼ ਸਨ। ਇਨ੍ਹਾਂ ਸਾਮਰਾਜਾਂ ਵਿਚਲੇ ਸ਼ਾਸ਼ਕ ਇਸਲਾਮ ਧਰਮ ਦੇ ਧਾਰਨੀ ਸਨ, ਜਿਸ ਕਰਕੇ ਇਸਲਾਮ ਧਰਮ ਦਾ ਸਮਾਜਿਕ ਤੌਰ 'ਤੇ ਭਾਰੀ ਅਸਰ ਸੀ; ਪਰ ਗੈਰ-ਮੁਸਲਿਮ ਵਸੋਂ 'ਤੇ ਹਿੰਦੂ ਧਰਮ ਦਾ ਸਮਾਜਿਕ ਦਾਬਾ ਸੀ। ਈਸਾਈ ਧਾਰਮਿਕ ਸੱਤਾ ਦੇ ਮੁਕਾਬਲੇ ਇਸਲਾਮ ਦੀ ਧਾਰਮਿਕ ਸੱਤਾ ਸਾਮਰਾਜੀ ਸ਼ਾਸ਼ਕਾਂ ਤੋਂ ਉੱਚੀ ਸੱਤਾ ਨਹੀਂ ਸੀ। ਨਾ ਹੀ ਇਸਾਈ ਧਾਰਮਿਕ ਸੱਤਾਂ ਵਾਗ ਇਸਲਾਮਿਕ ਧਾਰਮਿਕ ਸੱਤਾ ਮਹਾਂਦੀਪ ਪੱਧਰ ਦੀ ਵਡੇਰੀ ਪਛਾਣ ਸਿਰਜਦੀ ਸੀ। ਇਸ ਦੇ ਉਲਟ ਸਮਾਜਿਕ ਪੱਧਰ 'ਤੇ ਭਾਰੂ ਹਿੰਦੂ ਧਾਰਮਿਕ ਸੱਤਾ ਭਾਵੇਂ ਰਾਜਸੀ ਖੇਤਰ ਤੋਂ ਬਾਹਰ ਸੀ, ਪਰ ਇਸ ਸੱਤਾ ਦਾ ਭਾਰਤੀ ਉਪ-ਮਹਾਂਦੀਪ ਵਿੱਚ ਰਾਜਸੀ ਸੱਤਾ ਤੋਂ ਉਚੀ ਸੱਤਾ ਹੋਣ ਦਾ ਇਤਿਹਾਸ ਮੌਜੂਦ ਸੀ। ਚੱਕਰਵਰਤੀ ਰਾਜੇ ਦਾ ਹਿੰਦੂ ਸਿਧਾਂਤ ਅਤੇ ਚਾਣਕਿਆ ਦਾ ਮੰਡਲ ਰਾਜ ਦਾ ਸਿਧਾਂਤ ਹਿੰਦੂ ਧਾਰਮਿਕ ਸੱਤਾ ਨੂੰ ਸ਼ਾਸ਼ਕਾਂ ਤੋਂ ਉੱਚੇ ਰੁਤਬੇ 'ਤੇ ਹੋਣ ਦੇ ਵਿਚਾਰ ਨੂੰ ਵਿਚਾਰਧਾਰਕ ਮਾਨਤਾ ਦਿੰਦੇ ਹਨ। ਇਤਿਹਾਸ ਵਿੱਚ ਇਨ੍ਹਾਂ ਸਿਧਾਂਤਾਂ ਨੂੰ ਵਿਹਾਰਕ ਤੌਰ 'ਤੇ ਲਾਗੂ ਕੀਤਾ ਜਾ ਚੁਕਾ ਸੀ। ਜਿਸ ਤਰ੍ਹਾਂ ਲੈਟਿਨ ਭਾਸ਼ਾ ਈਸਾਈ ਧਾਰਮਿਕ ਸੱਤਾ ਦੇ ਦਾਬੇ ਦਾ ਸਰੋਤ ਸੀ, ਉਸੇ ਤਰ੍ਹਾਂ ਹਿੰਦੂ ਧਾਰਮਿਕ ਸੱਤਾ ਕੋਲ ਸੰਸਕ੍ਰਿਤ ਭਾਸ਼ਾ 'ਤੇ ਆਧਾਰਿਤ ਸਮਾਜਿਕ ਅਤੇ ਰਾਜਸੀ ਦਾਬੇ ਦੀ ਇਤਿਹਾਸਕ ਵਿਰਾਸਤ ਮੌਜੂਦ ਸੀ।

ਹਿੰਦੂ ਧਰਮ ਦਾ ਸਿਧਾਂਤ ਚੱਕਰਵਰਤੀ ਰਾਜੇ ਦੀ ਬ੍ਰਹਿਮੰਡੀ ਤਾਕਤ ਤੇ ਹੱਦਾਂ ਤੋਂ ਰਹਿਤ ਦੁਨਿਆਵੀ ਤਾਕਤ ਦੇ ਫੈਲਾਅ ਨੂੰ ਮਾਨਤਾ ਦਿੰਦਾ ਹੈ ਅਤੇ ਬ੍ਰਾਹਮਣ ਵਰਗ ਨੂੰ ਧਰਮ ਦੇ ਵਿਆਖਿਆਕਾਰਾਂ ਵਜੋਂ ਰਾਜੇ ਤੋਂ ਉਪਰਲੀ ਸੱਤਾ ਦੇ ਧਾਰਨੀ ਮੰਨਦਾ ਹੈ। ਚਾਣਕਿਆ ਦਾ ਮੰਡਲ ਰਾਜ ਦਾ ਸਿਧਾਂਤ ਕੇਂਦਰੀ ਹਿੰਦੂ ਸੱਤਾ ਦੇ ਹੱਦਾਂ ਰਹਿਤ ਫੈਲਾਅ ਦਾ ਵਿਚਾਰ ਦਿੰਦਾ ਹੈ। ਹਿੰਦੂ ਧਰਮ ਦਾ ਸਿਧਾਂਤ ਮੰਡਲ ਰਾਜ ਦੇ ਰੂਪ ਵਿੱਚ ਹਿੰਦੂ ਕੇਂਦਰੀ ਸੱਤਾ ਦੇ ਅਧੀਨ ਗ਼ੈਰ-ਹਿੰਦੂ ਭਾਈਚਾਰਿਆਂ ਜਾਂ ਸਮੂਹਾਂ ਦੀ ਹੋਂਦ ਨੂੰ ਮਾਨਤਾ ਨਹੀਂ ਦਿੰਦਾ। ਜਦੋਂ ਗੁਰੂ ਸਾਹਿਬਾਨ ਪੰਜਾਬ ਦੀ ਧਰਤੀ 'ਤੇ ਸਿੱਖ ਧਰਮ ਅਤੇ ਭਾਈਚਾਰੇ ਦੀ ਸਿਰਜਣਾ ਕਰ ਰਹੇ ਸਨ ਤਾਂ ਪੰਜਾਬ ਦੀ ਰਾਜਸੀ ਸੱਤਾ 'ਤੇ ਮੁਗ਼ਲ ਸਾਮਰਾਜੀ ਸ਼ਾਸ਼ਕ ਕਾਬਜ਼ ਸਨ, ਪਰ ਗੁਰੂ ਸਾਹਿਬਾਨ ਹਿੰਦੂ ਧਾਰਮਿਕ ਸੱਤਾ ਦੇ ਸਿਧਾਂਤਕ ਤੇ ਵਿਹਾਰਕ ਖਾਸੇ ਤੋਂ ਪੂਰੀ ਤਰ੍ਹਾਂ ਚੇਤੰਨ ਸਨ।

ਇਸ ਸਮੇਂ ਦੌਰਾਨ ਯੂਰਪ ਵਿੱਚ ਜੰਗਾਂ ਦੇ ਅਸਰ ਕਾਰਨ ਈਸਾਈ ਧਾਰਮਿਕ ਸੱਤਾ ਅਤੇ ਰਾਜਸ਼ਾਹੀਆਂ 'ਤੇ ਆਧਾਰਿਤ ਸਾਮਰਾਜ ਦਾ ਵਿਰੋਧ ਸ਼ੁਰੂ ਹੋ ਚੁਕਾ ਸੀ। ਲੈਟਿਨ ਭਾਸ਼ਾ ਦੇ ਦਾਬੇ ਦਾ ਵਿਰੋਧ ਬਾਈਬਲ ਦੇ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਦੇ ਰੂਪ ਵਿੱਚ ਸਾਹਮਣੇ ਆਇਆ, ਜਿਸ ਦੇ ਸਿੱਟੇ ਵਜੋਂ ਭਾਈਚਾਰਿਆਂ ਵਿੱਚ ਭਾਸ਼ਾਈ ਚੇਤਨਾ ਵਧ ਗਈ। ਇਸ ਭਾਸ਼ਾਈ ਚੇਤਨਾ ਨੇ ਖੇਤਰੀ ਚੇਤਨਾ ਨਾਲ ਮਿਲ ਕੇ ਰਾਜਸ਼ਾਹੀਆਂ ਅਤੇ ਸਾਮਰਾਜਾਂ ਨੂੰ ਤੋੜਨ ਵਿੱਚ ਵੱਡੀ ਭੂਮਿਕਾ ਨਿਭਾਈ। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਭਾਸ਼ਾਈ ਅਤੇ ਖੇਤਰੀ ਚੇਤਨਾ ਦੇ ਮੇਲ ਨੇ ਸਾਮਰਾਜੀ ਧਾਰਮਿਕ ਪਛਾਣ ਨੂੰ ਤਾਕਤਹੀਣ ਕਰ ਦਿੱਤਾ।

ਇਸੇ ਤਰ੍ਹਾਂ ਦਾ ਵਰਤਾਰਾ ਵੀਹਵੀਂ ਸਦੀ ਵਿੱਚ ਆਟੋਮਾਨ ਸਾਮਰਾਜ ਦੇ ਪਤਨ ਸਮੇਂ ਵੀ ਦੇਖਣ ਨੂੰ ਮਿਲਿਆ ਜਦੋਂ ਆਖ਼ਰੀ ਆਟੋਮਾਨ ਸ਼ਾਸ਼ਕ ਅਬਦੁੱਲ ਹਮੀਦ ਨੇ ਆਟੋਮਾਨ ਸਾਮਰਾਜ ਨੂੰ ਬਚਾਉਣ ਲਈ ਇਸਲਾਮਿਕ ਧਾਰਮਿਕ ਭਾਵਨਾਵਾਂ ਉਭਾਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਬਹੁਤੀ ਸਫ਼ਲਤਾ ਨਾ ਮਿਲੀ। ਭਾਰਤੀ ਉਪ-ਮਹਾਂਦੀਪ ਵਿੱਚ ਮੁਗ਼ਲ ਸਾਮਰਾਜ ਦਰਬਾਰੀ ਪ੍ਰਣਾਲੀ ਦੇ ਪ੍ਰਸ਼ਾਸ਼ਨਿਕ ਰੂਪ 'ਤੇ ਆਧਾਰਿਤ ਸੀ। ਇਨ੍ਹਾਂ ਦਰਬਾਰੀਆਂ ਨੂੰ ਮਨਸਬਦਾਰ ਕਿਹਾ ਜਾਂਦਾ ਸੀ। ਇਹ ਇੱਕ ਤਰ੍ਹਾਂ ਨਾਲ ਯੂਰਪ ਦੇ ਕੁਲੀਨ ਵਰਗਾਂ ਵਰਗੇ ਹੀ ਸਨ। ਮਨਸਬਦਾਰ ਵਰਗ ਦੀ ਗਿਣਤੀ ਮੁਗ਼ਲ ਕਾਲ ਸਮੇਂ 500 ਤੋਂ 1000 ਤੱਕ ਸੀ। ਇਹ ਕੁਲੀਨ ਵਰਗ ਮੁਗ਼ਲ ਸ਼ਾਸ਼ਕ ਦੀ ਜੇਤੂ ਤਾਕਤ ਦੇ ਕਾਇਮ ਰਹਿਣ ਤੱਕ ਉਸ ਦਾ ਵਫ਼ਾਦਾਰ ਰਹਿੰਦਾ ਸੀ ਅਤੇ ਜਿਉਂ ਹੀ ਸ਼ਾਸ਼ਕ ਕਮਜ਼ੋਰ ਹੁੰਦਾ ਸੀ ਜਾਂ ਹਾਰਦਾ ਸੀ, ਇਹ ਵਰਗ ਉਸੇ ਸਮੇਂ ਵਫ਼ਾਦਾਰੀ ਬਦਲ ਲੈਂਦਾ ਸੀ। ਇਹੀ ਕਾਰਨ ਸੀ ਕਿ ਮੁਗ਼ਲ ਸਾਮਰਾਜ ਵਿੱਚ ਰਾਜ ਸਿਰਜਣਾ ਅਤੇ ਰਾਜ ਨਾਲ ਵਫ਼ਾਦਾਰੀ ਵਰਗਾ ਅਮਲ ਪੈਦਾ ਨਾ ਹੋਇਆ।



ਸਿੱਖ ਸਾਮਰਾਜ ਯੁੱਗ ਦਾ ਇੱਕ ਦ੍ਰਿਸ਼ ਦਰਸਾਉਂਦੀ ਚਿੱਤਰਕਾਰੀ

*ਸਿੱਖਾਂ ਵਿੱਚ ਧਾਰਮਿਕ ਭਾਈਚਾਰਕ ਏਕੇ ਦੀ ਭਾਵਨਾ ਅਤੇ ਪੰਜਾਬ ਦੀ ਧਰਤੀ ਦੇ ਗੁਰੂ ਸਾਹਿਬਾਨ ਦੀ ਧਰਤੀ ਹੋਣ ਦੇ ਪਵਿੱਤਰ ਅਹਿਸਾਸ ਹੋਣ ਦੇ ਬਾਵਜੂਦ ਸਿੱਖ ਭਾਈਚਾਰਾ ਯੂਰਪੀਅਨ ਰਾਜਾਂ ਵਰਗਾਂ ਖੇਤਰੀ ਰਾਜ ਸਿਰਜਣ ਵਿੱਚ ਅਸਫ਼ਲ ਰਿਹਾ। ... 1849 ਈਸਵੀ ਵਿੱਚ ਖਾਲਸਾ ਫੌਜਾਂ ਦੀ ਹਾਰ ਤੋਂ ਬਾਅਦ ਸਿੱਖ ਆਧੁਨਿਕ ਪੱਛਮੀ ਰਾਜਨੀਤਿਕ ਪ੍ਰਣਾਲੀ ਦੇ ਸਿੱਧੇ ਸੰਪਰਕ ਵਿੱਚ ਆਉਣੇ ਚਾਹੀਦੇ ਸਨ, ਪਰ ਸਿੱਖਾਂ ਦਾ ਇਹ ਸੰਪਰਕ ਹਿੰਦੂ ਰਾਸ਼ਟਰਵਾਦੀ ਤਾਕਤਾਂ ਰਾਹੀਂ ਹੋਇਆ।*

ਯੂਰਪ ਵਿੱਚ ਕੁਲੀਨ ਵਰਗ ਭਾਈਚਾਰਿਆਂ ਦੇ ਪ੍ਰਤੀਨਿਧਾਂ ਵਜੋਂ ਰਾਜਸ਼ਾਹੀਆਂ ਦੇ ਵਿਰੋਧ ਵਿੱਚ ਭੁਗਤੇ, ਜਦਕਿ ਮੁਗ਼ਲ ਸਾਮਰਾਜ ਦੇ ਮਨਸਬਦਾਰਾਂ ਵਿੱਚ ਅਜਿਹੀ ਭਾਵਨਾ ਗ਼ੈਰ-ਹਾਜ਼ਰ ਰਹੀ। ਬਾਅਦ ਵਿੱਚ ਸਿੱਖ ਰਾਜ ਦੌਰਾਨ ਮਨਸਬਦਾਰੀ ਵਰਗੀ ਮੁਗ਼ਲ ਦਰਬਾਰੀ ਪ੍ਰਣਾਲੀ ਲਾਗੂ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਸਿੱਖਾਂ ਨੂੰ ਵੱਡੇ ਰਾਜਸੀ ਨੁਕਸਾਨ ਝੱਲਣੇ ਪਏ। ਇਸੇ ਤਰ੍ਹਾਂ ਯੂਰਪ ਵਿੱਚ ਭਾਈਚਾਰਿਆਂ ਨਾਲ ਸਬੰਧਿਤ ਈਸਾਈ ਧਾਰਮਿਕ ਆਗੂਆਂ ਨੇ ਰਾਜਸੀ ਤਬਦੀਲੀ ਨੂੰ ਭਾਂਪਦਿਆਂ ਰੋਮ ਵਿੱਚ ਈਸਾਈ ਸੱਤਾ ਦੇ ਮੁਕਾਬਲੇ ਆਪਣੇ ਭਾਈਚਾਰਿਆਂ ਨਾਲ ਵਫ਼ਾਦਾਰੀ ਪ੍ਰਗਟਾਈ। ਚੈਕ ਅਤੇ ਪੋਲਿਸ਼ ਭਾਈਚਾਰਿਆਂ ਦੇ ਭਾਸ਼ਾਈ ਵਿਕਾਸ ਵਿੱਚ ਇਨ੍ਹਾਂ ਈਸਾਈ ਪਾਦਰੀਆਂ ਦੀ ਹੈਰਾਨੀਜਨਕ ਭੂਮਿਕਾ ਰਹੀ। ਸਿੱਖ ਧਰਮ ਵਿੱਚ ਪੁਜਾਰੀ ਵਰਗ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ, ਪਰ ਗੁਰੂ ਕਾਲ ਤੋਂ ਬਾਅਦ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਅਤੇ ਗੁਰਬਾਣੀ ਪਾਠ ਦੀ ਮਰਿਆਦਾ ਨੇ ਸਿੱਖਾਂ ਵਿੱਚ ਪੁਜਾਰੀ ਵਰਗ ਨੂੰ ਜਨਮ ਦਿੱਤਾ। ਸਿੱਖਾਂ ਦੇ ਕੁਲੀਨ ਵਰਗਾਂ ਵਾਂਗ ਇਸ ਪੁਜਾਰੀ ਵਰਗ ਦੀ ਸਿੱਖ ਭਾਈਚਾਰੇ ਦੇ ਬੌਧਿਕ ਅਤੇ ਰਾਜਨੀਤਿਕ ਵਿਗਾਸ ਵਿੱਚ ਬਹੁਤੀ ਹਾਂ-ਪੱਖੀ ਭੂਮਿਕਾ ਨਹੀਂ ਰਹੀ।



ਗੁਰੂ ਸਾਹਿਬਾਨ ਵੱਲੋਂ ਪੰਜਾਬ ਵਿੱਚ ਗੁਰਮੁਖੀ ਲਿਪੀ ਦੀ ਸਿਰਜਣਾ ਕਰਕੇ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਅਤੇ ਖਾਲਸਾ ਪੰਥ ਦੀ ਸਿਰਜਣਾ ਰਾਹੀਂ ਹਿੰਦੂ ਧਾਰਮਿਕ ਪ੍ਰਬੰਧ ਤੇ ਸੰਸਕ੍ਰਿਤ ਭਾਸ਼ਾ 'ਤੇ ਆਧਾਰਿਤ ਜੀਵਨ ਪ੍ਰਬੰਧ ਦੇ ਬਰਾਬਰ ਸਿੱਖ ਧਾਰਮਿਕ ਅਤੇ ਗਿਆਨ ਪ੍ਰਬੰਧ ਸਿਰਜਣ ਵਿੱਚ ਵੱਡੀ ਸਫ਼ਲਤਾ ਹਾਸਿਲ ਕਰ ਲਈ ਸੀ। ਸਿੱਖ ਧਾਰਮਿਕ ਅਤੇ ਗਿਆਨ ਪ੍ਰਬੰਧ ਦੇ ਆਧਾਰ 'ਤੇ ਸਿਰਜਿਆ ਗਿਆ ਸਿੱਖ ਭਾਈਚਾਰਾ ਯੂਰਪੀਅਨ ਭਾਈਚਾਰਿਆਂ ਵਾਂਗ ਪ੍ਰਤੀਨਿਧਤਾ ਲਈ ਸੰਘਰਸ਼ਾਂ ਵਿੱਚੋਂ ਨਹੀਂ ਉਪਜਿਆ ਸੀ, ਪਰ ਸੰਸਕ੍ਰਿਤ ਭਾਸ਼ਾ ਦੇ ਦਾਬੇ ਨੂੰ ਤੋੜਨ ਦੇ ਸੰਦਰਭ ਵਿੱਚ ਇਸ ਦੀ ਯੂਰਪੀਅਨ ਭਾਈਚਾਰਿਆਂ ਦੇ ਉਭਾਰ ਦੇ ਵਰਤਾਰੇ ਨਾਲ ਨੇੜਤਾ ਸੀ, ਕਿਉਂਕਿ ਯੂਰਪੀਅਨ ਭਾਈਚਾਰਿਆਂ ਦੇ ਉਭਾਰ ਵਿੱਚ ਲੈਟਿਨ ਭਾਸ਼ਾ ਦੇ ਦਾਬੇ ਦੇ ਟੁੱਟਣ ਦਾ ਵੱਡਾ ਯੋਗਦਾਨ ਸੀ। ਕੁਲੀਨ ਵਰਗਾਂ ਅਤੇ ਬੁੱਧੀਜੀਵੀ ਵਰਗਾਂ ਦੇ ਸੰਦਰਭ ਵਿੱਚ ਆਏ ਸਮਾਜਿਕ ਬਦਲਾਵਾਂ ਨੇ ਯੂਰਪੀਅਨ ਭਾਈਚਾਰਿਆਂ ਨੂੰ ਨੇਸ਼ਨ ਦਾ ਦਰਜਾ ਦਿਵਾਇਆ, ਭਾਵ ਜਦੋਂ ਯੂਰਪੀਅਨ ਸਮਾਜਾਂ ਵਿੱਚ ਵਿਦਿਅਕ ਚੇਤਨਾ ਆਮ ਲੋਕਾਂ ਤੱਕ ਪਹੁੰਚੀ ਤਾਂ ਇਨ੍ਹਾਂ ਲੋਕਾਂ ਦੇ ਪੜ੍ਹੇ-ਲਿਖੇ ਯੋਗ ਹਿੱਸੇ ਰਾਜਸੀ ਤੌਰ 'ਤੇ ਉੱਚੇ ਅਹੁਦਿਆਂ ਤੱਕ ਪਹੁੰਚੇ, ਜਿਥੇ ਪਹਿਲਾਂ ਸਿਰਫ਼ ਜੱਦੀ-ਪੁਰਖੀ ਕੁਲੀਨ ਪਰਿਵਾਰਾਂ ਦੇ ਲੋਕ ਹੀ ਪਹੁੰਚਦੇ ਸਨ।

ਇਸ ਬਦਲਾਅ ਨੇ ਆਮ ਲੋਕਾਂ ਨੂੰ ਪਤਵੰਤੇ ਵਰਗਾਂ ਦਾ ਹਿੱਸਾ ਹੋਣ ਦਾ ਅਹਿਸਾਸ ਕਰਵਾਇਆ। ਇਹ ਅਹਿਸਾਸ ਕੌਮੀ ਸਵੈ-ਚੇਤਨਾ ਵਿੱਚ ਬਦਲ ਕੇ ਨੇਸ਼ਨ ਦਾ ਰੂਪ ਧਾਰ ਗਿਆ ਅਤੇ ਯੂਰਪ ਵਿੱਚ ਪ੍ਰਭੂਸੱਤਾ ਦੀ ਰਾਜਨੀਤਿਕ ਮਾਨਤਾ ਦਾ ਸਰੋਤ ਬਣ ਗਿਆ। ਯੂਰਪ ਵਿੱਚ ਨੇਸ਼ਨ ਦਾ ਸੰਕਲਪ ਜਦੋਂ ਮਾਨਤਾ ਹਾਸਿਲ ਕਰ ਰਿਹਾ ਸੀ ਤਾਂ ਉਸੇ ਸਮੇਂ ਸਿੱਖ ਭਾਈਚਾਰਾ ਪੰਜਾਬ ਦੀ ਧਰਤੀ 'ਤੇ ਢਾਂਚਾਗਤ ਰੂਪ ਅਖਤਿਆਰ ਕਰ ਰਿਹਾ ਸੀ, ਪਰ ਇਸ ਦਾ ਵਿਗਾਸ-ਅਮਲ ਯੂਰਪ ਦੇ ਨੇਸ਼ਨ ਵਰਗਾ ਨਹੀਂ ਸੀ। ਯੂਰਪੀਅਨ ਭਾਈਚਾਰੇ ਜਦੋਂ ਨੇਸ਼ਨ ਬਣੇ ਤਾਂ ਉਨ੍ਹਾਂ ਕੋਲ ਪਹਿਲਾਂ ਹੀ ਕੁਲੀਨ ਅਤੇ ਬੁੱਧੀਜੀਵੀ ਵਰਗ ਮੌਜੂਦ ਸਨ, ਜਿਨ੍ਹਾਂ ਨੇ ਆਮ ਲੋਕਾਂ ਨੂੰ ਪਤਵੰਤੇ ਵਰਗਾਂ ਦਾ ਅਹਿਸਾਸ ਕਰਵਾਇਆ; ਪਰ ਗੁਰੂ ਸਾਹਿਬਾਨਾਂ ਨੇ ਪਹਿਲਾਂ ਭਾਈਚਾਰਾ ਸਿਰਜਿਆ ਅਤੇ ਪੰਜਾਬ ਦੇ ਦੱਬੇ-ਕੁਚਲੇ ਸਾਂਝੀ ਭਾਸ਼ਾ ਬੋਲਦੇ ਲੋਕਾਂ ਨੂੰ ਪਤਵੰਤੇ ਹੋਣ ਦਾ ਅਹਿਸਾਸ ਕਰਵਾਇਆ ਤੇ ਖਾਲਸਾਈ ਪਛਾਣ ਦੇ ਰੂਪ ਵਿੱਚ ਪੰਜਾਬ ਦੀ ਧਰਤੀ ਦੇ ਰਾਜੇ ਹੋਣ ਦੀ ਭਾਵਨਾ ਪੈਦਾ ਕੀਤੀ।

ਮੁਗ਼ਲਾਂ ਅਤੇ ਅਫ਼ਗਾਨਾਂ ਨਾਲ ਹੋਈਆਂ ਲਗਾਤਾਰ ਜੰਗਾਂ ਨੇ ਹਿੰਦੂ ਜਾਤ ਪ੍ਰਬੰਧ 'ਤੇ ਆਧਾਰਿਤ ਸਮਾਜਿਕ ਦਰਜੇਬੰਦੀ ਦੀ ਹੋਂਦ ਦੇ ਬਾਵਜੂਦ ਸਿੱਖ ਭਾਈਚਾਰੇ ਦੀ ਧਾਰਮਿਕ ਸਵੈ-ਚੇਤਨਾ ਨੂੰ ਕਾਇਮ ਰੱਖਿਆ। ਬਾਬਾ ਬੰਦਾ ਸਿੰਘ ਬਹਾਦੁਰ ਦੇ ਥੋੜ੍ਹ-ਚਿਰੇ ਰਾਜ ਨੇ ਸਿੱਖ ਭਾਈਚਾਰੇ ਨੂੰ ਪ੍ਰਭੂਸੱਤਾ ਅਤੇ ਰਾਜਸੀ ਚਿੰਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਕਰਵਾ ਦਿੱਤਾ। ਅਠਾਰਵੀਂ ਸਦੀ ਵਿੱਚ ਮੁਗ਼ਲ ਸਾਮਰਾਜ ਦੀ ਸੱਤਾ ਜਦੋਂ ਢਿੱਲੀ ਹੋਈ ਤਾਂ ਸਿੱਖ ਮਿਸਲਾਂ ਦੇ ਰੂਪ ਵਿੱਚ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋ ਗਏ। ਇਸ ਸਮੇਂ ਤੱਕ ਯੂਰਪ ਵਿੱਚ ਭਾਈਚਾਰਿਆਂ ਦਾ ਕੌਮੀਕਰਨ ਹੋ ਚੁਕਾ ਸੀ ਅਤੇ ਨੇਸ਼ਨ ਦੇ ਰੂਪ ਵਿੱਚ ਕਈ ਭਾਈਚਾਰੇ ਕੇਂਦਰੀਕ੍ਰਿਤ ਰਾਜ ਸਿਰਜਣ ਵਿੱਚ ਕਾਮਯਾਬ ਹੋ ਚੁਕੇ ਸਨ। ਇਨ੍ਹਾਂ ਰਾਜਾਂ ਵਿੱਚ ਜੰਗੀ ਨੌਕਰਸ਼ਾਹੀ ਦਾ ਰੂਪ ਰਾਜਸੀ ਨੌਕਰਸ਼ਾਹੀ ਵਿੱਚ ਬਦਲ ਗਿਆ ਸੀ। ਇਹ ਪੇਸ਼ੇਵਰ ਨੌਕਰਸ਼ਾਹੀ ਰਾਜ ਦੇ ਸ਼ਾਸ਼ਕਾਂ ਅਤੇ ਸਮਾਜ ਵਿਚਕਾਰ ਸਬੰਧ ਸਿਰਜਣ ਦਾ ਕਾਮਯਾਬ ਪ੍ਰਸ਼ਾਸ਼ਨਿਕ ਯੰਤਰ ਸੀ। ਪੂਰੀ ਦੁਨੀਆਂ ਵਿੱਚ ਰਾਜ ਦੀ ਵਿਚਾਰਧਾਰਾ ਦੇ ਆਧਾਰ 'ਤੇ ਪੂਰੀ ਤਰ੍ਹਾਂ ਸਿੱਖਿਅਤ ਅਤੇ ਪੇਸ਼ੇਵਰ ਨੌਕਰਸ਼ਾਹੀ ਨੂੰ ਰਾਜ ਸਿਰਜਣ ਦਾ ਮਹੱਤਵਪੂਰਨ ਅਮਲ ਮੰਨਿਆ ਜਾਂਦਾ ਹੈ। ਮਿਸਲ ਕਾਲ ਸਮੇਂ ਦਲ ਖਾਲਸਾ ਦੇ ਵਿਹਾਰਕ ਨਮੂਨੇ ਦੇ ਹੁੰਦਿਆਂ ਵੀ ਮਿਸਲਾਂ ਦੇ ਜਥੇਦਾਰ ਪੰਜਾਬ 'ਚ ਕੇਂਦਰੀਕ੍ਰਿਤ ਰਾਜ ਅਤੇ ਸਿੱਖ ਵਿਚਾਰਧਾਰਾ ਨੂੰ ਸਮਰਪਿਤ ਪੇਸ਼ੇਵਰ ਨੌਕਰਸ਼ਾਹੀ ਦਾ ਮੁਢਲਾ ਰੂਪ ਸਿਰਜਣ ਵਿੱਚ ਅਸਫ਼ਲ ਰਹੇ।

ਉੱਨੀਵੀਂ ਸਦੀ ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਜਦੋਂ ਕੇਂਦਰੀਕ੍ਰਿਤ ਸਿੱਖ ਰਾਜ ਹੋਂਦ ਵਿੱਚ ਆਇਆ ਤਾਂ ਮਨਸਬਦਾਰੀ ਪ੍ਰਣਾਲੀ ਵਰਗਾ ਪ੍ਰਸ਼ਾਸ਼ਨਿਕ ਮਾਡਲ ਅਪਣਾਉਣ ਕਰਕੇ ਇਹ ਮੁਗ਼ਲ ਸਾਮਰਾਜ ਵਰਗੀਆਂ ਵਜੂਦ ਸਮੋਈਆਂ ਕਮਜ਼ੋਰੀਆਂ ਦਾ ਸ਼ਿਕਾਰ ਹੋ ਗਿਆ। ਮਨਸਬਦਾਰੀ ਪ੍ਰਣਾਲੀ ਨੇ ਸਿੱਖਾਂ ਦਾ ਯੂਰਪੀਅਨ ਭਾਈਚਾਰਿਆਂ ਵਰਗਾ ਕੁਲੀਨ ਪਤਵੰਤਾ ਵਰਗ ਪੈਦਾ ਹੀ ਨਹੀਂ ਹੋਣ ਦਿੱਤਾ, ਜੋ ਰਾਜ ਲਈ ਪੂਰੀ ਤਰ੍ਹਾਂ ਵਫ਼ਾਦਾਰ ਸੀ। ਯੂਰਪ ਵਿੱਚ ਯੂਨੀਵਰਸਿਟੀਆਂ ਵਰਗੇ ਉੱਚ ਵਿਦਿਆ ਦੇ ਕੇਂਦਰਾਂ ਤੱਕ ਆਮ ਲੋਕਾਂ ਦੀ ਪਹੁੰਚ ਸੀ, ਪਰ ਪੰਜਾਬ ਵਿੱਚ ਵਿਦਿਆ ਦੇ ਉੱਚੇ ਕੇਂਦਰਾਂ ਦੀ ਅਣਹੋਂਦ ਨੇ ਯੂਰਪੀਅਨ ਭਾਈਚਾਰਿਆਂ ਵਾਂਗ ਆਮ ਸਿੱਖ ਲੋਕਾਂ ਵਿੱਚੋਂ ਸਿੱਖ ਕੁਲੀਨ ਵਰਗ ਦੇ ਪੈਦਾ ਹੋਣ ਦੀ ਸੰਭਾਵਨਾ ਵੀ ਖਤਮ ਕੀਤੀ ਰੱਖੀ। ਸਿੱਖ ਰਾਜ ਦੇ ਦਰਬਾਰੀਆਂ ਵਿੱਚ ਅਤੇ ਨੌਕਰਸ਼ਾਹਾਂ ਵਿੱਚ ਗ਼ੈਰ-ਸਿੱਖਾਂ ਦੀ ਭਰਮਾਰ ਸੀ। ਸਿੱਖਾਂ ਕੋਲ ਸਿਰਫ਼ ਖਾਲਸਾ ਫੌਜ ਹੀ ਸੀ, ਜਿਸ ਵਿੱਚ ਉਹ ਬਹੁ-ਗਿਣਤੀ ਵਿੱਚ ਸਨ। ਸਿੱਖਾਂ ਦਾ ਧਾਰਮਿਕ ਪੁਜਾਰੀ ਵਰਗ ਵੀ ਯੂਰਪੀਅਨ ਪੁਜਾਰੀ ਵਰਗਾਂ ਵਾਂਗ ਆਪਣੇ ਭਾਈਚਾਰੇ ਦੇ ਰਾਜਸੀ ਵਿਗਾਸ ਵਿੱਚ ਕੋਈ ਹਾਂ-ਪੱਖੀ ਭੂਮਿਕਾ ਨਾ ਨਿਭਾਅ ਸਕਿਆ ਅਤੇ ਹਿੰਦੂ ਧਾਰਮਿਕ ਸੱਤਾ ਦਾ ਹਿੱਸਾ ਬਣ ਗਿਆ।

ਇਸੇ ਤਰ੍ਹਾਂ ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਕਦੇ ਬੋਧੀਆਂ ਦਾ ਸੰਵਾਦ ਕੇਂਦਰ ਸੀ 'ਸੁਲਤਾਨਪੁਰ ਲੋਧੀ'

**ਇਹ ਉਹੀ ਪੁਰਾਤਨ ਨਗਰੀ ਹੈ, ਜਿਹੜੀ ਢੇਰ ਵਰਸ਼ ਪਹਿਲਾਂ ਬੋਧੀਆਂ, ਫੇਰ ਮੁਸਲਿਮਾਂ ਅਤੇ ਮਗਰੋਂ ਸਿੱਖਾਂ ਦੀ ਵਿਦਿਅਕ, ਤਰਕਵੇਦੀ ਅਤੇ ਅਧਿਆਤਮਕ ਨਗਰੀ ਬਣੀ।**

**ਪਿੰਡ ਵਸਿਆ (26)**

**ਵਿਜੈ ਬੰਬੇਲੀ**
**ਫੋਨ: +91-9463439075**

*'ਪਿੰਡ ਵਸਿਆ' ਕਾਲਮ 'ਪੰਜਾਬੀ ਪਰਵਾਜ਼' ਵਿੱਚ ਸਾਲ ਭਰ ਤੋਂ ਛਪਦਾ ਰਿਹਾ ਹੈ, ਜਿਸ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ. ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ. ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ. ਇਸ ਲੇਖ-ਲੜੀ ਦੀ ਨਿਰੰਤਰਤਾ ਵਿੱਚ ਅਸੀਂ ਦੋ ਦਰਜਨ ਲੇਖ ਪ੍ਰਕਾਸ਼ਿਤ ਕਰ ਚੁਕੇ ਹਾਂ. ਹਥਲਾ ਲੇਖ ਕੁਝ ਵਕਫੇ ਪਿੱਛੋਂ ਪ੍ਰਾਪਤ ਹੋਇਆ ਹੈ, ਜਿਸ ਦਾ ਕਾਰਨ ਇਹ ਹੈ ਕਿ ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ. ਹਥਲੀ ਲਿਖਤ ਵਿੱਚ ਸੁਲਤਾਨਪੁਰ ਲੋਧੀ ਬਾਰੇ ਸੰਖੇਪ ਗਾਥਾ ਪੇਸ਼ ਹੈ. -ਪ੍ਰਬੰਧਕੀ ਸੰਪਾਦਕ*

"ਬੇਨ ਨਦੀ", ਹੁਣ ਕਾਲੀ ਬੇਈਂ, ਜਿਹੜੀ ਹੁਸ਼ਿਆਰਪੁਰ ਜ਼ਿਲੇ ਦੇ ਮੁਕੇਰੀਆਂ ਲਾਗਲੇ ਟੈਰਕੀਆਣਾ ਪਿੰਡ ਲਾਗਵੇਂ ਧਨੋਆ ਛੰਭ ਤੋਂ ਸ਼ੁਰੂ ਹੋ ਵਰਾਸਤਾ ਸੁਲਤਾਨਪੁਰ ਸਤਲੁਜ ਨੂੰ ਪ੍ਰਸਥਾਨ ਕਰਦੀ ਹੈ, ਕੰਢੇ ਘੁੱਗ ਵੱਸਦਾ "ਸੁਲਤਾਨਪੁਰ ਲੋਧੀ" ਇੱਕ ਮੁੱਢ-ਕਦੀਮ ਨਗਰ ਹੈ। ਜਿਵੇਂ "ਲੋਧੀ ਤਖੱਲਸ" ਤੋਂ ਹੀ ਸਪੱਸ਼ਟ ਹੈ, ਕਪੂਰਥਲੇ ਜ਼ਿਲ੍ਹੇ ਦਾ ਉੱਘੜਵਾਂ ਕਸਬਾ, ਹੁਣ ਨਾਮਵਰ ਸਿੱਖ ਆਸਥਾ ਕੇਂਦਰ, ਜਿਹੜਾ ਬਾਬਾ ਨਾਨਕ ਜੀ ਦਾ ਕਰਮ ਖੇਤਰ ਰਿਹਾ, ਜਰੂਰ ਲੋਧੀ ਬੰਸ ਦਾ ਉੱਘਾ ਸਥਲ ਰਿਹਾ ਹੋਵੇਗਾ। "ਧਾੜਵੀਆਂ ਅਤੇ ਕੁਦਰਤੀ ਕਰੋਪੀਆਂ ਨਾਲ ਝੰਬੇ-ਉੱਜੜਦੇ ਤੇ ਮੁੜ-ਮੁੜ ਵੱਸਦੇ ਰਹੇ ਇਸ ਪ੍ਰਚੀਨ ਨਗਰ ਉੱਤੇ 11ਵੀਂ ਸਦੀ ਵਿੱਚ ਸੁਲਤਾਨ ਖਾਨ, ਜਿਹੜਾ ਮਹਿਮੂਦ ਗਜ਼ਨਵੀਂ ਦਾ ਕਲਗੀ ਸਿਪਾਹ-ਸਲਾਰ ਸੀ, ਨੇ ਕਬਜ਼ਾ ਕਰ ਇਸ ਨੂੰ ਮੁੜ ਵਸਾਇਆ, ਪੱਕੇ ਪੈਰੀਂ ਕੀਤਾ ਅਤੇ ਆਪਣਾ ਨਾਂ ਸੁਲਤਾਨ ਦਿੰਦਿਆ ਆਪਣਾ ਸਦਰ-ਮੁਕਾਮ ਬਣਾਇਆ। ਮਗਰੋਂ "ਲੋਧੀਆਂ" (ਲੋਧੀ ਬੰਸ਼) ਦੇ ਨਾਂ ਅਤੇ ਸਰਗਰਮੀਆਂ ਬਦੌਲਤ ਇਸ ਖੇਤੇ ਦਾ ਨਾਂ ਸੁਲਤਾਨਪੁਰ ਲੋਧੀ ਪੱਕ-ਪਕਾਅ ਗਿਆ। ਉਂਜ ਦੱਸਿਆ ਇਹ ਵੀ ਜਾਂਦਾ ਹੈ ਕਿ "ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖਾਨ ਦੇ ਸਪੁੱਤਰ ਸੁਲਤਾਨ ਖ਼ਾਨ ਨੇ ਇਸ ਨੂੰ ਮੁੜ ਵਸਾਇਆ ਸੀ ਅਤੇ ਲੋਧੀ ਉਪਨਾਮ ਲੋਧੀਆਂ ਵੇਲੇ ਜੁੜਿਆ।" ਮਗਰੋਂ ਇਹ ਨਗਰੀ ਜ਼ਿਆਦਾ ਉੱਘੜਵੀਂ "ਬਾਬਾ ਨਾਨਕ" ਬਦੌਲਤ ਹੋਈ।

ਖੋਜਆਰਥੀਆਂ ਮੁਤਾਬਿਕ, "ਕਾਬਲ ਦੇ ਹਿੰਦੂ ਤੇ ਦਿੱਲੀ ਦੀ ਮਦਨ ਪਾਲ ਪਾਤਸ਼ਾਹੀ ਦੀਆਂ ਇੱਥੋਂ ਅਸ਼ਰਫੀਆਂ ਮਿਲਣ ਅਤੇ ਬੋਧ ਮੱਤ ਦਾ ਕੇਂਦਰ ਹੋਣ ਕਾਰਨ ਇਹ ਪਹਿਲਾਂ ਗਿਆਂਸੁ-ਦੀਨ-ਬਲਬਨ ਦੇ ਧਾੜਿਆਂ ਦਾ ਸ਼ਿਕਾਰ ਹੋਇਆ, ਮਗਰੋਂ ਨਾਦਰਸ਼ਾਹ ਨੇ 1739 ਈ. 'ਚ, ਇਸਨੂੰ ਅਜਿਹਾ ਨੇਸਤੋਨਾਬਦੂ ਕੀਤਾ ਕਿ ਇਹ ਲੰਬਾ ਸਮਾਂ ਆਪਣੀ ਸ਼ਾਨ ਪ੍ਰਾਪਤ ਨਾ ਕਰ ਸਕਿਆ। ਉਸ ਸਮੇਂ ਦੇ "ਜਲੌਅ" ਨੂੰ ਅੱਜ ਨਾਲ ਮੇਲ ਕੇ ਵੇਖੋ ਕਿ ਜਿਸ ਨਗਰ ਨੂੰ ਸ਼ਾਹ ਹੁਸੈਨ, ਕਟਾਖਸ਼ ਗਿਰੀ ਅਤੇ ਭਾਈ ਲੰਙਾ ਵਰਗੇ ਸਹਿਹੋਂਦ-ਧਰਮੀਆਂ ਦਾ ਮਾਣ ਵੀ ਪ੍ਰਾਪਤ ਸੀ, ਉਸ ਨੂੰ "ਧਰਮ-ਪ੍ਰਸਤ" ਹੋਣ ਦਾ ਦਾਅਵਾ ਕਰਨ ਵਾਲੇ ਹੀ ਬੇਹ ਕਰਦੇ ਸਨ/ਹਨ।" ਹਾਂ! ਸਾਰੇ ਮਾੜੇ ਨਹੀਂ ਹੁੰਦੇ, ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੀ ਯਾਦ ਸਮੋਈ ਬੈਠੇ ਇਸ ਖੇੜੇ ਵਿੱਚ ਜਿੱਥੇ ਨਾਸਿਰ-ਉ-ਮੁਹੰਮਦ ਸ਼ਾਹ ਵੇਲੇ "ਸੁਲਤਾਨਪੁਰ ਟਕਸਾਲ" ਸਥਾਪਤ ਕੀਤੀ ਗਈ, ਉਥੇ ਮਿਸਲਦਾਰ ਸ. ਜੱਸਾ ਸਿੰਘ ਆਹਲੂਵਾਲੀਏ ਨੇ ਇਸਦਾ ਪੁਰਾਣਾ ਜਲੌਅ ਬਹਾਲ ਕਰਨ ਲਈ ਢੇਰ ਯਤਨ ਕੀਤੇ।



■ **ਕਪੂਰਥਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ, ਖਾਸ ਕਰਕੇ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਦੇ ਨਾਲ-ਨਾਲ, ਵੱਧ ਤੋਂ ਵੱਧ ਕੰਧਾਂ ਨੂੰ ਗ੍ਰੈਫਿਟੀ ਕਲਾ ਨਾਲ ਢਕਣ ਦੀ ਯੋਜਨਾ ਬਣਾਈ ਸੀ, ਜਿਸ ਦੌਰਾਨ ਕੰਧ ਉਤੇ ਉਕਰਿਆ ਗਿਆ ਇੱਕ ਚਿੱਤਰ।**

ਦਰ-ਹਕੀਕਤ; ਬੋਧੀ ਅਤੇ ਹਿੰਦੂ ਮੱਤ ਦੇ ਗਹਿਰ-ਗੰਭੀਰ ਸੰਵਾਦ ਕੇਂਦਰਾਂ ਉਪਰੰਤ ਅਤੇ ਬਾਬਾ ਨਾਨਕ ਜੀ ਦੀ ਕਰਮ ਅਤੇ ਸੰਵਾਦ ਨਗਰੀ ਵਜੋਂ ਵਿਖਿਆਤ ਹੋਣ ਤੋਂ ਪਹਿਲਾਂ ਇਸ ਨਗਰ ਨੂੰ ਰਾਜਸੀ ਪ੍ਰਸਿੱਧੀ ਉਦੋਂ ਪ੍ਰਾਪਤ ਹੋਈ, ਜਦੋਂ ਇੱਕ ਸ਼ਕਤੀਸ਼ਾਲੀ ਲੋਧੀ ਪ੍ਰਮੁੱਖ ਤਾਤਾਰ ਖਾਨ ਯੂਸਫ ਖ਼ਲੀਲ, ਜਿਸਨੇ ਨਵਾਬ ਬਹਿਲੋਲ ਲੋਧੀ ਨੂੰ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਕਰਵਾਉਣ ਵਿਚ ਬੇ-ਜੋੜ ਹਿੱਸਾ ਪਾਇਆ ਸੀ, ਨੇ ਇਸ ਖੇੜੇ ਨੂੰ ਆਪਣੀ ਜਾਗੀਰ ਦਾ ਪ੍ਰਮੁੱਖ ਹਿੱਸਾ ਬਣਾ ਲਿਆ। ਮਗਰੋਂ ਨਵਾਬ ਦੌਲਤ ਖਾ ਲੋਧੀ, ਜਿਹੜਾ ਮਨੁੱਖੀ ਕਦਰਾਂ-ਕੀਮਤਾਂ ਅਤੇ ਉੱਚੀ ਨੈਤਿਕਤਾ ਤੇ ਸੁਹਜ ਸੁਆਦ ਦਾ ਮਾਲਕ ਸੀ, ਉਸਨੇ ਇਸ ਖੇੜੇ ਨੂੰ ਕੁਦਰਤ ਮੇਚਵੀਆਂ ਬਹੁ-ਪਰਤੀ ਲੋਕ-ਸਹੂਲਤਾਂ ਵਾਲੀ ਰਿਆਸਤ ਵਜੋਂ ਵਿਕਸਤ ਕਰਨ ਦੇ ਸੁਹਿਰਦ ਯਤਨ ਕੀਤੇ।

ਚਰਚਿਤ ਘੁੰਮੱਕੜ ਇਤਿਹਾਸਕਾਰ ਇਬਨ-ਬਤੂਤਾ ਮੁਤਾਬਿਕ "ਉਸਨੇ ਲਾਹੌਰ ਤੋਂ ਦਿੱਲੀ ਜਾਂਦਿਆਂ, ਸ਼ੇਰ ਸ਼ਾਹ ਸੂਰੀ ਨਿਰਮਤ ਸ਼ਾਹ-ਰਾਹ, ਜਿਹੜਾ ਮਗਰੋਂ "ਸ਼ੇਰ ਸ਼ਾਹ ਸੂਰੀ ਮਾਰਗ" ਵਜੋਂ ਦੁਨੀਆਂ ਭਰ ਵਿੱਚ ਚਰਚਿਤ ਹੋ ਗਿਆ, ਨਿਰਮਤ ਕਰਵਾਇਆ। ਉਸ ਨੇ ਇਸ ਮਾਰਗ, ਜਿਹੜਾ ਪਿਸ਼ੌਰ ਤੋਂ ਕਲਕੱਤਾ ਵਰਾਸਤਾ ਸੁਲਤਾਨਪੁਰ ਜਾਂਦਾ ਸੀ, ਉੱਤੇ ਲੋਕ-ਸਹੂਲਤੀ ਮਹਿਲ-ਮੁਨਾਰੇ ਉਸਾਰੇ। ਅਜਿਹਾ ਹੀ ਇੱਕ ਵਿਰਾਸਤੀ ਮੁਨਾਰਾ ਸੁਲਤਾਨਪੁਰ ਲੋਧੀ ਵਿਖੇ ਹੁਣ ਵੀ ਵੇਖਿਆ ਜਾ ਸਕਦਾ ਹੈ। ਇਹੀ ਨਹੀਂ, ਸ਼ੇਰ ਸ਼ਾਹ ਸੂਰੀ ਨੇ ਇੱਥੋਂ ਦੇ ਵਿਸ਼ਾਲ ਜਲ-ਵਹਿਣ, ਜਿਹੜਾ ਇਸ ਖਿੱਤੇ ਦੀ ਸਾਹ-ਰਗ ਸੀ, ਉੱਤੇ ਇੱਕ ਪੁਲ ਵੀ ਬਣਾਇਆ ਸੀ। 'ਆਇਨੇ-ਅਕਬਰੀ" ਕਿਤਾਬ ਵਿੱਚ ਇੱਥੇ ਇੱਕ ਬਹੁ-ਸਹੂਲਤੀ ਸਰਾਂ ਹੋਣ ਦਾ ਵੀ ਉਲੇਖ ਹੈ। ਮੁੱਕਦੀ ਗੱਲ ਇਹ ਕਿ ਬਹੁਤੀਆਂ ਬਾਦਸ਼ਾਹੀਆਂ ਨੇ ਸੁਲਤਾਨਪੁਰ ਲੋਧੀ ਦੀ ਮਹੱਤਤਾ ਦੀ ਕਦਰ ਕੀਤੀ।

ਤਵਾਰੀਖੀਆਂ ਅਨੁਸਾਰ "ਪੰਜਾਬ ਦਾ ਇਹ ਇੱਕ ਅਜਿਹਾ ਨਗਰ ਹੈ, ਜਿਸ ਦੀ ਉਤਪਤੀ ਬੁੱਧ ਧਰਮ ਦੇ ਜ਼ਮਾਨੇ ਤੋਂ ਹੋਈ ਮੰਨੀ ਜਾਂਦੀ ਹੈ, ਜਿਹੜਾ ਲੰਬਾ ਸਮਾਂ ਬੁੱਧ ਮੱਤ ਦਾ ਸੰਵਾਦ ਅਤੇ ਸਾਧਨਾ ਕੇਂਦਰ ਰਿਹਾ, ਜਿੱਥੇ "ਕਾਤਿਆਯਾਨ" ਵਰਗੇ ਬੋਧੀ ਮਹਾਂਵਿਦਵਾਨ ਨੇ "ਅਭਿਧਰਮ-ਪ੍ਰਸਥਾਪ" ਗ੍ਰੰਥ ਦੀ ਰਚਨਾ ਕੀਤੀ ਸੀ।" ਅਰਥਾਤ; ਇਹ ਉਹੀ ਪੁਰਾਤਨ ਨਗਰੀ ਹੈ, ਜਿਹੜੀ ਢੇਰ ਵਰਸ਼ ਪਹਿਲਾਂ ਬੋਧੀਆਂ, ਫੇਰ ਮੁਸਲਿਮਾਂ ਅਤੇ ਮਗਰੋਂ ਸਿੱਖਾਂ ਦੀ ਵਿਦਿਅਕ, ਤਰਕਵੇਦੀ ਅਤੇ ਅਧਿਆਤਮਕ ਨਗਰੀ ਬਣੀ। ਕਿਤੇ ਇਹ ਉਹੀ ਸ਼ਹਿਰ ਤਾਂ ਨਹੀਂ ਜਿਸਦਾ ਜ਼ਿਕਰ ਪੁਰਾਤਨ ਇਤਿਹਾਸ ਵਿਚ "ਸਰਵਮਾਨਪੁਰ" ਵਜੋਂ ਅੰਕਿਤ ਹੈ? ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਸੂਫੀ ਫ਼ਕੀਰ ਸ਼ਾਹ ਹੁਸੈਨ ਵੀ ਇੱਥੇ ਤਾਲੀਮ ਪ੍ਰਾਪਤ ਕਰਦੇ ਰਹੇ। ਚੀਨੀ ਵਿਦਵਾਨ ਯੁਆਂਗ-ਚੁਆਂਗ ਕੋਟ ਕਰਦਾ ਹੈ ਕਿ "ਦਿਵਿਆਵਾਨ ਬੋਧੀ ਪੁਸਤਕ ਅਨੁਸਾਰ, ਉਦੋਂ ਤਿੰਨ-ਚਾਰ ਮੀਲ 'ਚ ਫੈਲਿਆ-ਪਸਰਿਆ, ਤਾਲੀਮੀ-ਸ਼ਹਿਰ 'ਤਮਸਾਵਾਨ', ਜਿੱਥੇ ਸਮਰਾਟ ਅਸ਼ੋਕ ਨੇ ਇੱਕ ਬੋਧੀ ਸਤੂਪ ਵੀ ਉਸਾਰਿਆ ਸੀ, ਇਹੀ ਸੁਲਤਾਨਪੁਰ ਸੀ।" ਇਸ ਸਾਰੇ ਬਾਰੇ ਨਿੱਠ ਕੇ ਖੋਜ ਕਰਨੀ ਬਣਦੀ ਹੈ ਅਤੇ ਇਸ ਬਾਰੇ ਵੀ ਕਿ "ਵਿਦਿਆ ਵਜੋਂ ਇਹ, ਵਾਕਿਆ ਐਨਾ ਸਿਰਮੌਰ ਸੀ ਕਿ ਮੁਗਲ ਸ਼ਹਿਜ਼ਾਦਾ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਨੇ ਇੱਥੋਂ ਵੀ ਤਾਲੀਮ ਪ੍ਰਾਪਤ ਕੀਤੀ ਸੀ।"

## ਸਿੱਖ ਭਾਈਚਾਰੇ ਦੇ ਰਾਜਨੀਤਿਕ ਵਿਗਾਸ 'ਚ ਜੰਗਾਂ ਦਾ ਯੋਗਦਾਨ

ਧਾਰਮਿਕ ਭਾਈਚਾਰਕ ਏਕੇ ਦੀ ਭਾਵਨਾ ਅਤੇ ਪੰਜਾਬ ਦੀ ਧਰਤੀ ਦੇ ਗੁਰੂ ਸਾਹਿਬਾਨ ਦੀ ਧਰਤੀ ਹੋਣ ਦੇ ਪਵਿੱਤਰ ਅਹਿਸਾਸ ਹੋਣ ਦੇ ਬਾਵਜੂਦ ਸਿੱਖ ਭਾਈਚਾਰਾ ਯੂਰਪੀਅਨ ਰਾਜਾਂ ਵਰਗਾਂ ਖੇਤਰੀ ਰਾਜ ਸਿਰਜਣ ਵਿੱਚ ਅਸਫ਼ਲ ਰਿਹਾ। ਖਾਲਸਾ ਰਾਜ ਵਿੱਚ ਆਮ ਸਿੱਖਾਂ ਵਿੱਚੋਂ ਕੁਲੀਨ ਵਰਗ, ਨੌਕਰਸ਼ਾਹੀ ਅਤੇ ਬੁੱਧੀਜੀਵੀ ਵਰਗ ਪੈਦਾ ਨਾ ਹੋਣ ਦੇ ਸਿੱਟੇ ਵਜੋਂ ਜਦੋਂ ਖਾਲਸਾ ਫੌਜ ਅੰਗਰੇਜ਼ ਬਸਤੀਵਾਦੀ ਸ਼ਾਸ਼ਕਾਂ ਹੱਥੋਂ ਹਾਰੀ ਤਾਂ ਸਿੱਖ ਭਾਈਚਾਰੇ ਦਾ ਬਸਤੀਵਾਦ ਖਿਲਾਫ਼ ਕੋਈ ਸੰਸਥਾਗਤ ਸੰਘਰਸ਼ ਕਦੇ ਵੀ ਹੋਂਦ ਵਿੱਚ ਨਾ ਆਇਆ। 1849 ਈਸਵੀ ਵਿੱਚ ਖਾਲਸਾ ਫੌਜਾਂ ਦੀ ਹਾਰ ਤੋਂ ਬਾਅਦ ਸਿੱਖ ਆਧੁਨਿਕ ਪੱਛਮੀ ਰਾਜਨੀਤਿਕ ਪ੍ਰਣਾਲੀ ਦੇ ਸਿੱਧੇ ਸੰਪਰਕ ਵਿੱਚ ਆਉਣੇ ਚਾਹੀਦੇ ਸਨ, ਪਰ ਸਿੱਖਾਂ ਦਾ ਇਹ ਸੰਪਰਕ ਹਿੰਦੂ ਰਾਸ਼ਟਰਵਾਦੀ ਤਾਕਤਾਂ ਰਾਹੀਂ ਹੋਇਆ। ਹਿੰਦੂ ਧਾਰਮਿਕ ਅਤੇ ਰਾਜਨੀਤਿਕ ਕੁਲੀਨ ਵਰਗ ਪੱਛਮੀ ਸਿਧਾਂਤਕਾਰੀ ਦੇ ਦਾਬੇ ਦੀਆਂ ਤਕਨੀਕਾਂ ਨੂੰ ਹੈਰਾਨੀਜਨਕ ਤਰੀਕੇ ਨਾਲ ਸਮਝ ਚੁਕੇ ਸਨ। ਉਨ੍ਹਾਂ ਪੱਛਮੀ ਵਿਦਵਾਨਾਂ ਵੱਲੋਂ ਸਿਰਜੇ ਹਿੰਦੂਵਾਦ ਦਾ ਰੂਪ ਕਦੇ ਵੀ ਰੱਦ ਨਹੀਂ ਕੀਤਾ। ਹਿੰਦੂਵਾਦ ਦਾ ਆਧੁਨਿਕ ਪੱਛਮੀ ਰੂਪ ਹਿੰਦੂ ਕੁਲੀਨ ਵਰਗਾਂ ਲਈ ਹਿੰਦੂ ਚੱਕਰਵਰਤੀ ਰਾਜੇ ਅਤੇ ਮੰਡਲ ਰਾਜ ਦੇ ਸਿਧਾਂਤ ਦਾ ਸੁਧਰਿਆ ਆਧੁਨਿਕ ਰੂਪ ਹੀ ਸੀ। ਅੰਗਰੇਜ਼ ਬਸਤੀਵਾਦੀ ਸ਼ਾਸ਼ਕਾਂ ਵੱਲੋਂ ਪੱਛਮੀ ਨਮੂਨੇ ਦੇ ਆਧਾਰ 'ਤੇ ਆਧੁਨਿਕ ਨੌਕਰਸ਼ਾਹੀ 'ਤੇ ਆਧਾਰਿਤ ਕੇਂਦਰੀਕ੍ਰਿਤ ਸਟੇਟ ਹਿੰਦੂ ਨੇਸ਼ਨਲਿਸਟਾਂ ਨੂੰ ਵਿਰਾਸਤ ਵਿੱਚ ਮਿਲ ਗਈ। ਸਿੱਖ ਪੂਰੇ ਬਸਤੀਵਾਦੀ ਕਾਲ ਦੌਰਾਨ ਹਿੰਦੂ ਨੇਸ਼ਨ ਅਤੇ ਸਟੇਟ ਸਿਰਜਣ ਦੇ ਅਮਲ ਦਾ ਹਿੱਸਾ ਬਣੇ ਰਹੇ।

ਬਸਤੀਵਾਦ ਅਤੇ ਪੱਛਮੀ ਆਧੁਨਿਕੀਕਰਨ ਦੇ ਵਰਤਾਰਿਆਂ ਦੀ ਸਿੱਖ ਪੱਖ ਤੋਂ ਵਿਆਖਿਆ ਨਾ ਹੋਣ ਕਾਰਨ ਅਤੇ ਭਾਰਤੀ ਰਾਜ ਤੇ ਹਿੰਦੂ ਤਾਕਤਾਂ ਵੱਲੋਂ ਸਿਰਜੇ ਉਤਰਬਸਤੀਵਾਦੀ ਬਿਰਤਾਂਤ ਦੇ ਅਸਰ ਹੇਠ ਮੌਜੂਦਾ ਸਿੱਖ ਸੰਘਰਸ਼ ਕਈ ਸਿਧਾਂਤਕ ਕਮਜ਼ੋਰੀਆਂ ਦਾ ਸ਼ਿਕਾਰ ਹੈ।

ਉਤਰਬਸਤੀਵਾਦੀ ਬਿਰਤਾਂਤ ਨੇ ਸਿੱਖ ਸੰਘਰਸ਼ ਦੇ ਆਗੂਆਂ ਵਿੱਚ ਸਿੱਖ ਭਾਈਚਾਰੇ ਦੇ ਇੱਕ ਏਕੀਕ੍ਰਿਤ ਇਕਾਈ ਹੋਣ ਦੇ ਵਿਸ਼ਵਾਸ 'ਤੇ ਗਹਿਰੀ ਸੱਟ ਮਾਰੀ ਹੈ। ਇਨ੍ਹਾਂ ਹਿੱਸਿਆਂ ਵਿੱਚ ਸਿੱਖ ਭਾਈਚਾਰੇ ਅਤੇ ਪਛਾਣ ਦੇ ਪੰਜਾਬ ਦੀਆਂ ਮੌਜੂਦਾ ਖੇਤਰੀ ਹੱਦਾਂ ਨਾਲ ਜੋੜਨ ਦੇ ਦਾਅਵੇ ਪ੍ਰਤੀ ਹੀਣ ਭਾਵਨਾ ਪੈਦਾ ਹੋਈ ਹੈ। ਇਹ ਪਰੂਸ਼ੀਆ ਦੀ ਹਾਰ ਤੋਂ ਪਹਿਲਾਂ ਜਰਮਨ ਵਿਦਵਾਨਾਂ ਵਾਂਗ ਬ੍ਰਹਿਮੰਡੀ ਸੁਪਨਿਆਂ ਦੇ ਸ਼ਿਕਾਰ ਹਨ। ਇਸ ਲੇਖ ਵਿੱਚ ਸਿੱਖ ਹਲਕਿਆਂ ਵਿੱਚ ਸਿੱਖਾਂ ਦੇ ਨੇਸ਼ਨ ਹੋਣ ਜਾਂ ਨਾ ਹੋਣ ਦੀ ਵਿਅਰਥ ਬਹਿਸ ਨੂੰ ਜੰਗੀ ਹਾਲਤਾਂ ਤੋਂ ਵਿਕਸਿਤ ਹੋਏ ਪੱਛਮੀ ਨੇਸ਼ਨ ਦੇ ਵਰਤਾਰੇ ਦੇ ਸੰਦਰਭ ਵਿੱਚ ਸੰਖੇਪ ਰੂਪ ਵਿੱਚ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਸੰਦਰਭ ਵਿੱਚ ਇਹ ਸੁਆਲ ਡੂੰਘੀ ਖੋਜ ਦੀ ਮੰਗ ਕਰਦਾ ਹੈ ਕਿ ਹਿੰਦੂ ਧਾਰਮਿਕ ਅਤੇ ਰਾਜਨੀਤਿਕ ਕੁਲੀਨ ਵਰਗਾਂ ਵਾਂਗ ਸਿੱਖਾਂ ਨੇ ਕਦੇ ਪੱਛਮੀ ਨੇਸ਼ਨ ਅਤੇ ਨੇਸ਼ਨਲਿਜ਼ਮ ਦੇ ਸਿਧਾਂਤਾਂ ਦੀ ਤਕਨੀਕੀ ਤੌਰ 'ਤੇ ਵਰਤੋਂ ਕੀਤੀ ਹੈ? ਜਾਂ ਬਸਤੀਵਾਦੀ ਕਾਲ ਦੌਰਾਨ ਅਤੇ ਮੌਜੂਦਾ ਸਿੱਖ ਸੰਘਰਸ਼ ਨਾਲ ਸੰਬੰਧਿਤ ਕੁੱਝ ਕਾਰਵਾਈਆਂ ਪੱਛਮ ਦੇ ਨੇਸ਼ਨ ਅਤੇ ਨੇਸ਼ਨਲਿਜ਼ਮ ਦੇ ਵਰਤਾਰਿਆਂ ਨਾਲ ਸਰਵ-ਵਿਆਪਕ ਸਮਾਜਿਕ ਨਿਯਮਾਂ ਵਾਂਗ ਮੇਲ ਖਾ ਗਈਆਂ ਹਨ।

ਪੱਛਮ ਵਿੱਚ ਜੰਗ ਦੇ ਵਰਤਾਰੇ ਨੇ ਵੱਡੀਆਂ ਸੰਸਥਾਗਤ ਤਬਦੀਲੀਆਂ ਲਿਆ ਕੇ ਭਾਈਚਾਰਿਆਂ ਨੂੰ ਨੇਸ਼ਨ ਦੇ ਰੂਪ ਵਿੱਚ ਰਾਜ ਸਿਰਜਣ ਦੇ ਕਾਬਲ ਬਣਾਇਆ, ਪਰ ਅਸੀਂ ਜੰਗ ਤੋਂ ਬਾਅਦ ਹਿੰਦੂਵਾਦੀ ਪੱਛਮੀ ਘਾੜਤ 'ਤੇ ਆਧਾਰਿਤ ਹਿੰਦੂ ਨੇਸ਼ਨ ਦਾ ਹਿੱਸਾ ਬਣ ਗਏ। ਸਾਡਾ ਧਾਰਮਿਕ ਪੁਜਾਰੀ ਵਰਗ ਅੱਜ ਵੀ ਹਿੰਦੂ ਵੈਦਿਕ ਪ੍ਰਬੰਧ ਦੇ ਅਸਰ ਹੇਠ ਹੈ। ਉਹ ਕਿਹੜੇ ਕਾਰਨ ਸਨ, ਜਿਨ੍ਹਾਂ ਕਰਕੇ ਸਿੱਖ ਰਿਆਸਤਾਂ ਨੇ ਕੇਂਦਰੀਕ੍ਰਿਤ ਸਿੱਖ ਰਾਜ ਦੀ ਕਾਇਮੀ ਲਈ ਆਪਣੀਆਂ ਰਿਆਸਤਾਂ ਦਾ ਕੌਮੀਕਰਨ ਨਾ ਕੀਤਾ? ਜੰਗ ਹਾਰਨ ਤੋਂ ਬਾਅਦ ਜਰਮਨ ਨੇਸ਼ਨਲਿਸਟਾਂ ਅਤੇ ਹਿੰਦੂ ਨੇਸ਼ਨਲਿਸਟਾਂ ਵਾਂਗ ਸਿੱਖ ਨੇਸ਼ਨਲਿਸਟਾਂ ਦੇ ਬੁੱਧੀਜੀਵੀ ਵਰਗ ਦੇ ਪੈਦਾ ਨਾ ਹੋਣ ਦੇ ਕੀ ਕਾਰਨ ਹਨ? ਜੰਗ ਹਾਰਨ ਤੋਂ ਬਾਅਦ ਸਿੱਖ ਭਾਈਚਾਰਾ ਸਿੱਖਾਂ ਦੀ ਰਾਜਨੀਤਿਕ ਵਫ਼ਾਦਾਰੀ ਅਤੇ ਸਮਾਜਿਕ ਏਕੇ ਦਾ ਸਰੋਤ ਕਿਉਂ ਨਾ ਬਣ ਸਕਿਆ, ਜਦਕਿ ਹਿੰਦੂ ਨੇਸ਼ਨਲਿਸਟਾਂ ਨੇ ਸਿੱਖਾਂ ਦੀ ਧਾਰਮਿਕ ਏਕੇ ਦੀ ਭਾਵਨਾ ਨੂੰ ਹਿੰਦੂ ਨੇਸ਼ਨ ਦੇ ਹਿੱਤਾਂ ਲਈ ਸਫ਼ਲਤਾ ਸਹਿਤ ਵਰਤਿਆ?

ਜੰਗ ਨਾਲ ਸਬੰਧਿਤ ਉਪਰੋਕਤ ਸੁਆਲ ਮੌਜੂਦਾ ਸਿੱਖ ਸੰਘਰਸ਼ ਦਾ ਪਿੱਛਾ ਕਰ ਰਹੇ ਹਨ। ਇਨ੍ਹਾਂ ਸੁਆਲਾਂ ਬਾਰੇ ਬੇਹਤਰ ਸਮਝ ਉਸਾਰ ਕੇ ਕੌਮੀ ਸੰਘਰਸ਼ ਦੇ ਸਿਧਾਂਤਕ ਪੱਖਾਂ ਅਤੇ ਵਿਹਾਰਕ ਕਾਰਵਾਈਆਂ ਵਿਚਕਾਰ ਸੰਤੁਲਨ ਕਾਇਮ ਕੀਤਾ ਜਾ ਸਕਦਾ ਹੈ।

**(ਸਮਾਪਤ)**

## 'ਚੁੱਪ-ਚੁਪੀਤਾ ਤਲਾਕ' ਦੀ ਵਧ ਰਹੀ ਪ੍ਰਵਿਰਤੀ


ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਤਬਦੀਲੀਆਂ ਨੂੰ ਦਰਸਾਉਂਦਾ ਹੈ। ਲੋੜ ਹੈ, ਤਲਾਕ ਅਤੇ ਵਿਆਹੁਤਾ ਸਮੱਸਿਆਵਾਂ 'ਤੇ ਖੁੱਲ੍ਹ ਕੇ ਚਰਚਾ ਹੋਵੇ। ਸਮਾਜ ਅਤੇ ਪਰਿਵਾਰ ਨੂੰ ਤਲਾਕ ਨੂੰ ਕਲੰਕ ਦੀ ਬਜਾਏ ਇੱਕ ਵਿਕਲਪ ਵਜੋਂ ਸਵਿਕਾਰ ਕਰਨ ਚਾਹੀਦਾ ਹੈ। ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਰਿਸ਼ਤਿਆਂ ਅਤੇ ਸੰਚਾਰ ਦੀ ਮਹੱਤਤਾ ਬਾਰੇ ਸਿੱਖਿਅਤ ਕਰਨਾ ਜਰੂਰੀ ਹੈ। ਪਹਿਲਾਂ ਸਮਾਜ ਵਿੱਚ ਸੰਯੁਕਤ ਪਰਿਵਾਰ ਪ੍ਰਣਾਲੀ ਪ੍ਰਚਲਤ ਸੀ, ਜਿੱਥੇ ਕਈ ਪੀੜ੍ਹੀਆਂ ਇੱਕੋ ਛੱਤ ਹੇਠ ਰਹਿੰਦੀਆਂ ਸਨ। ਹੁਣ ਸ਼ਹਿਰੀਕਰਨ, ਨੌਕਰੀਆਂ ਦੀ ਤਲਾਸ਼ ਅਤੇ ਵਿਅਕਤੀਗਤ ਆਜ਼ਾਦੀ ਦੀ ਇੱਛਾ ਨੇ ਇਕੱਲੇ ਪਰਿਵਾਰਾਂ ਨੂੰ ਵਧਾਇਆ ਹੈ; ਖਾਸ ਤੌਰ 'ਤੇ ਸ਼ਹਿਰੀ ਅਤੇ ਪਰਵਾਸੀ ਜੋੜਿਆਂ ਵਿੱਚ ਭਾਵਨਾਤਾਮਕ ਦੂਰੀ ਜਾਂ ਚੁੱਪ ਚਪੀਤਾ ਤਲਾਕ ਵਾਲੀ ਭਾਵਨਾ ਵਧੀ ਹੈ। ਚੁੱਪ-ਚਪੀਤਾ ਤਲਾਕ ਕਾਨੂੰਨੀ ਤੌਰ 'ਤੇ ਵਿਆਹੇ ਹੋਏ ਬਣੇ ਰਹਿੰਦੇ ਹਨ, ਪਰ ਭਾਵਨਾਤਾਮਕ ਤੌਰ 'ਤੇ ਇੱਕ-ਦੂਜੇ ਤੋਂ ਵੱਖ ਹੋਣ ਦੀ ਸਥਿਤੀ ਵਿੱਚ ਸਮਾਨੰਤਰ ਜੀਵਨ ਜਿਊਣ ਲੱਗ ਪੈਂਦੇ ਹਨ, ਜਿਸ ਵਿੱਚ ਪਤੀ-ਪਤਨੀ ਦੇ ਵੱਖਰੇ-ਵੱਖਰੇ ਸਮਾਂ ਸਾਰਨੀ, ਸਮਾਜਿਕ ਦਾਇਰੇ ਅਤੇ ਰੁਚੀਆਂ ਬਣ ਜਾਂਦੀਆਂ ਹਨ। ਸਰੀਰਕ ਨੇੜਤਾ ਆਪਸੀ ਪਿਆਰ, ਸਹਿਣਸ਼ੀਲਤਾ ਜਿਨਸੀ ਗਤੀਵਿਧੀਆਂ ਅਤੇ ਨਜ਼ਦੀਕੀ ਗੱਲਬਾਤ ਘੱਟ ਜਾਂਦੀ ਹੈ। ਐਸੇ ਜੋੜੇ ਘਰੇਲੂ ਕੰਮ ਕਾਰਾਂ, ਵਿੱਤ ਜਾਂ ਬੱਚਿਆਂ ਦੀ ਦੇਖ-ਭਾਲ ਬਾਰੇ ਰਵਾਇਤੀ ਜਿਹੀ ਗੱਲਬਾਤ ਕਰਦੇ ਹਨ; ਕਦੇ ਵੀ ਭਾਵਨਾਵਾਂ, ਵਿਚਾਰਾਂ ਅਤੇ ਨਿੱਜੀ ਮਸਲਿਆਂ 'ਤੇ ਚਰਚਾ ਨਹੀਂ ਹੁੰਦੀ। ਨੌਕਰੀ-ਪੇਸ਼ਾ ਤੇ ਪਰਵਾਸੀ ਜੋੜਿਆਂ ਵਿੱਚ ਇਹ ਪ੍ਰਵਿਰਤੀ ਵਧ ਰਹੀ ਹੈ।

ਸਮੇਂ ਦੇ ਗੇੜ ਨਾਲ ਵਿਆਹ ਦੀ ਧਾਰਨਾ ਵਿੱਚ ਵੀ ਬਦਲਾਅ ਆਇਆ ਹੈ। ਪਹਿਲਾਂ ਔਰਤਾਂ ਮੁੱਖ ਤੌਰ 'ਤੇ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀਆਂ ਸਨ/ਹਨ, ਪਰ ਸਿੱਖਿਆ ਅਤੇ ਆਰਥਿਕ ਸੁਤੰਤਰਤਾ ਨੇ ਉਨ੍ਹਾਂ ਦੀ ਭੂਮਿਕਾ ਨੂੰ ਬਦਲ ਦਿੱਤਾ ਹੈ। ਔਰਤਾਂ ਹੁਣ ਨੌਕਰੀਆਂ, ਵਪਾਰ ਅਤੇ ਸਮਾਜਿਕ ਖੇਤਰਾਂ ਵਿੱਚ ਸਰਗਰਮ ਹਨ, ਜਿਸ ਨਾਲ ਪਰਿਵਾਰਕ ਢਾਂਚੇ ਵਿੱਚ ਸੱਤਾ ਸੰਤੁਲਨ ਬਦਲ ਗਿਆ ਹੈ। ਪਹਿਲੇ ਵਿਆਹ ਨੂੰ ਸਮਾਜਿਕ ਅਤੇ ਪਰਿਵਾਰਕ ਜ਼ਿੰਮੇਵਾਰੀ ਵਜੋਂ ਦੇਖਿਆ ਜਾਂਦਾ ਸੀ, ਪਰ ਹੁਣ ਨੌਜਵਾਨ ਪੀੜ੍ਹੀ ਵਿਅਕਤੀਗਤ ਖੁਸ਼ੀ, ਅਨੁਕੂਲਤਾ ਅਤੇ ਭਾਵਨਾਤਾਮਕ ਸਬੰਧਾਂ ਨੂੰ ਤਰਜੀਹ ਦਿੰਦੀ ਹੈ। ਭਾਵੇ ਲਵ ਮੈਰਿਜ ਜਾਂ ਸਵੈ ਚੁਣੇ ਵਿਆਹ ਵਧ ਰਹੇ ਹਨ, ਪਰ ਅਜਿਹੇ ਵਿਆਹ ਕਈ ਵਾਰੀ ਸਫਲ ਨਹੀਂ ਹੁੰਦੇ, ਜਿਸ ਕਾਰਨ ਜੋੜੇ ਸਮਾਜਿਕ ਅਤੇ ਪਰਿਵਾਰਕ ਦਬਾਅ ਕਾਰਨ ਤਲਾਕ ਲੈਣ ਦੀ ਬਜਾਏ ਚੁੱਪ-ਚੁਪੀਤਾ ਤਲਾਕ ਭਾਵ ਚੁੱਪ-ਚਾਪ ਰਹਿਣ ਵਾਲੀ ਸਥਿਤੀ ਨੂੰ ਅਪਨਾ ਲੈਂਦੇ ਹਨ। ਨੌਜਵਾਨ ਪੀੜ੍ਹੀ ਅਤੇ ਖਾਸ ਤੌਰ 'ਤੇ ਪੰਜਾਬੀ ਭਾਈਚਾਰੇ ਲਈ ਚੁੱਪ-ਚੁਪੀਤਾ ਤਲਾਕ ਦੀ ਵਧ ਰਹੀ ਪ੍ਰਵਿਰਤੀ ਇੱਕ ਚੁਣੌਤੀ ਅਤੇ ਦੁਖਾਂਤ ਹੈ, ਜਿਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

# ਸ਼ਿਕਾਗੋ ਕਬੱਡੀ ਮੇਲੇ ਦਾ ਪ੍ਰਸੰਗ: ਅੱਖੀਂ ਡਿੱਠਾ, ਕੰਨੀਂ ਸੁਣਿਆ

**ਕੁਲਜੀਤ ਦਿਆਲਪੁਰੀ**

ਸ਼ਿਕਾਗੋ ਵਿੱਚ ਹੋਇਆ ਕਬੱਡੀ ਮੇਲਾ ਕਿਸੇ ਲਈ ਕਾਮਯਾਬ ਸੀ, ਕਿਸੇ ਲਈ ਠੀਕ-ਠੀਕ; ਕਿਸੇ ਨੂੰ ਇਸ ਮੇਲੇ ਵਿੱਚ ਨਾਮ ਤੇ ਨਾਮਾ ਮਿਲਿਆ, ਕਿਸੇ ਨੂੰ ਨਹੀਂ ਵੀ; ਕਿਸੇ ਲਈ ਇਹ ਮੇਲਾ ਮਹਿਜ ਮਨੋਰੰਜਨ ਦੇ ਸਾਧਨ ਮਾਤਰ ਸੀ, ਜਦਕਿ ਕਿਸੇ ਲਈ ਇਸ ਦੇ ਅਰਥ ਕੁਝ ਹੋਰ ਸਨ। ਭਾਂਤ-ਭਾਂਤ ਦੇ ਰੰਗ ਅਤੇ ਭਾਂਤ-ਭਾਂਤ ਦਾ ਮਾਹੌਲ ਇਸ ਮੇਲੇ ਦਾ ਜ਼ਿਕਰਯੋਗ ਪੱਖ ਸੀ। ਹੈ ਤਾਂ ਸੱਪ ਲੰਘੇ ਤੋਂ ਲੀਕ ਕੁੱਟਣ ਜਿਹੀ ਗੱਲ, ਪਰ ਆਪਾਂ ਕਬੱਡੀ ਪਾਈਏ; ਉਸੇ ਮੈਦਾਨ ਵਿੱਚ, ਜਿੱਥੇ ਖੇਡ ਕਬੱਡੀ ਦੇ ਨਾਲ ਨਾਲ ਹੋਰ ਤਰ੍ਹਾਂ ਦੀ ਕਬੱਡੀ ਵੀ ਪੈਂਦੀ ਅੱਖੀਂ ਵੇਖੀ ਤੇ ਕੰਨੀਂ ਸੁਣੀ ਗਈ!





ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਕਰਵਾਏ ਗਏ ਟੂਰਨਾਮੈਂਟ ਦੇ ਰਸਮੀ ਆਗਾਜ਼ ਦੌਰਾਨ ਸਫਲਤਾ ਲਈ ਅਰਦਾਸ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੇ ਕੀਤੀ। ਸਾਰੇ ਪ੍ਰਬੰਧਨ ਵਿੱਚ ਕਲੱਬ ਦੇ ਚੇਅਰਮੈਨ ਬੱਬੂ ਐਪਲਟਨ, ਮੁੱਖ ਮਹਿਮਾਨ ਲਖਬੀਰ ਸਿੰਘ ਢੀਂਡਸਾ ਤੇ ਅਮਰਜੀਤ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਕਰੀਬੀਆਂ ਦੀ ਪੂਰੀ ਠੁੱਕ ਬਣੀ ਹੋਈ ਸੀ। ਚੇਅਰਮੈਨ ਬਾਰੇ ਉਸ ਦਾ ਇੱਕ ਕਰੀਬੀ ਬੋਲਿਆ, ਇਹ ਪੰਜਾਬ ਗਿਆ ਵੀ ਮੇਲਿਆਂ ਵਿੱਚ ਚੇਅਰਮੈਨ ਹੁੰਦਾ ਹੈ। ਉਹ ਮੇਲੇ ਦੇ ਵੱਡੇ ਸਪਾਂਸਰਾਂ ਵਿੱਚੋਂ ਵੀ ਇੱਕ ਸੀ। ਉਹ ਮੇਲੀਆਂ ਤੇ ਸਪਾਂਸਰਾਂ ਨੂੰ ਮਿਲ-ਗਿਲ ਵੀ ਰਿਹਾ ਸੀ ਤੇ ਜੀ ਆਇਆਂ ਨੂੰ ਵੀ ਕਹਿ ਰਿਹਾ ਸੀ। ਸਨਮਾਨ ਦੇਣ ਦੀ ਰਸਮ ਮੇਲੇ ਦੇ ਮੁੱਖ ਮਹਿਮਾਨਾਂ, ਚੇਅਰਮੈਨ ਤੇ ਕਲੱਬ ਦੇ ਕੁਝ 'ਮੋਹਰੀ ਮੈਂਬਰ' ਨਿਭਾਅ ਰਹੇ ਸਨ। ਮੇਲਾ ਕਲੱਬ ਦੇ ਪ੍ਰਧਾਨ ਕਮਲਜੀਤ ਸਿੰਘ ਘੁਮਾਣ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ ਤੇ ਉਸ ਨੇ ਭਾਈਚਾਰੇ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਹੈ। ਪਿੰਦੀ ਛੀਨਾ ਨੂੰ ਅਗਲੇ ਸਾਲ ਲਈ ਕਲੱਬ ਦਾ ਪ੍ਰਧਾਨ ਐਲਾਨਿਆ ਗਿਆ। ਮੇਲਾ ਸਾਬਕਾ ਕਬੱਡੀ ਖਿਡਾਰੀ ਲਖਵਿੰਦਰ ਬਿਹਾਰੀਪੁਰ, ਗੁਰਪ੍ਰੀਤ ਤੂਰ ਤੇ ਹਰਦੀਪ ਸਿੰਘ ਨੂੰ ਸਮਰਪਿਤ ਸੀ।





ਟੂਰਨਾਮੈਂਟ ਦੌਰਾਨ ਚਾਰ ਕਬੱਡੀ ਟੀਮਾਂ ਦੇ ਆਪਸ ਵਿੱਚ ਭੇੜ ਹੋਏ, ਜਿਨ੍ਹਾਂ ਵਿੱਚ ਨਾਰਥ ਅਮੈਰਿਕਾ ਕਬੱਡੀ ਕਲੱਬ, ਕਿੰਗਜ਼ ਕਲੱਬ ਨਿਊ ਯਾਰਕ, ਪੰਜਾਬ ਸਪੋਰਟਸ ਕਲੱਬ ਤੇ ਬਾਬਾ ਸੰਗ ਢੇਸੀਆਂ ਮਿਡਵੈਸਟ ਸ਼ਾਮਲ ਸਨ। ਫਾਈਨਲ ਮੈਚ ਕਿੰਗਜ਼ ਕਲੱਬ ਨਿਊ ਯਾਰਕ ਤੇ ਬਾਬਾ ਸੰਗ ਢੇਸੀਆਂ ਮਿਡਵੈਸਟ ਦੀਆਂ ਟੀਮਾਂ ਵਿਚਾਲੇ ਹੋਇਆ, ਪਰ ਕਿੰਗਜ਼ ਕਲੱਬ ਨਿਊ ਯਾਰਕ ਟੀਮ ਕਬੱਡੀ ਦੀ ਜੇਤੂ ਟਰਾਫੀ 'ਤੇ ਕਾਬਜ ਹੋਣ ਵਿੱਚ ਕਾਮਯਾਬ ਰਹੀ। ਵਧੀਆ ਜਾਫੀ ਯਾਦ ਕੋਟਲੀ ਅਤੇ ਵਧੀਆ ਧਾਵੀ ਰਾਜੂ ਕੋਟਲਾ ਐਲਾਨੇ ਗਏ।



ਕਬੱਡੀ ਦਾ ਪਹਿਲਾ ਇਨਾਮ ਸਵਰਗੀ ਸਰਪੰਚ ਇੰਦਰ ਸਿੰਘ ਦੀ ਯਾਦ ਵਿੱਚ ਖਾਸਰੀਆ ਪਰਿਵਾਰ- ਹਰਜਿੰਦਰ ਸਿੰਘ ਜਿੰਦੀ, ਅਰਵਿੰਦਰ ਸਿੰਘ ਬੂਟਾ ਤੇ ਭੁਪਿੰਦਰ ਸਿੰਘ ਟਿੰਕਾ ਵੱਲੋਂ ਦਿੱਤਾ ਗਿਆ; ਜਦਕਿ ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ ਵਿਸਕਾਨਸਿਨ ਤੋਂ ਹੀ ਤੂਰ ਭਰਾ- ਗੁਰਸਾਹਿਬ ਸਿੰਘ ਤੂਰ, ਗੁਰਦੀਪ ਤੂਰ, ਗੈਰੀ ਤੂਰ, ਹਰਜਿੰਦਰ ਤੂਰ, ਗੁਰਬਾਜ ਤੂਰ, ਸਤੀਸ਼ ਭਾਰਦਵਾਜ ਤੇ ਹੋਰਨਾਂ ਵੱਲੋਂ ਸਪਾਂਸਰ ਕੀਤਾ ਗਿਆ ਸੀ। ਵਧੀਆ ਜਾਫੀ ਤੇ ਵਧੀਆ ਧਾਵੀ ਦੇ ਇਨਾਮ ਸਵਰਗੀ ਫੁੰਮਣ ਸਿੰਘ ਤੇ ਸਵਰਗੀ ਹਰਭਜਨ ਸਿੰਘ ਦੀ ਯਾਦ ਵਿੱਚ ਦਿੱਤੇ ਗਏ। ਇਸ ਤੋਂ ਇਲਾਵਾ ਵਾਲੀਬਾਲ ਦੇ ਮੈਚ ਵੀ ਹੋਵੇ। ਵਾਲੀਬਾਲ ਦਾ ਪਹਿਲਾ ਇਨਾਮ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ ਵਿੱਚ ਢੀਂਡਸਾ ਪਰਿਵਾਰ (ਵਿਸਕਾਨਸਿਨ) ਵੱਲੋਂ ਦਿੱਤਾ ਗਿਆ, ਜਦਕਿ ਦੂਜੇ ਇਨਾਮ ਦੇ ਸਪਾਂਸਰ ਸਮਰਾ ਪਰਿਵਾਰ (ਸ਼ਿਕਾਗੋ) ਸਨ। ਰੱਸਾਕਸ਼ੀ ਦਾ ਮੁਕਾਬਲਾ ਵੀ ਕਰਵਾਇਆ ਗਿਆ।

ਮੇਲੇ ਦੌਰਾਨ ਕੁਝ ਲੋਕ ਕਬੱਡੀ ਮੈਦਾਨ ਦੇ ਹੰਧਿਆਂ ਦੁਆਲੇ ਬੈਠੇ ਸਨ, ਕੁਝ ਵਾਲੀਬਾਲ ਦੇ; ਜਦਕਿ ਸਟੇਜ ਦੇ ਇਰਦ-ਗਿਰਦ ਅਤੇ ਕਾਰਾਂ ਦੀਆਂ ਡਿੱਗੀਆਂ ਦੁਆਲੇ ਤੇ ਖਾਣੇ ਦੇ ਟੈਂਟਾਂ ਲਾਗੇ ਇਕੱਤਰ ਹੋਏ ਲੋਕਾਂ ਕਾਰਨ ਮੇਲਾ ਚਹੁੰ-ਦਿਸ਼ਾਵੀਂ ਖਿੱਲਰਿਆ ਹੋਇਆ ਸੀ। ਮੌਸਮ ਸੁਹਾਵਣਾ ਤੇ ਕੁਝ ਕੁਝ ਠੰਡਾ ਹੋਣ ਕਾਰਨ ਲੋਕੀਂ ਟੈਂਟਾਂ ਹੇਠ ਬੈਠਣ ਨਾਲੋਂ ਧੁੱਪੇ ਬੈਠਣ ਨੂੰ ਤਰਜੀਹ ਦੇ ਰਹੇ ਸਨ। ਜਦੋਂ ਸ਼ਾਮ ਨੂੰ ਗੌਣ-ਪਾਣੀ ਚੱਲਿਆ ਤਾਂ ਮੇਲੀ ਸਟੇਜ ਦੇ ਮੂਹਰੇ ਆ ਜੁੜੇ। ਗਾਇਕੀ ਦੇ ਦੌਰ ਦੀ ਸ਼ੁਰੂਆਤ ਸਿਨਸਿਨੈਟੀ ਤੋਂ ਆਏ ਗਾਇਕ ਰੈਵ ਇੰਦਰ ਨੇ ਕੀਤੀ। ਉਸ ਪਿਛੋਂ ਪ੍ਰੀਤ ਥਿੰਦ, ਅਮਰ ਸਹਿੰਬੀ ਤੇ ਦੀਪਕ ਢਿੱਲੋਂ ਨੇ ਗੌਣ ਜਾਰੀ ਰੱਖਿਆ। ਅਖੀਰ ਵਿੱਚ ਗਾਇਕ ਆਰ. ਨੇਤ ਨੂੰ 20 ਕੁ ਮਿੰਟ ਦਾ ਸਮਾਂ ਮਿਲਿਆ, ਪਰ ਉਸ ਨੇ ਓਨੇ ਸਮੇਂ ਵਿੱਚ ਹੀ ਰੰਗ ਬੰਨ੍ਹ ਦਿੱਤਾ। ਗਾਇਕੀ ਦੇ ਅਖਾੜੇ ਦੌਰਾਨ ਮੰਚ ਸੰਚਾਲਨ ਗੁਰਲੀਨ ਕੌਰ ਨੇ ਕੀਤਾ।







ਮੇਲੇ ਵਿੱਚ ਸਥਾਨਕ ਮਹਿਮਾਨਾਂ- ਮੇਜਰ ਗੁਰਚਰਨ ਸਿੰਘ ਝੱਜ, ਕਰਨਲ ਨਿਰਮਲ ਸਿੰਘ ਸਿੰਘਾ, ਜੈਦੇਵ ਸਿੰਘ ਭੱਠਲ, ਬਲਦੇਵ ਸਿੰਘ ਗਿੱਲ, ਭੁਪਿੰਦਰ ਸਿੰਘ ਧਾਲੀਵਾਲ ਤੇ ਹੋਰਨਾਂ ਤੋਂ ਇਲਾਵਾ ਵਿਸਕਾਨਸਿਨ ਤੋਂ ਗੁਰਿੰਦਰਜੀਤ ਸਿੰਘ ਗਰੇਵਾਲ, ਦੀਦਾਰ ਸਿੰਘ ਧਨੋਆ ਤੇ ਸਾਥੀ; ਇੰਡੀਆਨਾ ਤੋਂ ਯਾਦਵਿੰਦਰ ਸਿੰਘ ਖੱਟੜਾ, ਧਰਮਿੰਦਰ ਸਿੰਘ ਖੱਟੜਾ, ਸਰਵਣ ਸਿੰਘ ਟਿਵਾਣਾ, ਸਤਵਿੰਦਰ ਸਿੰਘ ਸੱਤਾ, ਜੱਸੀ ਧਾਲੀਵਾਲ ਤੇ ਸਾਥੀ ਅਤੇ ਮਿਸ਼ੀਗਨ ਤੋਂ ਲਾਲੀ ਧਾਲੀਵਾਲ, ਸਿਕੰਦਰ ਸਿੰਘ ਔਜਲਾ, ਕੁਲਵਿੰਦਰ ਸਿੰਘ

⇒ ਬਾਕੀ ਸਫਾ 18 ਉਤੇ ਪੜ੍ਹੋ


















# ਰਿਵਰਸ ਫਲਿੱਕ ਦਾ ਜਾਦੂਗਰ ਗਗਨ ਅਜੀਤ ਸਿੰਘ

**ਖਿਡਾਰੀ ਪੰਜ-ਆਬ ਦੇ (42)**

ਨਵਦੀਪ ਸਿੰਘ ਗਿੱਲ
ਫੋਨ: +91-9780036216



***ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ 'ਖਿਡਾਰੀ ਪੰਜ-ਆਬ ਦੇ' ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਪੰਜਾਬ ਦੀਆਂ ਖੇਡਾਂ ਵਿੱਚ ਹਾਕੀ ਦਾ ਜ਼ਿਕਰ ਕਰਕੇ ਗੱਲ ਅੱਗੇ ਤੋਰੀਏ ਤਾਂ ਇਸ ਖੇਡ ਨਾਲ ਜੁੜੇ ਕਈ ਐਸੇ ਨਾਮ ਹਨ, ਜਿਨ੍ਹਾਂ ਨੇ ਪੰਜਾਬ ਪੱਧਰ ਜਾਂ ਭਾਰਤ ਪੱਧਰ 'ਤੇ ਹੀ ਮੱਲਾਂ ਨਹੀਂ ਮਾਰੀਆਂ, ਸਗੋਂ ਵਿਸ਼ਵ ਪੱਧਰ 'ਤੇ ਵੀ ਨਾਮਣਾ ਖੱਟਿਆ ਹੈ। ਹਥਲੇ ਲੇਖ ਵਿੱਚ ਰਿਵਰਸ ਫਲਿੱਕ ਦੇ ਜਾਦੂਗਰ ਗਗਨ ਅਜੀਤ ਸਿੰਘ ਦੇ ਖੇਡ ਜੀਵਨ ਦੀ ਬਾਤ ਪਾਈ ਗਈ ਹੈ। 2001 ਵਿੱਚ ਆਪਣੇ ਪਹਿਲੇ ਹੀ ਜੂਨੀਅਰ ਵਿਸ਼ਵ ਕੱਪ ਵਿੱਚ ਕਪਤਾਨੀ ਕਰਦਿਆਂ ਉਸ ਨੇ ਭਾਰਤ ਨੂੰ ਆਪਣਾ ਪਲੇਠਾ ਵਿਸ਼ਵ ਕੱਪ ਜਿਤਾਇਆ। ਪਹਿਲੀਆਂ ਹਿੰਦ-ਪਾਕਿ ਪੰਜਾਬ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਣ ਦਾ ਵੀ ਉਸ ਨੂੰ ਮਾਣ ਹਾਸਲ ਹੈ।***


ਗਗਨ ਅਜੀਤ ਸਿੰਘ ਨੂੰ ਹਾਕੀ ਵਿਰਸੇ ਵਿੱਚ ਮਿਲੀ। ਉਸ ਨੇ ਪਰਿਵਾਰ ਦੀਆਂ ਖੇਡ ਪ੍ਰਾਪਤੀਆਂ ਨੂੰ ਆਪਣੀ ਮਿਹਨਤ ਅਤੇ ਕਲਾ ਨਾਲ ਹੋਰ ਵੀ ਚਾਰ ਚੰਨ ਲਾਏ। ਉਸ ਦੇ ਤਾਇਆ ਹਰਮੀਕ ਸਿੰਘ ਤੇ ਪਿਤਾ ਅਜੀਤ ਸਿੰਘ ਨੇ ਜਿੱਥੇ ਹਾਕੀ ਛੱਡੀ, ਗਗਨ ਅਜੀਤ ਸਿੰਘ ਨੇ ਉਥੋਂ ਅੱਗੇ ਨਵੇਂ ਮੀਲ ਪੱਥਰ ਸਥਾਪਤ ਕੀਤੇ। ਛੋਟੀ ਉਮਰੇ ਹੀ ਆਪਣੀ ਕਪਤਾਨੀ ਹੇਠ ਭਾਰਤ ਨੂੰ ਪਹਿਲਾ ਜੂਨੀਅਰ ਵਿਸ਼ਵ ਕੱਪ ਜਿਤਾਇਆ। ਚੈਂਪੀਅਨਜ਼ ਟਰਾਫੀ ਵਿੱਚ ਸੀਨੀਅਰ ਟੀਮ ਦੀ ਕਪਤਾਨੀ ਕੀਤੀ। ਦੋ ਵਾਰ ਦਾ ਓਲੰਪੀਅਨ ਗਗਨ ਅਜੀਤ ਸਿੰਘ ਨੇ ਏਸ਼ੀਆ ਕੱਪ, ਐਫਰੋ ਏਸ਼ੀਅਨ ਖੇਡਾਂ ਤੇ ਚੈਂਪੀਅਨ ਚੈਲੇਂਜ ਕੱਪ ਜਿੱਤਿਆ; ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ। 200 ਤੋਂ ਵੱਧ ਕੌਮਾਂਤਰੀ ਮੈਚਾਂ ਵਿੱਚ 100 ਤੋਂ ਵੱਧ ਗੋਲ ਕਰਨ ਵਾਲਾ ਗਗਨ ਅਜੀਤ ਸਿੰਘ ਏਥਨਜ਼ ਓਲੰਪਿਕਸ ਵਿੱਚ ਭਾਰਤ ਦਾ ਟਾਪ ਸਕੋਰਰ ਬਣਿਆ। ਖੇਡ ਪ੍ਰਾਪਤੀਆਂ ਬਦਲੇ ਅਰਜੁਨਾ ਐਵਾਰਡ ਤੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਮਿਲੇ।

ਪੁਲਿਸ ਵਿੱਚ ਸਰਵਿਸ ਕਰਦਿਆਂ ਉਹ ਪੰਜਾਬ ਦਾ ਚੌਥਾ ਓਲੰਪੀਅਨ ਹੈ, ਜਿਸ ਨੂੰ ਐਸ.ਐਸ.ਪੀ. ਵਜੋਂ ਵੀ ਸੇਵਾ ਨਿਭਾਉਣ ਦਾ ਮੌਕਾ ਮਿਲਿਆ। ਉਹ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ਼.) ਦਾ ਵੀ ਪਹਿਲਾ ਐਸ.ਐਸ.ਪੀ., ਜਿਸ ਨੇ ਪੰਜਾਬ ਵਿੱਚ ਹਜ਼ਾਰਾਂ ਜਾਨਾਂ ਬਚਾਈਆਂ। ਹਾਕੀ ਦਾ ਇਹ ਸ਼ਾਹ ਅਸਵਾਰ ਰਿਵਰਸ ਫਲਿੱਕ ਦਾ ਜਾਦੂਗਰ ਸੀ, ਜਿਸ ਨੂੰ ਦੇਖਦਿਆਂ ਅੱਜ ਵੱਡੀ ਗਿਣਤੀ ਵਿੱਚ ਖਿਡਾਰੀ ਇਹ ਕਲਾ ਸਿੱਖ ਰਹੇ ਹਨ। ਗਗਨ ਅਜੀਤ ਸਿੰਘ ਦੀ ਰਿਵਰਸ ਫਲਿੱਕ ਦੀ ਗੱਲ ਕਰੀਏ ਤਾਂ ਐਫਰੋ ਏਸ਼ੀਅਨ ਖੇਡਾਂ ਦੇ ਫਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਵਿਰੁੱਧ ਲਗਾਈ ਉਸ ਦੀ ਰਿਵਰਸ ਫਲਿੱਕ ਨੂੰ ਕੌਣ ਭੁੱਲ ਸਕਦਾ ਹੈ। ਕੁਆਲਾ ਲੰਪੁਰ ਵਿਖੇ ਖੇਡੇ ਏਸ਼ੀਆ ਕੱਪ ਅਤੇ ਐਮਸਟਲਵੀਨ ਵਿਖੇ ਚੈਂਪੀਅਨਜ਼ ਟਰਾਫੀ ਵਿੱਚ ਵੀ ਉਸ ਦੀ ਰਿਵਰਸ ਫਲਿੱਕ ਤੇ ਫੀਲਡ ਗੋਲ ਸ਼ਾਨਦਾਰ ਰਹੇ। ਪਾਕਿਸਤਾਨ ਖਿਲਾਫ ਅੱਧੀ ਟੀਮ ਨੂੰ ਡੌਜ ਦੇ ਕੇ ਡਿੱਗਦਿਆਂ ਰਿਵਰਸ ਫਲਿੱਕ ਨਾਲ ਕੀਤਾ ਗੋਲ ਹਾਕੀ ਦੇ ਸ਼ਾਨਦਾਰ ਗੋਲਾਂ ਵਿੱਚੋਂ ਇਕ ਹੈ।

ਗਗਨ ਅਜੀਤ ਸਿੰਘ ਦੇ ਦਾਦਾ ਸੋਹਣ ਸਿੰਘ ਹਾਕੀ ਦੇ ਤਕੜੇ ਖਿਡਾਰੀ ਰਹੇ। ਉਸ ਤੋਂ ਬਾਅਦ ਗਗਨ ਅਜੀਤ ਸਿੰਘ ਦੇ ਤਾਇਆ ਹਰਮੀਕ ਸਿੰਘ ਨੇ 1972 ਮਿਊਨਿਖ ਓਲੰਪਿਕਸ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ ਅਤੇ ਕਾਂਸੀ ਦਾ ਤਮਗ਼ਾ ਜਿੱਤਿਆ। ਉਸ ਦੇ ਪਿਤਾ ਅਜੀਤ ਸਿੰਘ 1976 ਦੀ ਮਾਂਟਰੀਅਲ ਓਲੰਪਿਕਸ ਖੇਡੇ ਅਤੇ ਅਰਜਨਟਾਈਨਾ ਖਿਲਾਫ 16ਵੇਂ ਸਕਿੰਟ ਵਿੱਚ ਗੋਲ ਕਰਕੇ ਵਿਸ਼ਵ ਦੇ ਸਭ ਤੋਂ ਤੇਜ਼ ਗੋਲ ਕਰਨ ਦਾ ਰਿਕਾਰਡ ਬਣਾਇਆ। ਹਰਮੀਕ ਸਿੰਘ ਨੂੰ ਅਰਜੁਨਾ ਐਵਾਰਡ ਅਤੇ ਅਜੀਤ ਸਿੰਘ ਨੂੰ ਮੇਜਰ ਧਿਆਨ ਚੰਦ ਲਾਈਫ ਟਾਈਮ ਅਚੀਵਮੈਂਟ ਐਵਾਰਡ ਮਿਲੇ। ਤੀਜੀ ਪੀੜ੍ਹੀ ਵਿੱਚ ਖੇਡਾਂ ਦੀ ਵਿਰਾਸਤ ਨੂੰ ਗਗਨ ਅਜੀਤ ਸਿੰਘ ਨੇ ਤੋਰਿਆ। ਹੁਣ ਚੌਥੀ ਪੀੜ੍ਹੀ ਵਿੱਚ ਗਗਨ ਅਜੀਤ ਸਿੰਘ ਦਾ ਬੇਟਾ ਜ਼ੋਰਾਵਰ ਸਿੰਘ ਗੌਲਫ ਖੇਡਦਾ ਹੈ।



ਐਸ.ਐਸ.ਪੀ. ਗਗਨ ਅਜੀਤ ਸਿੰਘ



ਫਿਰੋਜ਼ਪੁਰ ਵਿਖੇ 9 ਦਸੰਬਰ 1980 ਨੂੰ ਅਜੀਤ ਸਿੰਘ ਦੇ ਘਰ ਮਾਤਾ ਬਲਜਿੰਦਰ ਕੌਰ ਦੀ ਕੁੱਖੋਂ ਜਨਮੇ ਗਗਨ ਅਜੀਤ ਸਿੰਘ ਨੇ ਹਾਕੀ ਦੀ ਸ਼ੁਰੂਆਤ ਸਪਰੋਟਸ ਸਕੂਲ ਜਲੰਧਰ ਤੋਂ ਕੀਤੀ। 1997 ਵਿੱਚ ਗਿਆਰਵੀਂ ਕਲਾਸ ਵਿੱਚ ਪੜ੍ਹਦਿਆਂ ਏਅਰ ਇੰਡੀਆ ਵੱਲੋਂ ਨੈਸ਼ਨਲ ਖੇਡਦਿਆਂ ਉਸ ਨੇ 27 ਗੋਲ ਕਰ ਕੇ ਆਪਣੀਆਂ ਬਾਹਵਾਂ ਦਾ ਜ਼ੋਰ ਦਿਖਾਇਆ। ਇਸੇ ਸਾਲ ਉਹ ਆਪਣੇ ਪਹਿਲੇ ਅੰਤਰਰਾਸ਼ਟਰੀ ਮੈਚ ਵਿੱਚ ਰੂਸ ਵਿਰੁੱਧ ਖੇਡਿਆ। ਅਗਲੇ ਸਾਲ ਮਦਰਾਸ ਹੋਈ ਸੀਨੀਅਰ ਨੈਸ਼ਨਲ ਵਿੱਚ 'ਪਲੇਅਰ ਆਫ਼ ਦਾ ਟੂਰਨਾਮੈਂਟ' ਦਾ ਖਿਤਾਬ ਜਿੱਤ ਕੇ ਉਹ ਰਾਸ਼ਟਰੀ ਟੀਮ ਦਾ ਪੱਕਾ ਖਿਡਾਰੀ ਬਣ ਗਿਆ। ਉਸ ਨੇ 1998 ਦੀਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਖੇਡਦਿਆਂ ਦੱਖਣੀ ਅਫਰੀਕਾ ਵਿਰੁੱਧ ਆਪਣਾ ਪਹਿਲਾ ਅੰਤਰਰਾਸ਼ਟਰੀ ਗੋਲ ਕੀਤਾ। ਫਰਵਰੀ 1998 ਵਿੱਚ ਭਾਰਤ-ਪਾਕਿਸਤਾਨ ਵਿਚਕਾਰ ਹੋਈ ਟੈਸਟ ਲੜੀ ਵਿੱਚ ਗਗਨ ਅਜੀਤ ਸਿੰਘ ਵਿਸ਼ਵ ਹਾਕੀ ਦੇ ਨਕਸ਼ੇ ਉਪਰ ਬਿਹਤਰੀਨ ਫਾਰਵਰਡ ਬਣ ਕੇ ਉਭਰਿਆ। 19 ਸਾਲ ਦੀ ਉਮਰ ਵਿੱਚ ਕਿਸੇ ਖਿਡਾਰੀ ਨੂੰ ਹੋਰ ਕੀ ਵੱਡੀ ਦਾਦ ਹੋਵੇਗੀ ਕਿ ਉਸ ਨੂੰ ਚੈਕ ਕਰਨ ਲਈ ਦੋ ਜਾਂ ਤਿੰਨ ਡਿਫੈਂਡਰ ਖਿਡਾਰੀ ਪੱਕੇ ਉਸ ਕੋਲ ਰਹਿਣ। ਪਾਕਿਸਤਾਨ ਵਿਰੁੱਧ ਟੈਸਟ ਲੜੀ ਵਿੱਚ ਉਸ ਦੀ ਖੇਡ ਨੂੰ ਦੇਖ ਕੇ ਪਾਕਿਸਤਾਨ ਨੇ ਆਪਣੇ ਡਿਫੈਂਸ ਖਿਡਾਰੀਆਂ ਦਾ ਉਸ ਉਪਰ ਪੱਕਾ ਪਹਿਰਾ ਲਗਾ ਦਿੱਤਾ। ਗਗਨ ਅਜੀਤ ਸਿੰਘ ਨੇ ਫੇਰ ਵੀ ਛੇ ਗੋਲ ਕਰਕੇ ਆਪਣੀ ਪ੍ਰਸਿੱਧੀ ਖੱਟੀ। ਦਿੱਲੀ ਟੈਸਟ ਵਿੱਚ ਉਸ ਨੂੰ 'ਮੈਨ ਆਫ ਦਾ ਮੈਚ' ਐਵਾਰਡ ਵੀ ਮਿਲਿਆ।

ਗਗਨ ਅਜੀਤ ਸਿੰਘ ਨੇ 2000 ਵਿੱਚ ਸਿਡਨੀ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। 2001 ਵਿੱਚ ਆਪਣੇ ਪਹਿਲੇ ਹੀ ਜੂਨੀਅਰ ਵਿਸ਼ਵ ਕੱਪ ਵਿੱਚ ਕਪਤਾਨੀ ਕਰਦਿਆਂ ਉਸ ਨੇ ਭਾਰਤ ਨੂੰ ਆਪਣਾ ਪਲੇਠਾ ਵਿਸ਼ਵ ਕੱਪ ਜਿਤਾਇਆ। ਜੂਨੀਅਰ ਵਿਸ਼ਵ ਕੱਪ ਵਿੱਚ ਇਹ ਭਾਰਤ ਦਾ ਪਹਿਲਾ ਖਿਤਾਬ ਸੀ। ਇਸ ਟੀਮ ਵਿੱਚ ਕਪਤਾਨ ਗਗਨ ਸਮੇਤ 9 ਖਿਡਾਰੀ ਪੰਜਾਬ ਦੇ ਸਨ। ਕੋਚਿੰਗ ਦੀ ਕਮਾਨ ਵੀ ਰਾਜਿੰਦਰ ਸਿੰਘ ਸੀਨੀਅਰ ਤੇ ਨਰਿੰਦਰ ਸਿੰਘ ਸੋਢੀ ਕੋਲ ਸੀ। 2002 ਵਿੱਚ ਬੁਸਾਨ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ। ਸੈਮੀ ਫ਼ਾਈਨਲ ਵਿੱਚ ਪਾਕਿਸਤਾਨ ਖਿਲਾਫ ਕੀਤਾ ਗੋਲ ਯਾਦਗਾਰੀ ਰਿਹਾ। ਹਵਾ ਵਿੱਚ ਜਾਂਦੀ ਬਾਲ ਨੂੰ ਟੱਚ ਕਰ ਕੇ ਕੀਤਾ ਇਹ ਗੋਲ ਆਮ ਤੌਰ ਉਤੇ ਫੁੱਟਬਾਲ ਖੇਡ ਵਿੱਚ ਜ਼ਿਆਦਾ ਦੇਖਦੇ ਹਾਂ। 2003 ਵਿੱਚ ਗਗਨ ਅਜੀਤ ਸਿੰਘ ਉਸ ਭਾਰਤੀ ਟੀਮ ਦਾ ਅਹਿਮ ਸਟਰਾਈਕਰ ਸੀ, ਜਿਸ ਨੇ ਵੱਡੀਆਂ ਜਿੱਤਾਂ ਦਰਜ ਕੀਤੀਆਂ। ਕੁਆਲਾ ਲੰਪੁਰ ਵਿਖੇ ਏਸ਼ੀਆ ਕੱਪ ਅਤੇ ਹੈਦਰਾਬਾਦ ਵਿਖੇ ਹੋਈਆਂ ਪਹਿਲੀਆਂ ਐਫਰੋ ਏਸ਼ੀਅਨ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ। ਆਸਟਰੇਲੀਆ ਤੇ ਜਰਮਨੀ ਵਿਖੇ ਹੋਏ ਚਾਰ ਦੇਸ਼ੀ ਟੂਰਨਾਮੈਂਟ ਜਿੱਤੇ। ਹੈਮਬਰਗ ਵਿੱਚ ਹੋਏ ਚਾਰ ਦੇਸ਼ੀ ਟੂਰਨਾਮੈਂਟ ਵਿੱਚ ਗਗਨ ਅਜੀਤ ਸਿੰਘ ਸਰਵੋਤਮ ਖਿਡਾਰੀ ਚੁਣਿਆ ਗਿਆ। ਚੈਂਪੀਅਨਜ਼ ਟਰਾਫੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਾਕਿਸਤਾਨ ਖਿਲਾਫ 7-4 ਦੀ ਵੱਡੀ ਜਿੱਤ ਦਰਜ ਕੀਤੀ। ਕੈਨੇਡਾ ਤੇ ਨਿਊਜ਼ੀਲੈਂਡ ਟੂਰਾਂ ਉਤੇ ਉਸ ਨੇ ਦੋਹਰੀਆਂ ਹੈਟ ਟਰਿੱਕਾਂ ਲਗਾਈਆਂ। 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿੱਚ ਗਗਨ ਅਜੀਤ ਸਿੰਘ ਨੇ ਸੱਤ ਗੋਲ ਕੀਤੇ। ਫਾਰਵਰਡ ਲਾਈਨ ਵਿੱਚ ਗਗਨ ਅਜੀਤ ਸਿੰਘ, ਦੀਪਕ ਠਾਕੁਰ ਤੇ ਪ੍ਰਭਜੋਤ ਸਿੰਘ ਦੀ ਤਿੱਕੜੀ ਪੂਰੇ ਸ਼ਬਾਬ ਉਤੇ ਹੁੰਦੀ ਸੀ। ਉਨ੍ਹਾਂ ਦਾ ਸਾਥ ਦੋ ਸੀਨੀਅਰ ਖਿਡਾਰੀ- ਧਨਰਾਜ ਪਿੱਲੈ ਤੇ ਬਲਜੀਤ ਸਿੰਘ ਢਿੱਲੋਂ ਦਿੰਦੇ ਸਨ।

ਗਗਨ ਅਜੀਤ ਸਿੰਘ ਭਾਰਤੀ ਸਟਰਾਈਕ ਲਾਈਨ ਦੀ ਰੀੜ੍ਹ ਦੀ ਹੱਡੀ ਸੀ। ਪਾਕਿਸਤਾਨ ਵਿਰੁੱਧ ਟੈਸਟ ਲੜੀ ਅਤੇ ਚੈਂਪੀਅਨਜ਼ ਟਰਾਫੀ ਵਿੱਚ ਗਗਨ ਅਜੀਤ ਸਿੰਘ ਤੋਂ ਬਿਨਾ ਖੇਡੀ ਭਾਰਤੀ ਟੀਮ ਮੂੰਧੇ ਮੂੰਹ ਜਾ ਡਿੱਗੀ। ਗਗਨ ਅਜੀਤ ਸਿੰਘ ਨੇ ਘਰੇਲੂ ਹਾਕੀ ਵਿੱਚ ਗੁਰਮੀਤ ਮੈਮੋਰੀਅਲ ਟੂਰਨਾਮੈਂਟ ਅਤੇ ਨਹਿਰੂ ਹਾਕੀ ਕੱਪ ਵਿੱਚ ਆਪਣੀ ਘਰੇਲੂ ਟੀਮ ਪੰਜਾਬ ਪੁਲਿਸ ਨੂੰ ਚੈਂਪੀਅਨ ਬਣਾ ਕੇ ਦੱਸਿਆ ਕਿ ਟੀਮ ਵਿੱਚ ਉਸ ਦੀ ਹੋਰ ਕਿੰਨੀ ਲੋੜ ਹੈ। ਇਸ ਤੋਂ ਇਲਾਵਾ ਉਸ ਨੇ ਪਹਿਲੀਆਂ ਹਿੰਦ-ਪਾਕਿ ਪੰਜਾਬ ਖੇਡਾਂ ਵਿੱਚ ਸੋਨ ਤਮਗ਼ਾ ਜਿੱਤਿਆ। ਹਾਕੀ ਖੇਡ ਦੀ ਪਲੇਠੀ ਲੀਗ ਪ੍ਰੀਮੀਅਰ ਹਾਕੀ ਲੀਗ ਵਿੱਚ ਉਹ ਸ਼ੇਰ-ਏ-ਜਲੰਧਰ ਦਾ ਕਪਤਾਨ ਬਣਿਆ। ਗਗਨ ਅਜੀਤ ਸਿੰਘ ਨੇ 2006 ਵਿੱਚ ਚੇਨੱਈ ਵਿਖੇ ਹੋਈ ਚੈਂਪੀਅਨਜ਼ ਟਰਾਫੀ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ। ਸਰਗਰਮ ਹਾਕੀ ਤੋਂ ਬਾਅਦ ਗਗਨ ਅਜੀਤ ਸਿੰਘ ਨੇ ਪੰਜਾਬ ਪੁਲਿਸ ਵਿੱਚ ਵੱਖ-ਵੱਖ ਅਹੁਦਿਆਂ ਉਤੇ ਸੇਵਾਵਾਂ ਨਿਭਾਈਆਂ। ਮੌਜੂਦਾ ਸਮੇਂ ਉਹ ਮਾਲੇਰਕੋਟਲਾ ਦਾ ਐਸ.ਐਸ.ਪੀ. ਹੈ।

**ਜਾਣਕਾਰੀ**

ਅਸ਼ਵਨੀ ਚਤਰਥ
ਫੋਨ:+91-6284220595



# ਡਿਮੈਂਸ਼ੀਆ ਤੋਂ ਪੀੜਤਾਂ ਨੂੰ 'ਵਿਸ਼ੇਸ਼ ਤਵੱਜੋ' ਦੀ ਲੋੜ

ਮਨੁੱਖੀ ਜੀਵਨ ਦੇ ਤਿੰਨ ਪੜਾਵਾਂ ਭਾਵ ਬਚਪਨ, ਜਵਾਨੀ ਅਤੇ ਬੁਢਾਪੇ ਵਿੱਚੋਂ ਬਿਰਧ ਅਵਸਥਾ ਜ਼ਿੰਦਗੀ ਦਾ ਉਹ ਵਕਤ ਹੁੰਦਾ ਹੈ, ਜਦੋਂ ਜਵਾਨੀ ਦੀ ਸਿਖਰ ਦੁਪਹਿਰ ਵਾਲਾ ਨਿੱਘ, ਚਮਕ ਅਤੇ ਊਰਜਾ ਨਹੀਂ ਬਚੀ ਰਹਿੰਦੀ, ਸਗੋਂ ਢਲਦੀ ਸ਼ਾਮ ਦੀ ਧੁੰਦਲੀ ਰੋਸ਼ਨੀ ਵਾਂਗ ਬਿਰਧ ਸਰੀਰ ਦੀਆਂ ਅੱਖਾਂ ਦੀ ਰੋਸ਼ਨੀ, ਸੁਣਨ ਸ਼ਕਤੀ ਅਤੇ ਯਾਦ ਸ਼ਕਤੀ ਮੱਧਮ ਪੈ ਜਾਂਦੀਆਂ ਹਨ। ਬਜ਼ੁਰਗ ਵੈਸੇ ਤਾਂ ਕਿਸੇ ਵੀ ਘਰ ਦੀ ਸ਼ਾਨ ਹੁੰਦੇ ਹਨ, ਸਤਿਕਾਰ ਦੇ ਪਾਤਰ ਹੁੰਦੇ ਹਨ, ਪਰ ਇਸ ਅਵਸਥਾ ਵਿੱਚ ਉਨ੍ਹਾਂ ਨੂੰ ਕੁਝ ਹਕੀਕੀ ਸੱਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਬਜ਼ੁਰਗਾਂ ਵਿੱਚ ਯਾਦਦਾਸ਼ਤ ਦਾ ਘਟਣਾ ਅਕਸਰ ਹੀ 70 ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਵਿੱਚ ਵੇਖਣ ਨੂੰ ਮਿਲਦਾ ਹੈ, ਜਿਸ ਨੂੰ 'ਡਿਮੈਂਸ਼ੀਆ' ਆਖਿਆ ਜਾਂਦਾ ਹੈ।

ਵਿਗਿਆਨਕ ਪੱਖੋਂ ਇਸ ਰੋਗ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ। ਪਹਿਲੀ ਅਵਸਥਾ ਵਿੱਚ ਮਨੁੱਖ ਆਪਣੀ ਨਿੱਜੀ ਵਸਤਾਂ ਜਿਵੇਂ ਚਾਬੀ, ਪਰਸ ਜਾਂ ਐਨਕ ਆਦਿ ਕਿਸੇ ਥਾਂ ਉਤੇ ਰੱਖ ਕੇ ਭੁੱਲਣ ਲੱਗਦਾ ਹੈ, ਪਰ ਰੋਗੀ ਬਣ ਚੁਕਣ ਦੇ ਬਾਵਜਦ ਉਹ ਆਮ ਵਿਅਕਤੀਆਂ ਵਾਂਗ ਹੀ ਲਗਦਾ ਹੈ ਅਤੇ ਇਸ ਅਵਸਥਾ ਵਿੱਚ ਜੇ ਡਾਕਟਰੀ ਸਹਾਇਤਾ ਲੈ ਲਈ ਜਾਵੇ ਤਾਂ ਰੋਗ ਨੂੰ ਅੱਗੇ ਵਧਣ ਤੋਂ ਕੁਝ ਵਰ੍ਹਿਆਂ ਤੱਕ ਲਮਕਾਇਆ ਜਾ ਸਕਦਾ ਹੈ। ਦੂਜੀ ਅਵਸਥਾ ਵਿੱਚ ਮਨੁੱਖ ਇੱਕ ਹੀ ਗੱਲ ਨੂੰ ਵਾਰ-ਵਾਰ ਕਰਦਾ ਹੈ ਅਤੇ ਉਹ ਜਾਣ-ਪਛਾਣ ਵਾਲੇ ਲੋਕਾਂ ਦੇ ਨਾਂ ਭੁੱਲਣ ਲੱਗਦਾ ਹੈ। ਇਸ ਅਵਸਥਾ ਤੱਕ ਆਦਮੀ ਦੇ ਜੀਵਨ ਢੰਗ ਵਿੱਚ ਬਹੁਤ ਵੱਡੀ ਗਿਰਾਵਟ ਨਹੀਂ ਦੇਖਣ ਨੂੰ ਮਿਲਦੀ। ਬਿਮਾਰੀ ਦੀ ਤੀਸਰੀ ਤੇ ਆਖ਼ਰੀ ਅਵਸਥਾ ਵਿੱਚ ਰੋਗੀ ਘਰ ਦੇ ਜੀਆਂ ਦੇ ਨਾਂ, ਉਨ੍ਹਾਂ ਨਾਲ ਰਿਸ਼ਤਾ, ਜਾਣ-ਪਛਾਣ, ਜਗ੍ਹਾ ਆਦਿ ਭੁੱਲ ਜਾਂਦਾ ਹੈ ਤੇ ਸਭ ਤੋਂ ਭਿਆਨਕ ਅਵਸਥਾ ਉਦੋਂ ਬਣ ਜਾਂਦੀ ਹੈ, ਜਦੋਂ ਉਹ ਆਪਣੇ ਰੋਜ਼ਾਨਾ ਦੇ ਕੰਮ-ਕਾਜ ਲਈ ਦੂਸਰਿਆਂ ਉਤੇ ਨਿਰਭਰ ਹੋ ਜਾਂਦਾ ਤੇ ਚੱਲਣ-ਫਿਰਨ ਲੱਗਿਆਂ ਉਹ ਆਲੇ-ਦੁਆਲੇ ਨਾਲ ਤਾਲਮੇਲ ਨਹੀਂ ਬਿਠਾ ਪਾਉਂਦਾ ਤੇ ਡਿੱਗ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਅਵਸਥਾ ਵਿੱਚ ਉਹ ਨਿੱਕੇ ਬੱਚਿਆਂ ਵਾਂਗ ਹੋ ਜਾਂਦਾ ਹੈ। ਰੋਗੀ ਅਵਸਥਾ ਹੋਣ ਕਰਕੇ ਅਜਿਹਾ ਮਨੁੱਖ ਆਪਣੇ ਘਰ ਵਾਲਿਆਂ, ਧੀਆਂ-ਪੁੱਤਾਂ ਉਤੇ ਨਿਰਭਰ ਹੋ ਕੇ ਰਹਿ ਜਾਂਦਾ।

ਸਥਿਤੀ ਉਸ ਵੇਲੇ ਗੰਭੀਰ ਹੋ ਜਾਂਦੀ ਹੈ, ਜਦੋਂ ਰੋਜ਼ਾਨਾ ਜੀਵਨ ਦੇ ਛੋਟੇ-ਛੋਟੇ ਕੰਮਾਂ ਕਾਜਾਂ ਲਈ ਉਸ ਨੂੰ ਦੂਸਰਿਆਂ ਦੀ ਸਹਾਇਤਾ ਲੈਣੀ ਪੈਂਦੀ। ਅਜਿਹੇ ਵਿੱਚ ਘਰ ਦੇ ਜੀਆਂ ਦੀ ਜ਼ਿੰਮੇਵਾਰੀ ਵੱਧ ਜਾਂਦੀ ਹੈ। ਧੀਆਂ-ਪੁੱਤਾਂ ਤੇ ਨੂੰਹਾਂ ਲਈ ਅਜੀਬ ਤਰ੍ਹਾਂ ਦੇ ਹਾਲਾਤ ਬਣ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਕੋਈ ਵੀ ਜ਼ਿੰਮੇਵਾਰੀ ਸੰਭਾਲਣ ਲਈ ਤਿਆਰ ਨਹੀਂ ਹੁੰਦਾ; ਹਰ ਕੋਈ ਕੰਨੀ ਕਤਰਾਉਣ ਲੱਗਦਾ ਹੈ। ਹਰ ਕੋਈ ਆਪਣੀ ਜ਼ਿੰਮੇਵਾਰੀ ਦੂਜੇ ਨੂੰ ਦੇਣ ਦੀ ਕੋਸ਼ਿਸ਼ ਵਿੱਚ ਜੀਆਂ ਵਿੱਚ ਕੜਵਾਹਟ ਪੈਦਾ ਹੋ ਜਾਂਦੀ ਹੈ ਅਤੇ ਘਰੇਲੂ ਰਿਸ਼ਤੇ ਖ਼ਰਾਬ ਹੋਣ ਲੱਗਦੇ ਹਨ। ਮਸਲਾ ਗੱਲਬਾਤ ਤੋਂ ਸ਼ੁਰੂ ਹੋ ਕੇ ਘਰੇਲੂ ਝਗੜਿਆਂ ਤੱਕ ਪਹੁੰਚ ਜਾਂਦਾ।

ਤ੍ਰਾਸਦੀ ਦੀ ਗੱਲ ਉਦੋਂ ਹੁੰਦੀ ਹੈ, ਜਦੋਂ ਆਪਣੀ ਜ਼ਿੰਮੇਵਾਰੀ ਤੋਂ ਕਿਨਾਰਾ ਕਰਦੇ ਹੋਏ ਬਜ਼ੁਰਗ ਨੂੰ ਕਿਸੇ ਬਿਰਧ ਆਸ਼ਰਮ ਵਿੱਚ ਛੱਡ ਆਉਂਦੇ ਹਨ। ਬਜ਼ੁਰਗ ਲਈ ਇਸ ਤੋਂ ਤਰਸ ਵਾਲੀ ਗੱਲ ਹੋਰ ਕੋਈ ਨਹੀਂ ਹੋ ਸਕਦੀ। ਇੱਕ ਡਾਕਟਰੀ ਸਰਵੇ ਅਨੁਸਾਰ ਸੰਸਾਰ ਭਰ ਵਿੱਚ ਡਿਮੈਂਸ਼ੀਆ ਤੋਂ ਪੀੜ੍ਹਤ ਰੋਗੀਆਂ ਦੀ ਗਿਣਤੀ ਤਕਰੀਬਨ 50 ਮਿਲੀਅਨ ਤੱਕ ਪਹੁੰਚ ਚੁਕੀ ਹੈ ਅਤੇ ਹਰ ਸਾਲ 10 ਮਿਲੀਅਨ ਨਵੇਂ ਰੋਗੀ ਹੋਰ ਜੁੜਦੇ ਜਾਂਦੇ ਹਨ। ਉਕਤ ਸਰਵੇ ਇਸ ਰੋਗ ਦੇ ਕਾਰਨ ਲਈ ਮਨੁੱਖੀ ਭੋਜਨ ਦੇ ਗਲਤ ਢੰਗ ਤਰੀਕੇ ਤੇ ਕੁਪੋਸ਼ਣ, ਜ਼ਿੰਦਗੀ ਵਿੱਚ ਮਾਨਸਿਕ ਤਣਾਅ, ਸ਼ੂਗਰ, ਬਲੱਡ ਪ੍ਰੈਸ਼ਰ ਦਾ ਵਧਣਾ, ਸਿਗਰੇਟ ਅਤੇ ਸ਼ਰਾਬ ਦੇ ਬੇਹੱਦ ਸੇਵਨ, ਆਵਾਜ਼ ਦਾ ਪ੍ਰਦੂਸ਼ਣ ਅਤੇ ਭੋਜਨ ਪਦਾਰਥਾਂ ਵਿੱਚ ਕੀਟਨਾਸ਼ਕਾਂ ਨੂੰ ਜ਼ਿੰਮੇਵਾਰ ਮੰਨਦਾ ਹੈ।

ਵਿਸ਼ਵ ਸਿਹਤ ਸੰਗਠਨ ਵੱਲੋਂ ਡਿਮੈਂਸ਼ੀਆ ਲਈ ਅਲਜ਼ਾਈਮਰ ਰੋਗ, ਦਿਮਾਗ ਦੀਆਂ ਕੋਸ਼ਿਕਾਵਾਂ ਤੱਕ ਆਕਸੀਜਨ ਤੇ ਪੋਸ਼ਕ ਤੱਤਾਂ ਦਾ ਨਾ ਪਹੁੰਚ ਸਕਣਾ ਅਤੇ ਦਿਮਾਗ ਦੇ ਹਿੱਸਿਆਂ ਵਿੱਚ ਪ੍ਰੋਟੀਨ ਦੇ ਗੁੱਛਿਆਂ ਦਾ ਜਮ੍ਹਾਂ ਹੋਣਾ ਨੂੰ ਜ਼ਿੰਮੇਵਾਰ ਐਲਾਨਿਆ ਗਿਆ ਹੈ। ਇਨ੍ਹਾਂ ਸਾਰੇ ਹਾਲਾਤ ਵਿੱਚ ਦਿਮਾਗ ਦੇ ਸੈੱਲ ਟੁੱਟਣ ਲੱਗਦੇ ਹਨ, ਜਿਸ ਕਾਰਨ ਯਾਦਦਾਸ਼ਤ ਦਿਨੋਂ ਦਿਨ ਘੱਟਦੀ ਜਾਂਦੀ ਹੈ। 'ਵਿਸ਼ਵ ਸਿਹਤ ਸੰਗਠਨ' ਦਾ ਕਹਿਣਾ ਹੈ ਕਿ ਵਿਅਕਤੀ ਆਪਣੇ ਜੀਵਨ ਵਿੱਚ ਉਸਾਰੂ ਜੀਵਨ ਢੰਗ ਧਾਰਨ ਕਰਕੇ, ਸੰਤੁਲਿਤ ਖ਼ੁਰਾਕ ਲੈ ਕੇ, ਮਾਨਸਿਕ ਤਣਾਅ ਰਹਿਤ ਜੀਵਨ ਬਤੀਤ ਕਰਕੇ, ਪ੍ਰਦੂਸ਼ਣ ਰਹਿਤ ਵਾਤਾਵਰਨ ਅਤੇ ਸਾਰਥਕ ਜੀਵਨ ਵਿਚਾਰ ਧਾਰਨ ਕਰਕੇ ਸਰੀਰ ਨੂੰ ਤੰਦਰੁਸਤ ਰੱਖ ਸਕਦਾ ਹੈ ਅਤੇ ਉਕਤ ਰੋਗਾਂ ਤੋਂ ਮੁਕਤ ਰਹਿ ਸਕਦਾ ਹੈ।

ਬਜ਼ੁਰਗਾਂ ਦੀ ਸਾਂਭ-ਸੰਭਾਲ ਪਰਿਵਾਰ ਦੇ ਜੀਆਂ ਦੀ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ ਅਤੇ ਅਜਿਹਾ ਕਰਨ ਵਿੱਚ ਕਿਸੇ ਵੀ ਜੀਅ ਨੂੰ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ, ਸਗੋਂ ਹਰੇਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹ ਬਜ਼ੁਰਗ ਜਾਂ ਮਾਪੇ ਜਿਨ੍ਹਾਂ ਨੇ ਸਾਰੀ ਉਮਰ ਤਨ, ਮਨ ਅਤੇ ਧਨ ਨਾਲ ਸਾਰੇ ਬੱਚਿਆਂ ਦੀ ਦਿਲੋਂ ਸੇਵਾ ਕੀਤੀ, ਹੁਣ ਉਨ੍ਹਾਂ ਦਾ ਵੀ ਹੱਕ ਬਣਦਾ ਹੈ ਕਿ ਬਿਰਧ ਅਵਸਥਾ ਵਿੱਚ ਘਰ ਦੇ ਸਾਰੇ ਹੀ ਜੀਅ ਪ੍ਰੇਮ-ਪਿਆਰ ਅਤੇ ਸੁਹਿਰਦਤਾ ਨਾਲ ਬਜ਼ੁਰਗਾਂ ਦੀ ਸੇਵਾ ਕਰਨ। ਭਾਰਤੀ ਸਮਾਜ ਉਂਜ ਵੀ ਧਾਰਮਿਕ ਵਿਚਾਰਾਂ ਵਾਲਾ ਹੈ, ਜਿਸ ਵਿੱਚ ਬਜ਼ੁਰਗਾਂ ਦੀ ਸੇਵਾ, ਰੱਬ ਦੀ ਭਗਤੀ ਦੇ ਬਰਾਬਰ ਹੀ ਮੰਨੀ ਗਈ ਹੈ। ਨੈਤਿਕ ਪੱਖੋਂ ਵੀ ਸਾਨੂੰ ਬਜ਼ੁਰਗਾਂ ਦੀ ਸੇਵਾ ਤਨੋਂ-ਮਨੋਂ ਹੀ ਕਰਨੀ ਚਾਹੀਦੀ ਹੈ।

# ਕੌਣ ਲੱਭੇ ਕਾ਼ਲੀ ਹਨੇਰੀ ’ਚ ਗੁਆਚੇ ਬੋਟਾਂ ਦੇ ਸਿਰਨਾਵੇਂ !

ਦੁੱਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



## ਸ਼ਾਇਦ ਫੁੱਫੀ ਸੌਖੀ ਮਰ ਜਾਏ...

***ਪੰਜਾਬ ਦੇ ਟੋਟੇ ਹੋਇਆਂ ਨੂੰ ਪੌਣੀ ਸਦੀ ਤੋਂ ਉਤੇ ਦਾ ਸਮਾਂ ਬੀਤ ਗਿਆ ਹੈ। ਓਸ ਕੁਲਹਿਣੀ ਰੁੱਤੇ, ਜੋ ਦਿਲ ਟੁੱਟੇ ਉਨ੍ਹਾਂ ਦਾ ਹਿਸਾਬ ਕੌਣ ਕਰ ਸਕਦੈ? ਬਹੁਤੇ ਬਜ਼ੁਰਗ ਤਾਂ ਆਪਣੇ ‘ਦੇਸ’ ਨੂੰ ਮੁੜ ਦੇਖਣ ਲਈ ਤਰਸਦੇ ਕਬਰਾਂ ’ਚ ਸਮਾ ਗਏ ਹਨ। ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਪਹਿਲਾ ਉਹ ਰੂਹ ਅਤੇ ਪਿੰਡੇ ’ਤੇ ਹੰਢਾਈ ਪੀੜ, ਆਪਣੀ ਨਵੀਂ ਪਿਉਂਦ ਨੂੰ ਬਖ਼ਸ਼ ਗਏ ਹਨ। ਇਹ ਗਹਿਰ-ਗੰਭੀਰ ਸਵਾਲ ‘ਉਸ ਕਾਲੀ ਹਨੇਰੀ ’ਚ ਗੁਆਚੇ ਬੋਟਾਂ ਦੇ ਸਿਰਨਾਵੇਂ ਕੌਣ ਲੱਭੇ?’ ਪੀੜ ਭਰਿਆ ਤਾਂ ਹੀ ਹੀ, ਮਜਬੂਰੀਆਂ ਤੇ ਬੇਵਸੀਆਂ ਦੇ ਭਾਰ ਦਾ ਗਵਾਹ ਵੀ ਹੈ। ਇਸ ਸਭ ਸੁਣਦਿਆਂ ਅੱਖਾਂ ਦੇ ਨਾ਼ਲ ਦਿਲ ਵੀ ਭਰ ਆਉਂਦਾ ਹੈ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

“ਸਾਂਵਲ ਭਾਈ... ਤੇਰੇ ਨਾਲ ਗੱਲ ਕਰਨੀ ਆ ਇੱਕ। ਸੰਤਾਲੀ ਵੇਲੇ ਮੇਰੀ ਫੁੱਫੀ ਕੋਈ ਵੀਹ ਕੁ ਵਰ੍ਹਿਆਂ ਦੀ ਸੀ...।” ਫੋਨ ਕਰਨ ਵਾਲਾ ਅਮਰੀਕਾ ਤੋਂ ਬੋਲ ਰਿਹਾ ਹੈ। ਲਹਿਜਾ ਦੱਸਦਾ ਹੈ ਕਿ ਉਸ ਦਾ ਪਿਛੋਕੜ ਲਹਿੰਦੇ ਪੰਜਾਬ ਦਾ ਹੈ।

ਜਦੋਂ ਤੋਂ ਮੈਂ ਬਜ਼ੁਰਗਾਂ ਦੀਆਂ ਹੱਡਬੀਤੀਆਂ ਯੂ-ਟਿਊਬ ਉੱਤੇ ਪਾਉਣੀਆਂ ਸ਼ੁਰੂ ਕੀਤੀਆਂ ਨੇ, ਲਹਿੰਦੇ ਪੰਜਾਬ ਤੋਂ ਬਹੁਤੇ ਕੁਮੈਂਟਸ ਪਿਉ-ਦਾਦੇ ਦਾ ਪਿੰਡ ਵੇਖਣ ਲਈ ਹੁੰਦੇ ਹਨ। ਬਹੁਤੇ ਬਜ਼ੁਰਗ ਤਾਂ ਆਪਣੇ ‘ਦੇਸ’ ਨੂੰ ਮੁੜ ਦੇਖਣ ਲਈ ਤਰਸਦੇ ਕਬਰਾਂ ’ਚ ਸਮਾ ਗਏ ਹਨ। ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਪਹਿਲਾ ਉਹ ਰੂਹ ਅਤੇ ਪਿੰਡੇ ’ਤੇ ਹੰਢਾਈ ਪੀੜ, ਆਪਣੀ ਨਵੀਂ ਪਿਉਂਦ ਨੂੰ ਬਖ਼ਸ਼ ਗਏ ਹਨ। ਨਵੀਂ ਪੀੜ੍ਹੀ ਜਦ ਇੰਟਰਨੈੱਟ ‘ਤੇ ਵੰਡ ਦੀ ਕੋਈ ਪੀੜ-ਪਰੁੰਨੀ ਕਹਾਣੀ ਵੇਖਦੀ- ਸੁਣਦੀ ਤਾਂ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਦੇ ਦੁੱਖ ਯਾਦ ਆ ਜਾਂਦੇ ਨੇ।

“ਮੈਂ ਤੁਹਾਡੀਆਂ ਵੀਡੀਓ ਵੇਖਦਾ ਰਹਿੰਦਾ ਵਾਂ...।” ਫੋਨ ਕਰਨ ਵਾਲਾ ਗੱਲ ਨੂੰ ਅਗਾਂਹ ਤੋਰਦਾ ਹੈ।

“...ਮਾਸ਼ਾ-ਅੱਲ੍ਹਾ ਬੜਾ ਸੋਣ੍ਹਾਂ ਕੰਮ ਪਏ ਕਰਦੇ! ਰੱਬ ਸੋਹਣਾ ਤੁਹਾਨੂੰ ਹਯਾਤੀ ਬਖ਼ਸ਼ੇ। ਬਜ਼ੁਰਗਾਂ ਦੀਆਂ ਗੱਲਾਂ ਬੜੇ ਪਿਆਰ ਨਾ਼ਲ ਸੁਣਦੇ! ਉਨ੍ਹਾਂ ਦੇ ਦੁੱਖ ਬੜ੍ਹੇ ਠਰੰਮੇ ਨਾ਼ਲ ਸੁਣਦੇ ਹੋ! ਬੜਾ ਸੋਣ੍ਹਾਂ ਦਿਲ ਬਖ਼ਸ਼ਿਆ ਏ ਓਸ ਰੱਬ ਨੇ ਤੁਹਾਨੂੰ...!” ਉਹ ਤਾਰੀਫ਼ਾਂ ਦੇ ਪੁ਼ਲ ਬੰਨਣੇ ਸ਼ੁਰੂ ਕਰਦਾ ਹੈ ਤਾਂ ਮੈਂ ਮਿਹਰਬਾਨੀ ਆਖ ਉਸ ਕੋਲੋਂ ਉਸ ਦਾ ਨਾਂ-ਪਤਾ ਪੁੱਛਦਾ ਹਾਂ।

“ਚੌਧਰੀ ਸ਼ਹਿਜਾਦ ਮੋਨਣ ਨਾਂ ਏ ਮੇਰਾ। ਅਸੀਂ ਜਲੰਧਰ ਦੇ ਆਂ ਜੀ। ਤਹਿਸੀਲ ਸ਼ਾਇਦ ਫਿਲੌਰ ਹੋਵੇ। ਪਿੰਡ ਦਾ ਨਾਂ ਏ ਮਾਈ ਦਿੱਤਾ। ਔੜ ਕੋ਼ਲ। ਮੇਰੇ ਅੱਬਾ ਦਾ ਪਿੰਡ। ਸਾਰੀ ਉਮਰ ਉਹ ਪਿੰਡ ਨੂੰ ਵੇਖਣ ਲਈ ਤਰਸਦਾ ਰਿਹਾ। ਆਹ ਫੇਸ-ਬੁੱਕ, ਯੂ-ਟਿਊਬ ਤੇ ਵ੍ਹੱਟਸ-ਐਪ ਕਿੱਥੇ ਹੁੰਦੇ ਸਨ ਉਦੋਂ। ਨਈਂ ਤਾਂ ਉਹ ਵੀ ਆਪਣੇ ਪਿੰਡ ਦੀ ਕੋਈ ਫੋਟੋ-ਸ਼ੋਟੋ ਵੇਖ ਲੈਂਦਾ। ਕਿਸੇ ਗਰਾਂਈ ਦਾ ਕੋਈ ਬੋਲ-ਸ਼ੋਲ ਹੀ ਸੁਣ ਲੈਂਦਾ। ਸ਼ਾਇਦ ਥੋੜ੍ਹਾ ਸੌਖਾ ਮਰ ਜਾਂਦਾ। ਮਾਈ ਦਿੱਤਾ ਗੁੱਜਰਾਂ ਦਾ ਪਿੰਡ ਸੀ। ਤੂੰ ਸਾਹਿਰ ਲੁਧਿਆਣਵੀ ਦਾ ਨਾਂ ਤਾਂ ਸੁਣਿਆ ਹੋਣਾ ਏਂ? ਉਸ ਦੇ ਅੱਬਾ ਦਾ ਜੱਦੀ ਪਿੰਡ ਵੀ ਏਹੋ ਸੀ।”

ਸਾਹਿਰ ਦਾ ਨਾਂ ਸੁਣਦਿਆਂ ਉਸ ਓਪਰੇ ਸ਼ਖ਼ਸ ’ਚ ਮੇਰੀ ਦਿਲਚਸਪੀ ਚਾਣਚੱਕ ਵਧ ਜਾਂਦੀ ਹੈ।

“ਮੈਂ ਤਾਂ ਸਮਝਦਾ ਰਿਹਾ ਉਦ੍ਹਾ ਪਿਉ ਲੁਧਿਆਣੇ ਦਾ ਸੀ।” ਮੈਂ ਸ਼ੰਕਾ ਜ਼ਾਹਰ ਕਰਦਾ ਹਾਂ।

“ਨਾ ਜੀ ਨਾ! ਉਹ ਸਾਡੇ ਪਿੰਡ ਦਾ ਸੀ। ਉਸ ਦਾ ਅੱਬਾ ਤੇ ਮੇਰਾ ਅੱਬਾ ਬੜੇ ਗੂੜ੍ਹੇ ਯਾਰ ਸਨ। ਦਰਅਸਲ ਉਸ ਦਾ ਅੱਬਾ ਲੁਧਿਆਣੇ ਚਲਾ ਗਿਆ ਸੀ। ਕਿਸੇ ਨੇੜਲੇ ਪਿੰਡ ’ਚ ਜ਼ਮੀਨਾਂ ਖਰੀਦ ਲਈਆਂ ਸਨ ਤੇ ਜ਼ੈਲਦਾਰ ਵੀ ਬਣ ਗਿਆ ਸੀ। ਅੱਯਾਸ਼ ਬੜਾ ਸੀ ਉਹ। ਸੰਤਾਲੀ ਮਗਰੋਂ ਏਧਰ ਆ ਕੇ ਵੀ ਮਿਲਦਾ ਰਿਹਾ ਉਹ ਮੇਰੇ ਅੱਬਾ ਨੂੰ। ਮੇਰੇ ਅੱਬਾ ਦੱਸਦੇ ਹੁੰਦੇ ਸਨ ਕਿ ਇੱਕ ਵਾਰ ਉਹ ਦੋਵੇਂ ਕਿਧਰੇ ਮਾਤਮ ਲਈ ਜਾ ਰਹੇ ਸਨ। ਰਾਹ ਵਿੱਚ ਕਿਤੇ ਪਾਣੀ ਪੀਣ ਲਈ ਰੁਕੇ। ਸਾਹਿਰ ਦੇ ਪਿਉ ਨੇ ਓਸ ਘਰ ਦੀ ਔਰਤ ਦੇ ਪੈਰ ਵੇਖ ਲਏ। ਜ਼ਾਹਰ ਏ ਕਿ ਮੂੰਹ-ਸਿਰ ਤਾਂ ਉਹਨੇ ਢਕਿਆ ਈ ਹੋਣਾ ਏਂ। ਪੈਰਾਂ ਤੋਂ ਉਸ ਔਰਤ ਦੀ ਖ਼ੂਬਸੂਰਤੀ ਅੰਦਾਜ਼ਾ ਲਗਾ ਲਿਆ ਸੀ ਉਸ ਨੇ। ਮੇਰੇ ਅੱਬਾ ਨੂੰ ਉਸ ਨੇ ਅਗਾਂਹ ਤੋਰ ਦਿੱਤਾ ਸੀ ਤੇ ਆਪ ਦੀਨ-ਦੁਨੀਆਂ ਭੁਲਾ ਕੋਈ ਮਹੀਨਾ ਭਰ ਓਥੇ ਈ ਰੁਕਿਆ ਰਿਹਾ ਸੀ। ਐਨਾ...।” ਉਹ ਖੁੱਲ੍ਹ ਕੇ ਹੱਸਦਾ ਹੈ।

“ਸਾਂਵਲ ਭਾਈ... ਤੁਸੀਂ ਨਾ ਮੇਰਾ ਇਕ ਕੰਮ ਕਰਨਾ ਏ!” ਉਹ ਐਨੇ ਮੋਹ ਤੇ ਮਾਣ ਨਾਲ ਆਖਦਾ ਹੈ, ਜਿਵੇਂ ਅਸੀਂ ਬਚਪਨ ਦੇ ਯਾਰ ਹੋਈਏ।

“...ਗੱਲ ਇਸ ਤਰ੍ਹਾਂ ਹੈ ਕਿ ਸੰਤਾਲੀ ਵੇਲੇ ਮੇਰੀ ਫੁੱਫੀ ਕੋਈ ਵੀਹ ਕੁ ਵਰ੍ਹਿਆਂ ਦੀ ਸੀ। ਅੱਬਾ ਮੇਰਾ ਉਦ੍ਹੇ ਨਾਲੋਂ ਛੋਟਾ ਸੀ। ਮਾਈ ਦਿੱਤੇ ਵੀ ਹਮਲਾ ਹੋਇਆ ਸੀ। ਫੁੱਫੀ ਨੂੰ ਧਾੜਵੀ ਚੁੱਕ ਕੇ ਲੈ ਗਏ ਸਨ। ਫੁੱਫੀ ਚਾਰ-ਪੰਜ ਵਰ੍ਹੇ ਉੱਥੇ ਈ ਰਹੀ। ਅੱਬਾ ਮੇਰਾ ਤਾਂ ਮਸਕੀਨ ਜਿਹਾ ਬੰਦਾ ਸੀ, ਪਰ ਮਾਮੇ ਮੇਰੇ ਡਾਹਢੇ ਸਨ। ਉਹ ਫੌਜ ਦੀ ਗੱਡੀ ਲੈ ਕੇ ਗਏ ਸਨ। ਉਨ੍ਹਾਂ ਲੱਭ ਲਿਆਂਦੀ ਸੀ ਉਹ।”

ਮੇਰਾ ਹੁੰਗਾਰਾ ਉਡੀਕਣ ਉਹ ਕੁਝ ਪਲ ਲਈ ਚੁੱਪ ਹੋ ਜਾਂਦਾ ਹੈ।

“ਉਹ ਹਾਲੇ ਜਿਉਂਦੀ ਏ। ਨੱਬੇ ਵਰ੍ਹਿਆਂ ਦੀ ਹੋਣੀ ਏਂ। ਅੱਬਾ ਦੇ ਮਾਮੇ ਨੇ ਆਪਣੇ ਪੁੱਤਰ ਨਾ਼ਲ ਨਿਕਾਹ ਕਰ ਦਿੱਤਾ ਸੀ ਉਸਦਾ। ਥੋੜ੍ਹਾ ਸਿੱਧਰਾ ਜਿਹਾ ਸੀ ਉਹ। ਉਂਝ ਕਿੱਥੇ ਵਿਆਹ ਹੋਣਾ ਸੀ ਉਸ ਅੱਲ੍ਹਾ-ਲੋਕ ਦਾ! ਫੁੱਫੀ ਦੇ ਪੰਜ ਬੱਚੇ ਹੋਏ। ਤਿੰਨ ਧੀਆਂ ਤੇ ਦੋ ਪੁੱਤਰ। ਅਗਾਂਹ ਬੱਚਿਆਂ ਦੇ ਬੱਚੇ। ਸੋਣ੍ਹੇ ਰੱਬ ਨੇ ਰੌਣਕਾਂ ਲਾਈਆਂ ਹੋਈਆਂ ਨੇ ਹੁਣ ਤਾਂ! ਪਰ ਉਹ ਹਾਲੇ ਵੀ ਆਪਣੀ ਔਸ ਧੀ ਨੂੰ ਯਾਦ ਕਰਦੀ ਰਹਿੰਦੀ ਏ।”

“ਕਿਸ ਧੀ ਨੂੰ?” ਮੈਂ ਹੈਰਾਨੀ ਨਾਲ ਪੁੱਛਦਾ ਹਾਂ।

“ਸਾਂਵਲ ਭਾਈ... ਹੱਲਿਆਂ ਵੇਲੇ ਕਿਸੇ ਸਿੱਖ ਨੇ ਘਰ ਵਸਾ ਲਈ ਸੀ ਉਹ। ਜਦੋਂ ਮਾਮੇ ਉਸ ਨੂੰ ਲੱਭਣ ਇੰਡੀਆ ਗਏ ਤਾਂ ਅੱਬਾ ਵੀ ਗਿਆ ਸੀ ਨਾ਼ਲ। ਇਹ ਸਾਰੀਆਂ ਗੱਲਾਂ ਮੈਨੂੰ ਅੱਬਾ ਨੇ ਈਂ ਦੱਸੀਆਂ ਸਨ। ਜਦੋਂ ਫੁੱਫੀ ਨੂੰ ਪਤਾ ਲੱਗਾ ਤਾਂ ਉਹ ਮੰਜੇ ਥੱਲੇ ਵੜ ਗਈ ਸੀ। ਜਦ ਮਾਮਿਆ ਨੇ ਧੂਹਿਆ ਤਾਂ ਪਾਵਾ ਫੜ ਲਿਆ ਸੀ ਉਸ ਨੇ। ਮੁਟਿਆਰ ਬੜੀ ਸੀ। ਸੋਣ੍ਹੀ ਵੀ ਪੁੱਜ ਕੇ। ਓਥੋਂ ਆਉਣਾ ਨਈਂ ਸੀ ਚਾਹੁੰਦੀ ਉਹ। ਏਹੋ ਆਖੀ ਜਾਏ-ਮੈਂ ਤਾਢ੍ਹੇ ਮੱਥੇ ਨਈਂ ਲੱਗ ਸਕਦੀ। ਮੈਨੂੰ ਹੁਣ ਏਥੇ ਵੱਸ ਲੈਣ ਦਿਓ। ਇਨ੍ਹਾਂ ਮੰਜੇ ਥੱਲਿਓਂ ਧੂਹ ਲਈ ਸੀ। ਉਨ੍ਹੇ ਆਪਣੀ ਧੀ ਨੂੰ ਹਿੱਕ ਨਾ਼ਲ ਲਾਇਆ ਹੋਇਆ ਸੀ। ਵਿਲਕਦੀ ਹੋਈ ਇੱਕੋ ਗੱਲ ਆਖੀ ਜਾ ਰਹੀ ਸੀ-ਮੈਂ ਨਈਂ ਮੱਥੇ ਲੱਗਣਾ ਚਾਹੁੰਦੀ ਹੁਣ ਆਪਣਿਆਂ ਦੇ। ਫਿਰ ਅੱਬਾ ਨੂੰ ਮੁਖ਼ਾਤਿਬ ਹੋਈ-ਵੀਰੇ ਤੂੰ ਤਾਂ ਸੱਕਾ ਏਂ ਮੇਰਾ। ਤੂੰ ਈ ਸਮਝਾ ਇਨ੍ਹਾਂ ਨੂੰ। ਮੈਂ ਹੁਣ ਤਾਢ੍ਹੇ ਕਾਬਿਲ ਨਈਂ ਰਹੀ। ਨਾ ਮੇਰੇ ਪੱਲੇ ਅੱਲ੍ਹਾ ਰਿਹਾ, ਨਾ ਮਾਪਿਆਂ ਦਾ ਰੱਖਿਆ ਨਾਂ। ਮੈਂ ਹੁਣ ਕਿਵੇਂ ਤੁਰ ਪਵਾਂ ਤਾਡ੍ਹੇ ਨਾ਼ਲ? ਮੇਰਾ ਦੁੱਖ ਤਾਂ ਸਮਝੋ! ਸਮਝ ਲੈਣਾ ਕਿ ਉਮਰੀ ਵਾਂਗ ਮੇਰਾ ਵੀ ਕਤਲ ਹੋ ਗਿਆ ਏ। ਉਮਰੀ, ਅੱਬਾ ਦੇ ਚਾਚੇ ਦੀ ਧੀ ਸੀ। ਮੇਰੇ ਅੱਬਾ ਦਾ ਦਿਲ ਪਿਘਲ ਗਿਆ ਸੀ, ਪਰ ਮਾਮੇ ਨਈਂ ਸਨ ਮੰਨੇ। ਉਨ੍ਹਾਂ ਖਿੱਚ-ਧੂਹ ਕੇ ਟਰੱਕ ’ਚ ਸੁੱਟ ਲਿਆ ਸੀ ਉਸ ਨੂੰ। ਉਸ ਦੇ ਕੁੱਛੜ ਤਿੰਨ ਕੁ ਵਰ੍ਹਿਆਂ ਦੀ ਧੀ ਸੀ। ਮਾਮੇ ਉਸ ਕੋ਼ਲੋਂ ਕੁੜੀ ਖੋਹਣ ਲੱਗੇ। ਅੱਬਾ ਦੱਸਦਾ ਹੁੰਦਾ ਸੀ ਕਿ ਉਸ ਨੇ ਐਡੀਆਂ ਦਰਦਨਾਕ ਲੇਰਾਂ ਮਾਰੀਆਂ ਕਿ ਮਾਮਿਆਂ ਦੇ ਹੱਥ ਰੁਕ ਗਏ ਸਨ। ਉਹ ਮਾਂ-ਧੀ ਦੋਵਾਂ ਨੂੰ ਲੈ ਤੁਰੇ ਸਨ। ...ਸਾਂਵਲ ਭਾਈ, ਅੱਬਾ ਦੱਸਦਾ ਹੁੰਦਾ ਸੀ ਕਿ ਜਦੋਂ ਇਹ ਬਾਰਡਰ ’ਤੇ ਪਹੁੰਚੇ ਤਾਂ ਓਥੇ ਦੋਵੇਂ ਪਾਸੇ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀਆਂ ਹਜ਼ਾਰਾਂ ਕੁੜੀਆਂ ਇਕੱਠੀਆਂ ਹੋਈਆਂ ਪਈਆਂ ਸਨ। ਮਿੰਨਤਾਂ-ਤਰਲੇ ਕਰਦੀਆਂ, ਪਰ ਉਨ੍ਹਾਂ ਵਿਚਾਰੀਆਂ ਨੂੰ ਕੋਈ ਸਿਆਣਦਾ ਈ ਨਈਂ ਸੀ। ਉਹ ਆਪਣਾ ਕਸੂਰ ਪੁੱਛ ਰਹੀਆਂ ਸਨ। ਉਹ ਨਿਰਦੋਸ਼ ਸਨ, ਪਰ ਬਹੁਤੇ ਮਾਪਿਆਂ ਨੇ ਕਬੂਲੀਆਂ ਨਈਂ ਸਨ।”

ਗੱਲ ਸੁਣਾਉਣ ਵਾਲੇ ਦੇ ਬੋਲ ਭਾਰੇ ਹੋ ਗਏ ਹਨ। ਉਹ ਚੁੱਪ ਹੋ ਗਿਆ।

ਮੈਂ ‘ਬੇਕਸੂਰ ਧੀਆਂ ਦਾ ਹਜ਼ੂਮ’ ਚਿਤਵਣ ਲੱਗ ਪਿਆ ਸਾਂ। ਭੁੱਖੀਆਂ ਤੇ ਲੁੱਟੀਆਂ ਉਦਾਸ ਧੀਆਂ ਦਾ ਹਜ਼ੂਮ। ਮਾਪਿਆਂ ਤੇ ਹਮ-ਧਰਮੀਆਂ ਦੇ ਵਾਸਤੇ ਪਾਉਂਦੀਆਂ ਤੇ ਆਪਣਾ ਕਸੂਰ ਪੁੱਛਦੀਆਂ ਉਹ ਮੇਰੇ ਖ਼ਿਆਲਾਂ ’ਚ ਉੱਗ ਆਈਆਂ ਸਨ।

“ਸੁਣਦਾ ਏਂ ਸਾਂਵਲ ਭਾਈ...।” ਉਸ ਨੇ ਫਿਰ ਤੋਂ ਗੱਲ ਸ਼ੁਰੂ ਕਰ ਲਈ ਹੈ।

“...ਓਥੇ ਆ ਕੇ ਮਾਮਿਆਂ ਨੇ ਫੁੱਫੀ ਦੀਆਂ ਬਾਹਵਾਂ ’ਚੋਂ ਧੀ ਧੂਹ ਲਈ ਸੀ। ਵਗਾਹ ਕੇ ਮਾਰਦਿਆਂ ਬੋਲੇ ਸੀ-ਅਸੀਂ ਨਈਂ ਲਿਜਾਣਾ ਪਾਕ ਧਰਤੀ ਤੇ ਏਹ ਹਰਾਮ ਦੇ ਤੁਖ਼ਮ ਨੂੰ। ਉਹ ਵਿਚਾਰੀ ਬੇਹੋਸ਼ ਹੋ ਗਈ ਸੀ। ਏਧਰ ਆ ਕੇ ਵੀ ਕਈ ਮਹੀਨੇ ਆਪਣੇ ਭਾਈ ਤੇ ਮਾਮਿਆਂ ਨਾ਼ਲ ਨਈਂ ਸੀ ਬੋਲੀ ਉਹ। ਬੱਸ ਗੁਆਚੀ ਧੀ ਨੂੰ ਯਾਦ ਕਰਕੇ ਰੋਂਦੀ ਰਹਿੰਦੀ ਸੀ।”

ਉਹ ਚੁੱਪ ਤੇ ਮੈਂ ਸੁੰਨ ਹੋ ਗਿਆ ਸਾਂ।

“ਧੀ ਦੀ ਗੱਲ ਉਹ ਸਿਰਫ ਮੇਰੇ ਨਾ਼ਲ ਈ ਕਰਦੀ ਏ। ਉਹ ਅੱਜ ਵੀ ਉਸਨੂੰ ਯਾਦ ਕਰਦੀ ਏ। ਰੋਂਦੀ ਏ। ਕਬਰੀਂ ਸੁੱਤੇ ਭਾਈ ਤੇ ਮਾਮਿਆਂ ਨੂੰ ਉਸ ਨੇ ਅੱਜ ਤੱਕ ਮੁਆਫ਼ ਨਈਂ ਕੀਤਾ। ਏਸ ਵਾਰ ਮੈਂ ਉਸ ਨੂੰ ਮਿਲਣ ਗਿਆ ਤਾਂ ਬੜੀ ਦੇਰ ਗੱਲਾਂ ਕਰਦੀ ਰਹੀ ਸੀ। ਮੈਂ ਕਿਧਰੇ ਕਹਿ ਬੈਠਾ ਕਿ ਮੈਂ ਲੱਭ ਲਵਾਂਗਾ ਤੇਰੀ ਗੁਆਚੀ ਧੀ ਨੂੰ। ਮੈਂ ਓਸ ਸਿੱਖ ਦੇ ਪਿੰਡ ਬਾਰੇ ਪੁੱਛਿਆ ਤਾਂ ਅੱਗੋਂ ਕਹਿਣ ਲੱਗੀ-ਗੋ਼ਲੀ ਮਾਰ ਓਸ ਪਿੰਡ ਨੂੰ। ਤੂੰ ਧੀ ਲੱਭ ਮੇਰੀ। ਸਾਂਵਲ ਬਾਈ, ਅੱਜ ਉਹ ਕੁੜੀ ਪਤਾ ਨਈਂ ਕਿੱਥੇ ਹੋਵੇਗੀ। ਸ਼ਾਇਦ ਫੌਤ ਹੋ ਗਈ ਹੋਵੇ, ਪਰ ਮੇਰਾ ਦਿਲ ਕਹਿੰਦਾ ਕਿ ਉਹ ਜਿਉਂਦੀ ਹੋਵੇਗੀ। ਏਸ ਵਾਰ ਮੈਂ ਫੁੱਫੀ ਨਾ਼ਲ ਵਾਅਦਾ ਕਰਕੇ ਆਇਆ ਹਾਂ। ਮਾਸ਼ਾ ਅੱਲਾ ਬੜਾ ਨਾਲਿਜ ਏ ਤੈਨੂੰ ਪਿੰਡਾਂ ਦਾ। ਤੂੰ ਲੱਭ ਸਕਦਾਂ ਏਂ ਉਸ ਨੂੰ! ਤੂੰ ਲੱਭੀ। ਜ਼ਰੂਰ ਲੱਭੀ। ਫੁੱਫੀ ਦੇ ਫੌਤ ਹੋਣ ਤੋਂ ਪਹਿਲਾਂ ਇੱਕ ਵਾਰ ਗੱਲ ਈ ਕਰਵਾ ਦਈਏ ਉਨ੍ਹਾਂ ਦੀ। ਸ਼ਾਇਦ ਸੌਖੀ ਮਰ ਜਾਏ ਮੇਰੀ ਫੁੱਫੀ।”

ਮੇਰਾ ਮਨ ਭਰ ਆਉਂਦਾ ਹੈ।

ਕਿੱਥੇ ਢੂੰਢਾਂਗਾ ਮੈਂ ਉਸ ਨੂੰ? ਉਸਦਾ ਨਾਂ, ਪਿੰਡ, ਸ਼ਹਿਰ... ਕੁਝ ਵੀ ਤਾਂ ਪਤਾ ਨਹੀਂ ਮੈਨੂੰ।

“ਸਾਂਵਲ ਭਾਈ, ਸੌ ਜਣਿਆ ਦਾ ਟੱਬਰ ਹੋਣਾ ਏ ਓਸ ਦਾ। ਕਿਸੇ ਚੀਜ਼ ਦੀ ਥੁੜ੍ਹ-ਤੰਗੀ ਨਈਂ। ਪੜਪੋਤੀਆਂ-ਦੋਹਤੀਆਂ ਵਾ਼ਲੀ ਹੋ ਗਈ ਏ। ਪਰ ਉਹ ਅੱਜ ਵੀ ਉਹ ਸੱਤਰ ਵਰ੍ਹੇ ਪਹਿਲਾਂ ਦੋ-ਤਿੰਨ ਵਰ੍ਹਿਆਂ ਦੀ ਗੁਆਚੀ ਧੀ ਨੂੰ ਕੁੱਛੜ ਚੁੱਕੀ ਫਿਰਦੀ ਏ! ਸਾਂਵਲ ਭਾਈ ਤੂੰ ਲੱਭ ਸਕਦਾ ਏਂ ਉਸ ਨੂੰ।”

ਫੋਨ ਕਦ ਕੱਟਿਆ ਜਾਂਦਾ ਹੈ ਪਤਾ ਨਈਂ ਲੱਗਦਾ!

ਮੇਰੀ ਕੋਈ ਤੰਦ ਚੌਧਰੀ ਸ਼ਹਿਜ਼ਾਦ ਮੋਨਣ ਨਾਲ ਬਹੁਤ ਗਹਿਰੀ ਜੁੜ ਜਾਂਦੀ ਹੈ। ਅੱਖਾਂ ਦੇ ਨਾ਼ਲ ਦਿਲ ਵੀ ਭਰ ਆਉਂਦਾ ਹੈ। ਧੁਰ-ਦਿਲੋਂ ਆਵਾਜ਼ ਆਉਂਦੀ ਹੈ ‘ਹਾਂ, ਸ਼ਹਿਜ਼ਾਦ ਭਾਈ! ਭਾਲਾਂਗੇ... ਆਪਣੀਆਂ ਗੁਆਚੀਆਂ ਧੀਆਂ ਨੂੰ। ਧੀਆਂ ਨਹੀਂ ਭੈਣਾਂ ਨੂੰ। ਭੈਣਾਂ ਨਹੀਂ ਮਾਵਾਂ-ਦਾਦੀਆਂ ਨੂੰ!’

ਪਰ ਕਿੱਥੋਂ?

ਕਾ਼ਲੀ ਹਨੇਰੀ ’ਚ ਗੁਆਚੇ ਬੋਟਾਂ ਦੇ ਸਿਰਨਾਵੇਂ ਭਲਾ ਕੌਣ ਲੱਭ ਸਕਦਾ ਹੈ?



1947 ਵਿੱਚ ਭਾਰਤ ਦੀ ਵੰਡ ਅਤੇ ਪਾਕਿਸਤਾਨ ਦੀ ਸਿਰਜਣਾ ਦੀ ਲੋਕਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ; ਖਾਸ ਕਰ ਕੁੜੀਆਂ ਤੇ ਔਰਤਾਂ ਨੂੰ...

## *ਸ਼ਿਕਾਗੋ ਕਬੱਡੀ ਮੇਲੇ ਦਾ ਪ੍ਰਸੰਗ: ਅੱਖੀਂ ਡਿੱਠਾ, ਕੰਨੀਂ ਸੁਣਿਆ*

ਗਿੱਲ ਤੇ ਸਾਥੀ ਉਚੇਚੇ ਤੌਰ ‘ਤੇ ਪਹੁੰਚੇ ਹੋਏ ਸਨ। ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ), ਪੀ.ਸੀ.ਐਸ. ਸ਼ਿਕਾਗੋ ਤੋਂ ਇਲਾਵਾ ਹੋਰਨਾਂ ਸੰਸਥਾਵਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਉਂਜ ਸ਼ਿਕਾਗੋ ਦੇ ਕਬੱਡੀ ਮੇਲਿਆਂ ਦੀ ਇਹ ਖਾਸੀਅਤ ਹੈ ਕਿ ਉਹ ਸਥਾਨਕ ਜਾਂ ਦੂਜੀਆਂ ਸਟੇਟਾਂ ਤੋਂ ਆਏ ਮੇਲੀਆਂ ਨਾਲ ਭਰ ਜਾਂਦੇ ਹਨ।

ਕਬੱਡੀ ਦੇ ਫਾਈਨਲ ਮੈਚ ਤੋਂ ਪਹਿਲਾਂ ਤਾਂ ‘ਸਨਮਾਨ ਤਖ਼ਤੀਆਂ’ ਦੇਣ ਦੀ ਝੜੀ ਜਿਹੀ ਲੱਗ ਗਈ ਸੀ। ਸਪੀਕਰ ਤੋਂ ‘ਸਨਮਾਨ ਲੈ ਜਾਣ ਦੇ ਆਵਾਜ਼ੇ’ ਆਉਣ ਲੱਗੇ ਕਿ ਫਲਾਣਾ-ਫਲਾਣਾ ‘ਆਪਣਾ ਬਣਦਾ ਸਨਮਾਨ ਲੈ ਜਾਵੇ।’ ਇਹ ਸੁਣ ਕੇ ਕੁਝ ਲੋਕਾਂ ਨੂੰ ਬਾਦਲ ਸਰਕਾਰ ਸਮੇਂ ਆਟਾ-ਦਾਲ ਸਕੀਮ ਤਹਿਤ ਵੰਡੇ ਜਾਂਦੇ ਰਾਸ਼ਨ ਦੀ ਯਾਦ ਆ ਗਈ ਸੀ। ਜਿੱਥੇ ਵੀ.ਆਈ.ਪੀ. ਦੇ ਬੈਠਣ ਲਈ ਅੱਡਾ-ਪੀੜ੍ਹਾ ਫਿੱਟ ਸੀ, ਉਸ ਥਾਂ ਬੈਠਣ ਲਈ ਕਈ ਆਪੂੰ ਬਣੇ ‘ਵੀ.ਆਈ.ਪੀ.’ ਹੌਲੀ ਹੌਲੀ ਉਧਰ ਨੂੰ ਉਲਰ ਪਏ; ਤੇ ਕਲੱਬ ਦੇ ਕੁਝ ਮੈਂਬਰ ਆਮ ਲੋਕਾਂ ਦੇ ਬੈਠਣ ਲਈ ਰੱਖੀਆਂ ਕੁਰਸੀਆਂ ਚੁੱਕ ਚੁੱਕ ਖਾਸ ਥਾਂ ’ਤੇ ਟਿਕਾਉਣ ਲੱਗ ਗਏ। ਇਹ ਦ੍ਰਿਸ਼ ਕਲੱਬ ਵੱਲੋਂ ਦਿੱਤਾ ਜਾ ਰਿਹਾ ਸਤਿਕਾਰ ਵੀ ਸੀ ਅਤੇ ‘ਦਰ ਆ ਗਏ ਨੂੰ ਬੈਠਣ ਲਈ ਮੂੜ੍ਹਾ ਦੇਣ’ ਜਿਹੀ ਮਜਬੂਰੀ ਵੀ ਸੀ।

ਕੁਮੈਂਟੇਟਰ ਸੁਰਜੀਤ ਕਕਰਾਲੀ ਤੇ ਕਾਲਾ ਰਸ਼ੀਨ ਕਬੱਡੀ ਦੀ ਕੁਮੈਂਟਰੀ ਭਾਵੇਂ ਚੰਗੀ ਕਰ ਲੈਂਦੇ ਹਨ, ਪਰ ਜਿਸ ਤਰ੍ਹਾਂ ਉਹ ‘ਸੌ ਡਾਲਰ ਦਾ ਸਨਮਾਨ’ ਦਾ ਰਕਾਟ ਵਜਾ ਦਿੰਦੇ ਹਨ, ਸਥਿਤੀ ਅਜੀਬ ਹੋ ਜਾਂਦੀ ਹੈ। ਜਿਹੜੇ ਕੁਝ ਕੁ ਪ੍ਰਤੀਸ਼ਤ ਲੋਕ ਕਬੱਡੀ ਵੇਖਣ ਦੇ ਚਾਹਵਾਨ ਰਹਿ ਗਏ ਨੇ, ਉਹ ਇਹ ਜ਼ਰੂਰ ਸੋਚਦੇ ਹੋਣਗੇ ਕਿ ਮੈਚ ਦੌਰਾਨ ਜੇ ਸਿਰਫ ਕਬੱਡੀ ਦੀ ਹੀ ਕੁਮੈਂਟਰੀ ਹੋਵੇ ਤਾਂ ਖੇਡ ਦਾ ਸਵਾਦ ਦੂਣ-ਸਵਾਇਆ ਹੋ ਜਾਵੇ। ਖ਼ੈਰ! ਦਾਨੀ ਸੱਜਣਾਂ ਦੇ ਸਿਰ ’ਤੇ ਹੀ ਖਿਡਾਰੀਆਂ ਦਾ ਮਾਣ-ਸਨਮਾਨ ਐ। ਸਪਾਂਸਰ ਹੀ ਕਿਸੇ ਵੀ ਖੇਡ ਮੇਲੇ ਜਾਂ ਭਾਈਚਾਰਕ ਸਮਾਗਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਵੱਲੋਂ ਐਲਾਨੇ ਇਨਾਮ ‘ਖਿਡਾਰੀਆਂ ਦੇ ਲੱਗਦੇ ਜ਼ੋਰ ਨਾਲ ਉਤੋਂ ਡਾਲਰਾਂ ਦੀ ਖੁਰਾਕ’ ਸੋਨੇ ’ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ!

ਮੇਲੇ ਦਾ ਇੱਕ ਪੱਖ ਇਹ ਵੀ ਉਭਰਿਆ ਕਿ ਇੱਥੋਂ ਦੇ ਜੰਮੇ-ਪਲੇ ਬੱਚਿਆਂ ਵਿੱਚੋਂ ਕੁਝ ਕੁ ਨੂੰ ਛੱਡ ਕੇ, ਬਾਕੀ ਦੇ ਕਬੱਡੀ ਵੱਲ ਨੂੰ ਮੂੰਹ ਨਹੀਂ ਕਰਦੇ। ਮੇਲੇ ਵਿੱਚ ਹਾਜ਼ਰ ਬਹੁਤੀ ਨੌਜਵਾਨ ਢਾਣੀ ਸਿਰਫ ਅਜੋਕੇ ਗਾਇਕਾਂ ਨੂੰ ਸੁਣਨ ਜਾਂ ਫਿਰ ਬਹੁ-ਗਿਣਤੀ ਖੁੱਲ੍ਹੇ ਮਾਹੌਲ ਵਿੱਚ ਖੁੱਲ੍ਹੀ ਦਾਰੂ ਪੀਣ ਨੂੰ ਹੀ ‘ਖੇਡ ਤੇ ਸੱਭਿਆਚਾਰਕ ਮੇਲਾ’ ਸਮਝੀ ਬੈਠੀ ਸੀ। ਇੱਥੇ ਹੀ ਬੱਸ ਨਹੀਂ, ਸਟੇਜ ਦੇ ਖੱਬੇ ਗੁੱਠ ਤਾਂ ਕੁਝ ਨੌਜਵਾਨ ਇਸ ਕਦਰ ਹੋਸ਼ ਭੁਲਾ ਬੈਠ ਸਨ ਕਿ ਉਹ ਆਪੋ ਵਿੱਚ ਹੀ ‘ਮਾਵਾਂ-ਭੈਣਾਂ ਦੀਆਂ ਗਾਲ੍ਹਾਂ’ ਕੱਢਣ ਉਤੇ ਉਤਾਰੂ ਹੋ ਗਏ ਸਨ। ਸ਼ੁਕਰ ਇਹ ਰਿਹਾ ਕਿ ਦੋ ਕੁ ਵਾਰ ਉਨ੍ਹਾਂ ਦੇ ਸਿੰਗ ਫਸਦੇ-ਫਸਦੇ ਬਚੇ। ਹੜਦੁੰਗਪੁਣੇ ਵਿੱਚ ਉਹ ਖੇਡ ਮੈਦਾਨ ’ਚ ਸਟੇਜ ਦੇ ਲਾਗੇ ਗੱਡੀਆਂ ਲੈ ਆਏ। ਕਲੱਬ ਦੇ ਇੱਕ-ਦੋ ਮੈਂਬਰਾਂ ਨੇ ਉਨ੍ਹਾਂ ਨੂੰ ਵਰਜਿਆ ਵੀ, ਪਰ ਤਿੱਤਰ ਉਹ ਪੁਲਿਸ ਦੇ ਆਉਣ ਤੋਂ ਹੀ ਹੋਏ। ਦਾਰੂ ਦੇ ਖੁੱਲ੍ਹੇ ਮਾਹੌਲ ਦਾ ਕੁਝ ਬੀਬੀਆਂ ਨੇ ਵੀ ਬੁਰਾ ਮਨਾਇਆ। ਇਸ ਸਥਿਤੀ ਬਾਰੇ ਭਾਈਚਾਰੇ ਵਿੱਚੋਂ ਹੀ ਦਲੀਲਾਂ ਸਨ ਕਿ ਇਸ ਉਮਰੇ ਮੁੰਡੇ-ਖੁੰਡੇ ਇਹ ਸਭ ਕਰਦੇ ਹੀ ਨੇ।

ਇੱਧਰ-ਓਧਰ ਤੋੜਾ ਝਾੜਨ ਨਾਲੋਂ, ਸਤਿਕਾਰਯੋਗ ਪੰਜਾਬੀਓ! ਆਓ ਸਾਡੇ ਆਪਣੇ ਭਾਈਚਾਰੇ ਦੇ ਬੱਚਿਆਂ ਲਈ ਵਿਰਾਸਤੀ ਖੇਡਾਂ ਦਾ ਬੰਨ੍ਹ-ਸੁੱਬ ਕਰੀਏ ਅਤੇ ਖੇਡ-ਫਸਲ ਦਾ ਨੁਕਸਾਨ ਕਰਨ ਵਾਲਿਆਂ ਨੂੰ ਇੱਕ ਪਾਸੇ ਕਰ ਦਈਏ। ਨਹੀਂ ਤਾਂ ਮੇਲਿਆਂ ‘ਤੇ ਭਾਈਚਾਰੇ ਦਾ ਲੱਖਾਂ ਡਾਲਰ ਖਰਚ ਹੋਣ ਦੇ ਬਾਵਜੂਦ ਜੇ ਖਰੂਦ ਹੀ ਪੈਂਦਾ ਰਹਿਣਾ ਹੈ ਤਾਂ ਪੰਜਾਬੀ ਮੇਲੇ ‘ਭੱਠ ਪਿਆ ਸੋਨਾ ਹੀ ਹਨ, ਜੋ ਕੰਨਾਂ ਨੂੰ ਖਾ ਰਹੇ ਹਨ।’

ਖੈਰ! ਮੇਲੇ ਵਿੱਚ ਚੱਕੀ ਰਾਹੇ ਨੂੰ ਕੌਣ ਪੁੱਛਦਾ!!


# ਬਦਨਾਮੀ ਬਨਾਮ ਮਸ਼ਹੂਰੀ



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (13)

ਬਖ਼ਸ਼ਿੰਦਰ
ਵੱਟਸਐਪ:+1-778-793-8979



***'ਬਦਨਾਮ ਹੋਗੇਂ ਤੋ ਕਯਾ ਨਾਮ ਨਾ ਹੋਗਾ' ਵਿੱਚ ਇਹੋ ਗੱਲ ਛੁਪੀ ਹੈ ਕਿ ਜਦੋਂ ਹੋ-ਹੱਲਾ ਹੁੰਦਾ ਹੈ ਤਾਂ ਮਸ਼ਹੂਰੀ ਵੀ ਨਾਲ ਨਾਲ ਹੀ ਹੁੰਦੀ ਹੈ। ਨਾਵਲ ਦੀ ਹਥਲੀ ਕਿਸ਼ਤ ਵਿੱਚ 'ਬੜੇ ਮਸ਼ਹੂਰ ਹੋਏ ਹਾਂ ਬੜੇ ਬਦਨਾਮ ਹੋਏ ਹਾਂ' ਦਾ ਬਿਰਤਾਂਤ ਸਿਰਜਿਆ ਗਿਆ ਹੈ। ਬਦਨਾਮੀ ਤੇ ਮਸ਼ਹੂਰੀ ਜ਼ਿੰਦਗੀ ਦੇ ਸਫਰ ਵਿੱਚ ਕਦੋਂ ਤੇ ਕਿਸ ਲਹਿਜੇ 'ਚ ਆ ਟੱਕਰਨ, ਕੋਈ ਨਹੀਂ ਜਾਣਦਾ। ਅਜਿਹਾ ਹੀ ਰਹੱਸ ਨਾਵਲ ਦੀ ਪਾਤਰ ਨਾਲ ਵੀ ਵਾਪਰਿਆ, ਜੋ ਇਸ ਕਾਂਡ ਵਿੱਚ ਦਰਜ ਹੈ। ਕਿਉਂ ਕਿ ਇਕ ਪਿਛੋਂ ਇਕ ਘਟਨਾਵਾਂ ਦੀ ਲੜੀ ਦੀ ਨਿਰੰਤਰਤਾ ਹਥਲੇ ਨਾਵਲ ਦਾ ਧਰਾਤਲ ਹਨ ਅਤੇ ਇਸ ਉਤਰਾਅ-ਚੜ੍ਹਾਅ ਨੂੰ ਸਮਝ ਕੇ ਹੀ ਜ਼ਿੰਦਗੀ ਦਾ ਯਥਾਰਥ ਸਮਝਿਆ ਜਾ ਸਕਦਾ ਹੈ ਤੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...***

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਦੋਂ ਦੇ ਤੇਰੇ ਇਸ਼ਕ 'ਚੋਂ ਨਾਕਾਮ ਹੋਏ ਹਾਂ,
ਬੜੇ ਮਸ਼ਹੂਰ ਹੋਏ ਹਾਂ ਬੜੇ ਬਦਨਾਮ ਹੋਏ ਹਾਂ।

ਪਤਾ ਨਹੀਂ ਕਿਉਂ, ਉਸ ਦਿਨ ਸਵੇਰ ਤੋਂ ਹੀ ਦਾਨਿਸ਼ ਦੀ ਜ਼ੁਬਾਨ 'ਤੇ ਵੀਨਾ ਵਰਮਾ ਦੇ ਇਸ ਸ਼ਿਅਰ ਨੇ ਸਵਾਰੀ ਪਾਈ ਹੋਈ ਸੀ। ਉਹ, ਇਹ ਸ਼ਿਅਰ ਗੁਣਗੁਣਾਉਂਦਿਆਂ ਕਿਤੇ ਇਹ ਵੀ ਸੋਚੀ ਜਾ ਰਿਹਾ ਸੀ ਕਿ ਮਸ਼ਹੂਰੀ ਤੇ ਬਦਨਾਮੀ ਆਪਸ ਵਿਚ ਜੌੜੀਆਂ ਭੈਣਾਂ ਨਾ ਸਹੀ, ਸੌਕਣਾਂ ਤਾਂ ਜ਼ਰੂਰ ਹੀ ਹਨ। ਇਹ ਦੋਵੇਂ ਜਣੀਆਂ ਇਕੱਠੀਆਂ, ਇਕ ਖ਼ਸਮ ਦੇ ਘਰ ਕਦੇ ਨਹੀਂ ਵਸ ਸਕਦੀਆਂ। ਇਸ ਦੇ ਬਾਵਜੂਦ, ਸੰਨੀ ਹੌਂਡਾ ਦੀ ਜ਼ਿੰਦਗੀ ਵਿਚੋਂ ਉਸ ਨੂੰ, ਇਨ੍ਹਾਂ ਦੋਹਾਂ ਦੇ 'ਦਰਸ਼ਨ', ਇਕੋ ਹੀ ਸ਼ਖ਼ਸੀਅਤ ਵਿਚੋਂ ਹੁੰਦੇ ਦਿਸਦੇ ਸਨ। ਕਹਿੰਦੇ ਹਨ ਕਿ ਬਦਨਾਮੀ ਤੇ ਮਸ਼ਹੂਰੀ ਦੀਆਂ ਪਿੱਠਾਂ ਇਕ-ਦੂਜੀ ਨਾਲ਼ ਲੱਗਦੀਆਂ ਹਨ, ਪਰ ਉਹ ਆਪਸ ਵਿਚ ਇਕ-ਦੂਜੀ ਵੱਲ ਮੂੰਹ ਨਹੀਂ ਕਰਦੀਆਂ। ਜੇ ਉਹ ਦੋਵੇਂ ਜਣੀਆਂ, ਇਕ-ਦੂਜੀ ਨੂੰ ਬੁਰਾ-ਭਲਾ ਵੀ ਕਹਿੰਦੀਆਂ ਹਨ ਤਾਂ ਵੀ ਆਹਮੋ-ਸਾਹਮਣੇ ਨਹੀਂ ਹੁੰਦੀਆਂ। ਸੰਨੀ ਹੌਂਡਾ ਦੇ ਮਾਮਲੇ ਵਿਚ ਇਹ ਦੋਵੇਂ ਜਣੀਆਂ, ਉਸ ਦੇ ਮੋਢਿਆਂ ਉੱਤੇ ਸਵਾਰ ਹੋਈਆਂ ਹੀ ਨਹੀਂ ਰਹਿੰਦੀਆਂ, ਉਨ੍ਹਾਂ ਦੋਹਾਂ ਦੇ ਮੂੰਹ ਵੀ ਆਹਮੋ-ਸਾਹਮਣੇ ਰਹਿੰਦੇ ਹਨ।

ਸਾਲ 2015 ਦੇ ਮਈ ਮਹੀਨੇ, ਮੁੰਬਈ ਦੀ ਇਕ ਔਰਤ ਨੇ ਸੰਨੀ ਦੀ ਵੈੱਬਸਾਈਟ ਦੇ ਖ਼ਿਲਾਫ਼ ਇਕ ਐੱਫ. ਆਈ. ਆਰ. ਦਰਜ ਕਰਾਈ ਤੇ ਦੋਸ਼ ਲਾਇਆ ਕਿ ਇਸ ਵੈੱਬਸਾਈਟ ਰਾਹੀਂ ਸੰਨੀ, ਭਾਰਤ ਦੇ ਸਭਿਆਚਾਰ ਦੀ ਮਿੱਟੀ ਪਲੀਤ ਕਰ ਰਹੀ ਹੈ। ਥਾਨੇ ਪੁਲਸ ਦੇ, ਰਾਮ ਨਗਰ ਸਥਿਤ ਸਾਈਬਰ ਸੈੱਲ਼ ਵਿਚ ਇਸ ਸਬੰਧੀ ਸਾਈਬਰ ਕਾਨੂੰਨ ਦੀ ਦਫ਼ਾ 292, 292ਏ ਅਤੇ 294 ਅਧੀਨ ਪਰਚਾ ਦਰਜ ਕੀਤਾ ਗਿਆ। ਇਸ ਕੇਸ ਵਿਚ, ਸੰਨੀ ਨੂੰ ਲੰਬੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਹੋਣ ਦੇ ਆਸਾਰ ਸਨ। ਇਸ ਸਬੰਧ ਵਿਚ ਪੁਲਸ ਅਫ਼ਸਰ ਜੇ. ਕੇ. ਸਾਵੰਤ ਦਾ ਇਹ ਕਹਿਣ ਸੀ, "ਅਸੀਂ ਇਹ ਵੈੱਬਸਾਈਟ ਤਾਂ ਬਲੌਕ ਨਹੀਂ ਕਰ ਸਕਦੇ, ਪਰ ਵੈੱਬਸਾਈਟ ਆਪ੍ਰੇਟਰ ਨੂੰ ਇਸ ਵਿਚੋਂ, ਉਹ ਸਭ ਕੁੱਝ ਮਿਟਾ ਦੇਣ ਲਈ ਕਿਹਾ ਜਾ ਸਕਦਾ ਹੈ, ਜਿਸ ਉੱਤੇ ਮੁੱਦਈ ਨੂੰ ਇਤਰਾਜ਼ ਹੈ।"

2017 ਦੇ ਅੰਤ ਵਿਚ ਤੇ ਨਵੇਂ ਸਾਲ (2018) ਦੇ ਮੌਕੇ 'ਤੇ ਬੰਗਲੌਰ ਵਿਚ 'ਸੰਨੀ ਨਾਈਟ' ਮਨਾਈ ਜਾਣੀ ਸੀ ਕਿ ਕੰਨ੍ਹੜ ਦੀ ਹਮਾਇਤਣ ਜਥੇਬੰਦੀ 'ਰਕਸ਼ਣਾ ਵੇਦੀਕੇ ਯੁਵਾ ਸੇਨਾ' ਨੇ ਇਸ ਪ੍ਰੋਗਰਾਮ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਦਾ ਐਲਾਨ ਕਰ ਦਿੱਤਾ। ਸੰਨੀ ਨੇ ਇਸ ਪ੍ਰੋਗਰਾਮ ਵਿਚ ਨਾਚ ਪੇਸ਼ ਕਰਨਾ ਸੀ। ਇਸ ਜਥੇਬੰਦੀ ਨੇ ਇਹ ਰੋਸ ਪ੍ਰਗਟ ਕਰਨ ਦੀ ਵਜ੍ਹਾ ਇਹ ਦੱਸੀ ਸੀ ਕਿ ਸੰਨੀ ਦਾ ਪਿਛੋਕੜ ਗੰਦੀ ਫ਼ਿਲਮ ਇੰਡਸਟਰੀ ਨਾਲ਼ ਸਬੰਧਤ ਹੈ। ਇਸ ਜਥੇਬੰਦੀ ਦੇ ਕਾਰਕੁਨਾਂ ਨੇ ਇਹ ਐਲਾਨ ਵੀ ਕੀਤਾ ਹੋਇਆ ਸੀ ਕਿ ਜੇ ਸੰਨੀ ਨੂੰ ਸਟੇਜ ਉੱਤੇ ਆਉਣੋਂ ਨਾ ਰੋਕਿਆ ਗਿਆ ਤਾਂ ਉਹ ਸਾਰੇ ਜਣੇ ਰਲ਼ ਕੇ ਆਤਮਘਾਤ ਕਰ ਲੈਣਗੇ। ਕਰਨਾਟਕ ਦੇ ਤਤਕਾਲੀ ਗ੍ਰਹਿ ਮੰਤਰੀ ਰਾਮਾਲਿੰਗਾ ਨੇ ਉਸ ਪ੍ਰੋਗਰਾਮ ਵਿਚ ਸੰਨੀ ਦੇ ਦਾਖਲੇ ਉੱਤੇ ਪਾਬੰਦੀ ਲਾ ਦਿੱਤੀ ਸੀ।

ਉਸੇ ਹੀ ਸਾਲ ਦੀ ਗੱਲ ਹੈ ਕਿ ਚੇਨੱਈ ਵਿਚ ਥਾਣਾ ਨਜ਼ਰਟਪੈੱਟ ਵਿਚ ਕਿਸੇ ਸਮਾਜਕ ਕਾਰਕੁਨ ਨੇ ਸ਼ਿਕਾਇਤ ਦਰਜ ਕਰਾਈ ਕਿ ਸੰਨੀ ਅਜੇ ਵੀ 'ਪੋਰਨੋਗ੍ਰਾਫ਼ੀ' ਯਾਨੀ 'ਨੰਗੇਜ ਫ਼ਿਲਮਾਂਕਣ' ਦਾ ਪ੍ਰਚਾਰ ਕਰਦੀ ਹੈ ਤੇ ਇਸ ਤਰ੍ਹਾਂ ਕਰਨਾ ਭਾਰਤੀ ਕਾਨੂੰਨ ਦੇ ਖ਼ਿਲਾਫ਼ ਹੈ। ਜੇ ਉਸ ਨੂੰ ਇਸ ਤਰ੍ਹਾਂ ਕਰਨੋਂ ਨਾ ਰੋਕਿਆ ਗਿਆ ਤਾਂ ਇਸ ਨਾਲ਼ ਭਾਰਤੀ ਸਭਿਆਚਾਰ ਨੂੰ ਤਾਂ ਢਾਹ ਲੱਗੇਗੀ ਹੀ, ਭਾਰਤੀ ਸਮਾਜ ਦੀ ਨੈਤਿਕਤਾ ਦੀ ਚਾਦਰ ਵੀ ਲੀਰੋ-ਲੀਰ ਹੋ ਜਾਏਗੀ।

ਇਸ ਦੌਰਾਨ ਹੀ ਫ਼ਿਲਮ ਪ੍ਰੋਡਿਊਸਰ ਤੇ ਡਿਸਟਰੀਬਿਊਟਰ ਭਾਰਤ ਪਟੇਲ ਨੇ ਸੰਨੀ ਦੇ ਸਿਰ ਇਹ ਦੋਸ਼ ਲਾਇਆ ਸੀ ਕਿ ਉਹ, ਉਨ੍ਹਾਂ ਦੀ ਫ਼ਿਲਮ 'ਪਟੇਲ ਕੀ ਪੰਜਾਬੀ ਸ਼ਾਦੀ' ਵਿਚ ਇਕ ਗੀਤ 'ਤੇ ਨਾਚ ਕਰਨ ਖ਼ਾਤਰ ਲਈ ਹੋਈ ਪੇਸ਼ਗੀ ਰਕਮ ਵਾਪਸ ਨਹੀਂ ਦੇ ਰਹੀ ਕਿਉਂ ਕਿ ਉਸ ਦਾ ਉਹ ਨਾਚ-ਦ੍ਰਿਸ਼ ਫ਼ਿਲਮ ਦੀ ਸਕਰਿਪਟ ਵਿਚੋਂ ਕੱਢ ਦਿੱਤਾ ਗਿਆ ਸੀ।

ਸੰਨੀ ਦੀ, ਭਾਰਤੀ ਫ਼ਿਲਮੀ ਜ਼ਿੰਦਗੀ ਵਿਚ ਉਸ ਨੂੰ ਇੱਟਾਂ-ਰੋੜੇ ਹੀ ਪਏ ਹੋਣ, ਇਸ ਤਰ੍ਹਾਂ ਦੀ ਗੱਲ ਵੀ ਨਹੀਂ ਹੈ। ਉਸ ਵੱਲੋਂ 2005 ਵਿਚ ਨਿਭਾਈ ਗਈ ਪਹਿਲੀ ਖ਼ਾਸੋ-ਖ਼ਾਸ ਮੁੱਖ ਭੂਮਿਕਾ ਇਹ ਸੀ, ਜਦੋਂ ਉਸ ਨੇ 'ਐੱਮਟੀਵੀ ਵੀਡੀਓ ਮਿਊਜ਼ਿਕ ਐਵਾਡਰਜ਼ ਸਮਾਗਮ' ਲਈ ਐੱਮਟੀਵੀ ਇੰਡੀਆ 'ਤੇ ਇਕ 'ਰੈੱਡ ਕਾਰਪੈੱਟ ਰਿਪੋਰਟਰ' ਵਜੋਂ ਕੰਮ ਕੀਤਾ ਸੀ। ਫਿਰ ਉਸ ਨੇ ਭਾਰਤੀ ਰਿਐਲਿਟੀ ਸ਼ੋਅ 'ਸਪਲਿੱਟਵਿੱਲਾ' ਦੀ ਮੇਜ਼ਬਾਨੀ ਵੀ ਕੀਤੀ ਸੀ।

ਦਾਨਿਸ਼ ਨੇ ਇਹ ਸਾਰੀਆਂ ਖ਼ਬਰਾਂ, ਆਪਣੀ ਸਕਰਿਪਟ ਵਿਚ ਘਟਨਾਵਾਂ ਦੇ ਰੂਪ ਵਿਚ ਪੇਸ਼ ਕਰਨ ਦਾ ਇਰਾਦਾ ਕਰ ਲਿਆ। ਫਿਰ 2013 ਵਿਚ ਸੰਨੀ ਹੌਂਡਾ ਨੇ 'ਅਡੱਲਟ ਫ਼ਿਲਮ ਇੰਡਸਟਰੀ' ਤੋਂ ਰਿਟਾਇਰ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਇਸ ਸਬੰਧ ਵਿਚ ਇਸ ਤਰ੍ਹਾਂ ਕਿਹਾ, "ਮੇਰੀ ਕਿਸਮਤ ਬਹੁਤ ਚੰਗੀ ਏ ਕਿ ਭਾਰਤ ਵਿਚ ਮੇਨਸਟਰੀਮ ਸਿਨੇਮਾ ਦੇ ਦਰਸ਼ਕਾਂ ਨੇ ਮੈਨੂੰ ਬਹੁਤ ਹੀ ਪਿਆਰ ਅਤੇ ਮਾਨਤਾ ਦਿੱਤੀ ਹੈ। ਹਕੀਕਤ ਇਹ ਹੈ ਕਿ ਮੈਂ ਭਾਰਤੀ ਫ਼ਿਲਮ ਇੰਡਸਟਰੀ ਵਿਚ ਆਉਣ ਲਈ ਬਹੁਤ ਲੰਬਾ ਤੇ ਔਖਾ ਪੈਂਡਾ ਤੈਅ ਕੀਤਾ ਏ। ਇਸ ਲਈ ਮੇਰੀ, ਪਿੱਛੇ ਮੁੜਨ ਦੀ ਕੋਈ ਯੋਜਨਾ ਨਹੀਂ ਹੈ।" ਉਸ ਦਾ ਇਹ ਐਲਾਨ ਸੁਣ ਕੇ ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕੀਤੀਆਂ। ਕਈਆਂ ਨੇ ਕਿਹਾ, "ਚੋਰ, ਚੋਰੀ ਤੋਂ ਜਾਏ, ਹੇਰਾਫੇਰੀ ਤੋਂ ਨਾ ਜਾਏ।" ਕੁੱਝ ਲੋਕਾਂ ਦਾ ਇਹ ਖ਼ਿਆਲ ਸੀ, "ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼।" ਕਈਆਂ ਨੇ "ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ, ਭਾਵੇਂ ਕੱਟੀਏ ਪੋਰੀਆਂ-ਪੋਰੀਆਂ ਜੀ," ਵੀ ਕਿਹਾ।

ਖ਼ੈਰ, 2016 ਵਿਚ ਸੰਨੀ 'ਬੀਬੀਸੀ ਦੀਆਂ 100 ਔਰਤਾਂ' ਵਿਚ ਚੁਣੀ ਗਈ। 'ਦ ਟੈੱਕ ਮੈਗਜ਼ੀਨ' ਨੇ ਅਕਤੂਬਰ 2016 ਦੇ, ਆਪਣੇ ਅੰਕ ਦੇ ਸਰਵਰਕ ਉੱਤੇ ਸੰਨੀ ਦੀ ਤਸਵੀਰ ਛਾਪੀ। ਉਸ ਨੇ ਫੌਕਸ ਰਿਐਲਿਟੀ ਸ਼ੋਅ 'ਮਾਈ ਬੇਅਰ ਲੇਡੀ 2: ਓਪਨ ਫਾਰ ਬਿਜ਼ਨੈੱਸ' ਵਿਚ ਵੀ ਸ਼ਿਰਕਤ ਕੀਤੀ ਸੀ। 2007 ਵਿਚ 'ਡੇਬੀ ਡੱਜ਼ ਡੈਲਸ' ਦੀ ਸ਼ੂਟਿੰਗ ਵਿਚ ਭਾਗ ਲੈਣ ਮਗਰੋਂ ਸੰਨੀ ਨੇ 'ਸ਼ੋਅਟਾਈਮ' ਵੱਲੋਂ ਇਸੇ ਹੀ ਸਿਰਲੇਖ ਹੇਠ ਬਣਾਈ ਗਈ ਇਕ ਦਸਤਾਵੇਜ਼ੀ ਫ਼ਿਲਮ ਵਿਚ ਵੀ ਆਪਣਾ ਯੋਗਦਾਨ ਪਾਇਆ। ਇਸ ਦਸਤਵੇਜ਼ੀ ਫ਼ਿਲਮ ਵਿਚ ਹੀ, ਉਸ ਨੇ ਇਹ ਵੀ ਕਿਹਾ ਸੀ ਕਿ ਜੇ ਉਸ ਦੇ ਕੰਮ ਦੀ ਕਦਰ ਕੀਤੀ ਜਾਵੇ ਤੇ ਉਸ ਨੂੰ ਬਣਦਾ ਮਿਹਨਤਾਨਾ ਦਿੱਤਾ ਜਾਵੇ ਤਾਂ ਉਹ, ਸੰਜੀਦਗੀ ਨਾਲ਼ 'ਬਾਲੀਵੁਡ' ਦਾ ਹਿੱਸਾ ਬਣੇ ਰਹਿਣ ਲਈ ਤਿਆਰ ਹੈ।

ਕਹਿੰਦੇ ਹਨ ਕਿ ਫ਼ਿਲਮ ਨਿਰਦੇਸ਼ਕ ਮੋਹਿਤ ਸੂਰੀ ਨੇ ਆਪਣੀ ਫ਼ਿਲਮ 'ਕਲਿਯੁਗ' ਵਿਚ ਸੰਨੀ ਨੂੰ ਮੁੱਖ ਭੂਮਿਕਾ ਨਿਭਾਉਣ ਲਈ ਕਿਹਾ ਸੀ, ਪਰ ਜਦੋਂ ਉਹ, ਇਸ ਕੰਮ ਲਈ ਸੰਨੀ ਵੱਲੋਂ ਮੰਗੇ ਗਏ, ਦਸ ਲੱਖ ਡਾਲਰ ਦੇਣੇ ਨਾ ਮੰਨਿਆ ਤਾਂ ਉਸ (ਸੂਰੀ) ਨੇ, ਉਹੀ ਕਿਰਦਾਰ ਨਿਭਾਉਣ ਲਈ ਦੀਪਲ ਸ਼ਾਅ ਨੂੰ ਲੈ ਲਿਆ ਸੀ। ਸੰਨੀ ਹੌਂਡਾ ਦਾ ਕਹਿਣਾ ਹੈ ਕਿ ਆਮਿਰ ਖ਼ਾਨ, ਉਸ ਦਾ ਮਨ-ਭਾਉਂਦਾ ਐਕਟਰ ਹੈ ਤੇ ਉਸ (ਸੰਨੀ) ਦੇ 60 ਫੀਸਦੀ ਤੋਂ ਵੱਧ ਪ੍ਰਸ਼ੰਸਕ, ਦੱਖਣੀ ਏਸ਼ੀਆਈ ਲੋਕ ਹਨ।

ਸਾਲ 2008 ਵਿਚ ਸੰਨੀ ਨੇ ਐਲਾਨ ਕੀਤਾ ਸੀ ਕਿ ਉਹ 'ਪਾਇਰੇਟਸ ਬਲੱਡ' ਨਾਂ ਦੀ ਇਕ 'ਐਕਸ਼ਨ ਅਡਵੈਂਚਰ ਫ਼ਿਲਮ' ਵਿਚ ਮੁੱਖ ਕਿਰਦਾਰ ਨਿਭਾਏਗੀ। ਇਹ ਫ਼ਿਲਮ 'ਓਮਾਨ' ਵਿਚ ਫ਼ਿਲਮਾਈ ਗਈ ਸੀ। ਇਸ ਦੀ ਸ਼ੂਟਿੰਗ ਦੋ ਹਫ਼ਤਿਆਂ ਵਿਚ ਕਰ ਲਈ ਗਈ ਸੀ, ਪਰ ਇਹ ਫ਼ਿਲਮ ਰਿਲੀਜ਼ ਹੀ ਨਹੀਂ ਕੀਤੀ ਗਈ। ਉਸ ਨੂੰ ਕਰਿਸ ਮਲਿਕ ਵੱਲੋਂ 'ਔਨਲਾਈਨ ਪੋਰਨ ਇੰਡਸਟਰੀ' ਦੇ ਰੁਝਾਨ ਦੀ ਪੈਦਾਇਸ਼ ਦੇ ਸਬੰਧ ਵਿਚ ਬਣਾਈ ਜਾਣ ਵਾਲ਼ੀ ਫੀਚਰ ਫ਼ਿਲਮ 'ਮਿਡਲ ਮੈਨ' ਵਿਚ ਮੁੱਖ ਕਿਰਦਾਰ ਨਿਭਾਉਣ ਲਈ ਸਾਈਨ ਕੀਤਾ ਗਿਆ ਸੀ। ਇਸ ਫ਼ਿਲਮ ਨੂੰ ਵੀ ਭਾਰਤੀ ਸਿਨੇਮਾ ਘਰਾਂ ਦੇ ਪਰਦੇ ਨਸੀਬ ਨਾ ਹੋਏ।




***ਕਹਿੰਦੇ ਹਨ ਕਿ ਬਦਨਾਮੀ ਤੇ ਮਸ਼ਹੂਰੀ ਦੀਆਂ ਪਿੱਠਾਂ ਇਕ-ਦੂਜੀ ਨਾ਼ਲ ਲੱਗਦੀਆਂ ਹਨ, ਪਰ ਉਹ ਆਪਸ ਵਿਚ ਇਕ-ਦੂਜੀ ਵੱਲ ਮੂੰਹ ਨਹੀਂ ਕਰਦੀਆਂ। ਜੇ ਉਹ ਦੋਵੇਂ ਜਣੀਆਂ, ਇਕ-ਦੂਜੀ ਨੂੰ ਬੁਰਾ-ਭਲਾ ਵੀ ਕਹਿੰਦੀਆਂ ਹਨ ਤਾਂ ਵੀ ਆਹਮੋ-ਸਾਹਮਣੇ ਨਹੀਂ ਹੁੰਦੀਆਂ। ਸੰਨੀ ਹੌਂਡਾ ਦੇ ਮਾਮਲੇ ਵਿਚ ਇਹ ਦੋਵੇਂ ਜਣੀਆਂ, ਉਸ ਦੇ ਮੋਢਿਆਂ ਉੱਤੇ ਸਵਾਰ ਹੋਈਆਂ ਹੀ ਨਹੀਂ ਰਹਿੰਦੀਆਂ, ਉਨ੍ਹਾਂ ਦੋਹਾਂ ਦੇ ਮੂੰਹ ਵੀ ਆਹਮੋ-ਸਾਹਮਣੇ ਰਹਿੰਦੇ ਹਨ।***

ਸੰਨ 2010 ਵਿਚ ਸੰਨੀ ਨੂੰ, ਆਪਣਾ ਹੀ ਕਿਰਦਾਰ ਨਿਭਾਉਣ ਖ਼ਾਤਰ, ਫ਼ਿਲਮ 'ਦ ਵਰਜੈਨਿਟੀ ਹਿੱਟ' ਲਈ ਸਾਈਨ ਕੀਤਾ ਗਿਆ ਸੀ। ਇਸ ਫ਼ਿਲਮ ਵਿਚ ਉਸ ਨੇ ਇਕ ਇਹੋ-ਜਿਹੀ ਔਰਤ ਦਾ ਕਿਰਦਾਰ ਨਿਭਾਉਣਾ ਸੀ, ਜਿਸ ਨੂੰ ਇਸ ਫ਼ਿਲਮ ਦੇ ਮੁੱਖ ਮਰਦ ਕਿਰਦਾਰ ਦਾ ਕੁਆਰਾਪਨ ਭੰਗ ਕਰਨ ਦੀ 'ਸੁਪਾਰੀ' ਦਿੱਤੀ ਹੋਈ ਹੁੰਦੀ ਹੈ। ਇਸ ਫ਼ਿਲਮ ਨੂੰ ਵੀ ਸਿਨੇਮਾ ਘਰਾਂ ਦਾ 'ਹਨੇਰਾ' ਨਸੀਬ ਨਾ ਹੋਇਆ।

ਇਸ ਤੋਂ ਕਾਫ਼ੀ ਅਰਸਾ ਪਹਿਲਾਂ, ਸੰਨ 2005 ਵਿਚ 'ਫੌਰਬੈੱਸ' ਰਸਾਲੇ ਵਿਚ 'ਵਿਵਿਡ ਐਂਟਰਟੇਨਮੈਂਟ' ਬਾਰੇ ਛਪੇ ਹੋਏ ਇਕ ਲੇਖ ਵਿਚ ਸੰਨੀ ਦਾ ਜ਼ਿਕਰ ਵੀ ਕੀਤਾ ਗਿਆ ਸੀ। ਉਂਝ ਉਸ ਨੂੰ 'ਐੱਫਐੱਚਐੱਮ', 'ਫਰੰਟ' ਅਤੇ 'ਜੇਨ' ਆਦਿ ਮੈਗਜ਼ੀਨਜ਼ ਨੇ ਵੀ ਆਪਣੇ ਪੰਨਿਆਂ ਉੱਤੇ ਥਾਂ ਦਿੱਤੀ ਹੋਈ ਹੈ। ਸਾਲ 2007 ਦੌਰਾਨ 'ਵਿਵਿਡ' ਵਿਚ ਕੰਮ ਕਰਦੀਆਂ ਬਹੁਤ ਸਾਰੀਆਂ ਕੁੜੀਆਂ ਦਾ, 48 ਫੁੱਟ ਉੱਚਾ ਇਕ ਬਿੱਲਬੋਰਡ ਨਿਊ ਯਾਰਕ ਦੇ 'ਟਾਈਮਜ਼ ਸੁਕੇਅਰ' ਵਿਚ ਲਾਇਆ ਗਿਆ ਸੀ ਤੇ ਉਨ੍ਹਾਂ ਕੁੜੀਆਂ ਵਿਚ ਸੰਨੀ ਵੀ ਸ਼ਾਮਲ ਸੀ। ਉਸੇ ਹੀ ਸਾਲ ਆਈ, 'ਪਾਕਿਟ ਪਾਲ' ਨਾਂ ਦੀ ਇਕ ਵੀਡੀਓ ਗੇਮ ਵਿਚ ਵੀ ਸੰਨੀ ਦਿਸਦੀ ਸੀ। ਇਸ ਤੋਂ ਇਲਾਵਾ ਮਾਈਕਲ ਗਰੀਕੋ ਦੀ ਲਿਖੀ ਹੋਈ ਇਕ, ਕੌਫੀ ਟੇਬਲ ਬੁੱਕ 'ਨੇਕਡ ਅੰਬੀਸ਼ਨ: ਐਨ ਆਰ ਰੇਟਿਡ ਲੁੱਕ ਐਟ ਐਨ ਐਕਸ ਰੇਟਿਡ ਇੰਡਸਟਰੀ' ਵਿਚ ਵੀ ਸੰਨੀ ਦੀ ਚਰਚਾ ਕੀਤੀ ਹੋਈ ਹੈ।

26 ਨਵੰਬਰ 2020 ਨੂੰ 'ਫ਼ਿਲਮਫੇਅਰ' ਵਿਚ ਛਪੇ ਹੋਏ ਇਕ ਲੇਖ ਵਿਚ, ਸੰਨੀ ਵੱਲੋਂ ਆਪਣਾ 'ਲੌਕਡਾਊਨ' ਦਾ ਸਮਾਂ, ਆਪਣੇ ਪਤੀ ਅਤੇ ਬੱਚਿਆਂ ਨਾਲ਼ ਲਾਸ ਏਂਜਲਸ ਵਿਚ ਬਿਤਾ ਕੇ ਮੁੰਬਈ ਮੁੜ ਆਉਣ ਦੀ ਚਰਚਾ ਕੀਤੀ ਹੋਈ ਹੈ। ਇਸ ਲੇਖ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਲਾਸ ਏਂਜਲਸ ਵਿਚ ਸੰਨੀ ਦਾ ਇਕ ਬਹੁਤ ਵੱਡਾ ਬੰਗਲਾ ਹੈ। ਸੰਨੀ ਦੀਆਂ ਸਿਫ਼ਤਾਂ ਵਿਚ ਇਹ ਵੀ ਸ਼ਾਮਲ ਹੈ ਕਿ 2001 ਵਿਚ 'ਹਸਲਰ' ਮੈਗ਼ਜ਼ੀਨ ਦੇ 'ਹਾਲੀਡੇ ਅੰਕ' ਵਿਚ ਉਸ ਨੂੰ 'ਹਸਲਰ ਹਨੀ' ਦਾ ਖ਼ਿਤਾਬ ਦਿੱਤਾ ਗਿਆ ਸੀ। ਇਸ ਤੋਂ ਇਲਾਵਾ 'ਚੇਰੀ', 'ਮਿਸਟੀਕ ਮੈਗ਼ਜ਼ੀਨ', 'ਹਾਈ ਸੋਸਾਇਟੀ', 'ਸਵੈਂਕ', 'ਏਵੀਐੱਨ ਆਨਲਾਈਨ', 'ਲੈੱਗ ਵਰਲਡ', 'ਕਲੱਬ ਇੰਟਰਨੈਸ਼ਨਲ' ਅਤੇ 'ਲੋਰਾਈਡਰ' ਵਰਗੇ ਰਸਾਲਿਆਂ ਨੇ ਉਸ ਦਾ ਗੁਣਗਾਨ ਕੀਤਾ ਹੋਇਆ ਹੈ। ਉਸ ਦਾ ਗੁਣਗਾਨ, ਆਨਲਾਈਨ ਕਰਨ ਵਾਲ਼ਿਆਂ ਵਿਚ 'ਮੌਡਐੱਫਐਕਸ ਮੌਡਲਜ਼', 'ਸੂਜ਼ੇ ਰੈਂਡਲ', 'ਕੈੱਨ ਮਰਕੁਸ' ਅਤੇ 'ਮੈਕ ਐਂਡ ਬੰਬਲ' ਸ਼ਾਮਲ ਹਨ।

'ਜੈਨੇਸਿਸ' ਮੈਗ਼ਜ਼ੀਨ ਦੀ, 'ਚੋਟੀ ਦੀਆਂ 100 ਪੋਰਨ ਸਟਾਰਜ਼' ਦੀ ਸੂਚੀ ਵਿਚ, ਸੰਨੀ 13ਵੇਂ ਸਥਾਨ 'ਤੇ ਰਹਿ ਚੁੱਕੀ ਹੈ, ਜਦੋਂ ਕਿ ਇਸ ਤੋਂ ਪਹਿਲਾਂ, 2007 ਵਿਚ ਉਹ 41ਵੇਂ ਸਥਾਨ 'ਤੇ ਰਹੀ ਸੀ। 2004 ਵਿਚ 'ਦੇਸੀ ਕਲੱਬਜ਼ ਡਾਟ ਕਾਮ' ਦੀ 'ਫਿਫਟੀ ਕੂਲੈੱਸਟ ਦੇਸੀਜ਼' ਦੀ ਸੂਚੀ ਵਿਚ ਸੰਨੀ ਦਾ ਸਥਾਨ 34ਵਾਂ ਸੀ ਅਤੇ 'ਏਵੀਐੱਨ ਆਨਲਾਈਨ ਮੈਗ਼ਜ਼ੀਨ' ਦੀ 'ਫੌਰਟੀ ਅੰਡਰ ਫੌਰਟੀ' ਦੀ ਸੂਚੀ ਵਿਚ ਵੀ ਸੰਨੀ ਦਾ ਨਾਂ ਸ਼ਾਮਲ ਸੀ। 'ਮੈਕਸਿਮ' ਨੇ ਉਸ ਨੂੰ 'ਬਾਰਾਂ ਉੱਘੀਆਂ ਪੋਰਨ ਸਟਾਰਜ਼' ਦੀ ਸੂਚੀ ਵਿਚ ਰੱਖਿਆ ਸੀ। 'ਆਸਕਮੈੱਨ ਡਾਟ ਕਾਮ' ਦੀ 'ਸਾਲ 2012 ਦੀਆਂ 99 ਉੱਘੀਆਂ ਤੀਵੀਆਂ' ਦੀ ਸੂਚੀ ਵਿਚ ਸੰਨੀ ਨੂੰ 82ਵਾਂ ਸਥਾਨ ਦਿੱਤਾ ਗਿਆ ਸੀ। 2016 ਵਿਚ ਸੰਨੀ 'ਬੀਬੀਸੀ ਦੀਆਂ 100 ਔਰਤਾਂ' ਵਿਚ ਆਪਣੀ ਥਾਂ ਬਣਾ ਗਈ ਸੀ। 'ਦ ਟੈੱਕ ਮੈਗ਼ਜ਼ੀਨ' ਨੇ ਉਸ ਨੂੰ ਅਕਤੂਬਰ 2016 ਦੇ ਆਪਣੇ ਅੰਕ ਦੇ ਸਰਵਰਕ ਉੱਤੇ ਥਾਂ ਦਿੱਤੀ ਸੀ।

ਉਸ ਤੋਂ ਫ਼ਿਲਮ 'ਦ ਗਰਲ ਨੈਕਸਟ ਡੋਰ' ਵਿਚ ਛੋਟਾ ਜਿਹਾ, ਪਰ ਅਹਿਮ ਕਿਰਦਾਰ ਕਰਾਇਆ ਗਿਆ ਸੀ। ਉਸ ਨੇ 'ਜਾ ਰੂਲਜ਼' ਦੀ ਵੀਡੀਓ 'ਲਿਵਿਨ ਇਟ ਅੱਪ' ਵਿਚ ਵੀ ਅਦਾਕਾਰੀ ਕੀਤੀ ਸੀ। ਇਸ ਤੋਂ ਇਲਾਵਾ, ਉਸ ਨੂੰ 'ਈ!' ਦੇ 'ਵਾਇਲਡ ਡਾਰਕ' ਵਿਚ ਅਤੇ 'ਸਨਡਾਨਸ ਫ਼ਿਲਮ ਫੈਸਟੀਵਲ' ਦੇ 'ਆਫਟਰ ਡਾਰਕ' ਵਿਚ ਵੀ ਬਣਦਾ ਸਥਾਨ ਦਿੱਤਾ ਗਿਆ ਸੀ।

ਸੰਨੀ ਹੌਂਡਾ ਨੂੰ ਸ਼ੁਰੂ ਤੋਂ ਹੀ ਸਿਹਤ ਬਣਾਉਣ ਅਤੇ 'ਫਿੱਟ' ਰਹਿਣ ਵਿਚ ਬਹੁਤ ਜ਼ਿਆਦਾ ਦਿਲਚਸਪੀ ਸੀ। ਸਿਹਤ ਅਤੇ ਫਿਟਨੈੱਸ ਸਬੰਧੀ ਬਹੁਤ ਸਾਰੇ ਪਰਚਿਆਂ-ਰਸਾਲਿਆਂ ਵਿਚ 'ਉਸ ਦੀ ਸਿਹਤ' ਬਾਰੇ ਲੇਖ ਛਪਦੇ ਰਹੇ ਹਨ। ਉਸ ਨੇ ਖੇਡਾਂ ਅਤੇ ਸਿਹਤ ਦੀ ਫਿਟਨੈੱਸ ਦੇ ਸਬੰਧ ਵਿਚ ਬਹੁਤ ਸਾਰੇ ਲਿਬਾਸਾਂ ਤੇ ਵਰਦੀਆਂ ਦੀ ਇਸ਼ਤਿਹਾਰਬਾਜ਼ੀ ਲਈ ਮੌਡਲਿੰਗ ਵੀ ਕੀਤੀ ਹੋਈ ਹੈ। ਕਦੇ 'ਮੈੱਨ'ਜ਼ ਫਿਟਨੈੱਸ' ਮੈਗਜ਼ੀਨ ਨੂੰ ਦਿੱਤੇ ਇਕ ਇੰਟਰਵਿਊ ਵਿਚ ਉਸ ਨੇ ਇਸ ਤਰ੍ਹਾਂ ਕਿਹਾ ਸੀ, "ਮੈਂ ਹਮੇਸ਼ਾ ਕੋਸ਼ਿਸ਼ ਕਰਦੀ ਹਾਂ ਕਿ ਸਿਹਤ ਲਈ ਫ਼ਾਇਦੇਮੰਦ ਚੀਜ਼ਾਂ ਹੀ ਖਾਧੀਆਂ ਜਾਣ, ਜਿਵੇਂ ਹਰੀਆਂ ਸਬਜ਼ੀਆਂ ਤੇ ਫਲ। ਹਾਂ, ਮੈਂ ਹਰ ਰੋਜ਼ ਦੁੱਧ ਵੀ ਪੀਨੀਂ ਹਾਂ।"

ਜੂਨ 2006 ਵਿਚ ਅਮਰੀਕਾ ਨੇ ਸੰਨੀ ਨੂੰ ਆਪਣੀ ਸਿਟੀਜ਼ਨਸ਼ਿੱਪ ਦੇ ਦਿੱਤੀ ਸੀ, ਪਰ ਇਸ ਦੇ ਨਾ਼ਲ ਹੀ, ਉਸ ਨੇ ਕੈਨੇਡਾ ਦੀ ਸਿਟੀਜ਼ਨ ਵੀ ਬਣੀ ਰਹਿਣ ਨੂੰ ਤਰਜੀਹ ਦਿੱਤੀ ਸੀ। ਉਸ ਦਾ ਜਨਮ ਕੈਨੇਡਾ ਵਿਚ ਹੋਣ ਦੀ ਵਜ੍ਹਾ ਨਾ਼ਲ ਇਸ ਸਿਟੀਜ਼ਨਸ਼ਿੱਪ ਉੱਤੇ ਤਾਂ ਉਸ ਦਾ ਕੁਦਰਤੀ ਹੱਕ ਵੀ ਸੀ। ਅਮਰੀਕਾ ਤੋਂ ਭਾਰਤ ਆਉਣ ਲੱਗਿਆਂ, ਉਸ ਨੇ ਭਾਰਤ ਵਿਚ ਰਹਿ ਕੇ ਕੰਮ ਕਰਨ ਵਿਚ ਕੋਈ ਅੜਚਨ ਨਾ ਪੈਣ ਦੇਣ ਖ਼ਾਤਰ 'ਓ. ਆਈ. ਸੀ.' ਵੀ ਲੈ ਲਈ ਹੋਈ ਸੀ।

ਦਾਨਿਸ਼ ਨੇ ਇਸ ਪੜਾਅ 'ਤੇ, ਆਪਣੇ ਲੈਪਟਾਪ ਨੂੰ 'ਸ਼ੱਟ ਡਾਊਨ' ਕਰਨ ਦੀ ਥਾਂ ਉਸ ਦਾ ਕਵਰ ਹੇਠਾਂ ਕਰਨਾ ਹੀ ਠੀਕ ਸਮਝਿਆ, ਕਿਉਂ ਕਿ ਹੁਣ ਉਸ ਨੂੰ ਆਪਣੀ ਸਕਰਿਪਟ ਸਮੇਟਣ ਯਾਨੀ 'ਵਾਈਂਡ ਅੱਪ' ਕਰਨ ਬਾਰੇ ਸੋਚਣਾ ਪੈਣਾ ਸੀ।

***⇒ ਬਾਕੀ ਅਗਲੇ ਅੰਕ ਵਿੱਚ***

# ਮਿਲਵਾਕੀ (ਵਿਸਕਾਨਸਿਨ)




"Teeyan Da Mela" in Milwaukee (WI)



'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ

## 27 ਜੁਲਾਈ 2025 (ਐਤਵਾਰ)

ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ

*Food *Giddha *Singing *Prizes *Bhangra
*Open Dance Floor

**Organizers Contact:**

Happy Chahal: 414-712-6568 – Harjinder Soos: 414-530-5699
Pinku Sandhawalia: 414-708-2035 – Gurdeep Chahal: 414-861-7395
Jas Kaur, Harpreet Toor, Mini Toor, Baljit Gill, Reena Aulakh,
Harjeet Boparai, Raman Hansi

## Venue: Crowne Plaza Milwaukee

6401 S. 13th Street, Milwaukee, WI 53221

Tickets: Adults $30, Children 5+ $10; Children Under 5 Free

Email: MilwaukeeTeeyan@gmail.com
to register your performance.
On the spot performance will not be accepted this year.
Limit 1 performance per group.

Chief Guest: Mrs. Debra Dhaliwal (wife of Mr. Darshan Singh Dhaliwal)

Vendor Partners & Sponsors: Café India (Milwaukee) - DJ Desi Vibes
Asian Diva Salon (Milwaukee) - Water Stone Bank - Regal Jewels
Dream Decor By Kiran - Punjabi Community Organization (PCO) Milwaukee

---

# SAKHI ATTIRE



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀੜੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

Rupi Sidhu Ph: 630-415-7389

sakhi.attire rupisidhu30@gmail.com